
ਮਹੱਤਵਪੂਰਨ

ਸਿੱਖ ਮੁੱਦੇ



ਰਾਜਿੰਦਰ ਸਿੰਘ

ਸ਼੍ਰੋਮਣੀ ਖਾਲਸਾ ਪੰਚਾਇਤ

ਗੁਰੂ ਗ੍ਰੰਥਸਾਹਿਬ ਦੀ ਪਾਵਨ ਬਾਣੀ ਫੁਰਮਾਉਂਦੀ ਹੈ:

"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥" (ਪੰਨਾ 727)

ਇਹ ਸਵੈ ਪੜਚੋਲ ਹੈ ਵੀ ਬਹੁਤ ਜ਼ਰੂਰੀ। ਜੇ ਸਵੈ ਪੜਚੋਲ ਨਾ ਕਰੀਏ ਤਾਂ ਕਈ ਵਾਰੀ ਪਤਾ ਹੀ ਨਹੀਂ ਲਗਦਾ, ਅਣਭੋਲ ਹੀ ਜੀਵਨ ਆਪਣੇ ਮਕਸਦ ਤੋਂ ਭਟਕ ਕੇ ਕਿਧਰੇ ਹੋਰ ਦਾ ਹੋਰ, ਗਲਤ ਰਾਹੇ ਪੈ ਜਾਂਦਾ ਹੈ। ਇਹੀ ਹਾਲ ਕੌਮਾਂ ਦਾ ਹੈ, ਸਵੈ ਪੜਚੋਲ ਦੋਹਾਂ ਲਈ ਜ਼ਰੂਰੀ ਹੈ। ਜੇ ਕੌਮੀ ਤੌਰ ਤੇ ਵੀ ਨਾਲੋ ਨਾਲ ਸਵੈ ਪੜਚੋਲ ਨਾ ਕੀਤੀ ਜਾਵੇ ਤਾਂ ਇਥੇ ਵੀ ਪਤਾ ਨਹੀਂ ਲਗਦਾ, ਕਦੋਂ ਭਾਵਨਾਵਾਂ ਦੇ ਵੇਗ ਵਿਚ ਕੁਝ ਕਾਰਜ ਗੁਰਮਤਿ ਸਿਧਾਂਤਾਂ ਤੋਂ ਉਲਟ ਹੋਣੇ ਸ਼ੁਰੂ ਹੋ ਜਾਂਦੇ ਹਨ। ਕੌਮੀ ਸੰਸਥਾਵਾਂ ਜਿਨ੍ਹਾਂ ਗੁਰਮਤਿ ਸਿਧਾਤਾਂ ਨੂੰ ਪ੍ਰਚਾਰਨਾ, ਪ੍ਰਸਾਰਨਾ ਹੁੰਦਾ ਹੈ, ਉਨ੍ਹਾਂ ਤੇ ਪਹਿਰਾ ਦੇਣਾ ਹੁੰਦਾ ਹੈ, ਉਹੀ ਕੁਰਾਹੇ ਪੈ ਜਾਂਦੀਆਂ ਹਨ। ਇਨ੍ਹਾਂ ਹਾਲਾਤਾਂ ਵਿਚੋਂ ਹੀ ਨਵੇਂ ਕੌਮੀ ਮੁੱਦੇ ਅਤੇ ਮਸਲੇ ਨਿਕਲਦੇ ਹਨ, ਜਿਨ੍ਹਾਂ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖਣਾ ਬਹੁਤ ਜ਼ਰੂਰੀ ਹੁੰਦਾ ਹੈ, ਤਾਂਕਿ ਉਨ੍ਹਾਂ ਨੂੰ ਵਾਪਸ ਗੁਰਮਤਿ ਅਨੁਸਾਰੀ ਬਣਾਇਆ ਜਾ ਸਕੇ, ਤਾਂਕਿ ਕੌਮ ਦਾ ਨਿਰਮਲ ਸਰੂਪ ਕਾਇਮ ਰਹਿ ਸਕੇ।

ਹਥਲੀ ਕਿਤਾਬ ਦਾ ਮਕਸਦ ਐਸੇ ਹੀ ਅਤਿ ਮਹੱਤਵਪੂਰਨ ਕੌਮੀ ਮੁਦਿਆਂ ਦੀ ਕੌਮੀ ਸਵੈ ਪੜਚੋਲ ਕਰਕੇ, ਕੌਮੀ ਸੰਸਥਾਵਾਂ ਵਿੱਚ ਆਏ ਨਿਘਾਰ ਦਾ ਮੁਲਾਂਕਣ ਕਰਨਾ ਅਤੇ ਉਨ੍ਹਾਂ ਨੂੰ ਵਾਪਿਸ ਗੁਰਮਤਿ ਅਨੁਸਾਰੀ ਕੌਮੀ ਉਸਾਰੀ ਦੇ ਰਾਹ ਪੈਣ ਵਾਸਤੇ ਪ੍ਰੇਰਨਾ ਹੈ।

ੴ ਸਤਿਗੁਰਪ੍ਰਸਾਦਿ ॥

ਆਮ ਤੌਰ ਤੇ ਇਸ ਪੰਨੇ ਤੇ ਕਿਤਾਬ ਦੇ ਲਿਖਾਰੀ ਦੀ ਅਕਾਦਮਿਕ ਕਾਬਲੀਅਤ ਆਦਿ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਮੇਰੇ ਕੋਲ ਨਾ ਤਾਂ ਕੋਈ ਵੱਡੀ ਅਕਾਦਮਿਕ ਕਾਬਲੀਅਤ ਹੈ, ਜਿਸ ਤੇ ਮਾਣ ਕਰ ਸਕਾਂ ਅਤੇ ਨਾ ਹੀ ਵੱਡੀਆਂ ਵੱਡੀਆਂ ਡਿਗਰੀਆਂ, ਜਿਨ੍ਹਾਂ ਦਾ ਇਥੇ ਪ੍ਰਗਟਾਵਾ ਕਰ ਸਕਾਂ। ਇਕ ਆਮ ਕਾਲਜ ਵਿਦਿਆਰਥੀ ਤੱਕ ਹੀ ਰਿਹਾ ਹਾਂ, ਐਸੀ ਕੋਈ ਪ੍ਰਾਪਤੀ ਨਹੀਂ ਜੋ ਵਿਸ਼ੇਸ਼ ਵਰਨਣ ਯੋਗ ਹੋਵੇ। ਮੇਰੇ ਵਾਸਤੇ ਤਾਂ ਗੁਰਬਾਣੀ ਦੀਆਂ ਇਹ ਪੰਕਤੀਆਂ ਹੀ ਯੋਗ ਢੁਕਦੀਆਂ ਹਨ:

"ਨਾ ਮੈ ਰੂਪੁ ਨ ਬੰਕੇ ਨੈਣਾ ॥ ਨਾ ਕੁਲ ਢੰਗੁ ਨ ਮੀਠੇ ਬੈਣਾ ॥"(ਪੰਨਾ 750)

ਮੈਂ ਤਾਂ ਕੇਵਲ ਗੁਰਮਤਿ ਦਾ ਇਕ ਵਿਦਿਆਰਥੀ ਹਾਂ। ਇਸ ਕਿਤਾਬ ਵਿੱਚ ਜੋ ਕੁਝ ਲਿਖਿਆ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਅਨਮੋਲ ਗਿਆਨ ਰੂਪੀ ਰਤਨ ਜਵਾਹਰਾਤ ਨਾਲ ਭਰਪੂਰ ਖਜ਼ਾਨੇ ਚੋਂ ਜੋ ਦਾਸ ਦੀ ਝੋਲੀ ਵਿੱਚ ਪਿਆ, ਉਸੇ ਨੂੰ ਸਤਿਗੁਰੂ ਨੇ ਆਪ ਬਖਸ਼ਿਸ਼ ਕਰਕੇ ਕਲਮਬੰਦ ਕਰਾਇਆ ਹੈ। ਸਤਿਗੁਰੂ ਦੇ ਆਦੇਸ਼, 'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥'(ਪੰਨਾ 289) ਅਨੁਸਾਰ, ਉਸ ਨੂੰ ਪੰਥ ਨਾਲ ਸਾਂਝਾ ਕਰਨ ਦਾ ਉਪਰਾਲਾ ਕਰ ਰਿਹਾ ਹਾਂ।

ਰਾਜਿੰਦਰ ਸਿੰਘ

Mahatavpuran Sikh Muddey
by
Rajinder Singh
(Convenor, Shromani Khalsa Panchayat).

Ist time: March,2011- 1000 copies

Published by:
Khalsa Virasat Publishers,
193/1, Sector 45A,
Chandigarh-160047.

Distributors:
Singh Brothers
Bazar Mai Sewan,
Amritsar-143006.
Phone:0183-2545787,2543965
Email: singhbros@vsnl.com

Lahore Book Shop
2, Lajpat Rai Market,
Ludhiana.
Phone 0161-2740738
email: info@lahorepublishers.com

Printed at:
Sidharth Media Printers,
24-9, Industrial Area, Phase II,
Chandigarh. Ph.09417072466
e-mail : sidharthmediaprinters@gmail.com
Price : ₹110/-

3

ਤੱਤਕਰਾ

ਇਸੇ ਕਲਮ ਤੋਂ

ਗੁਰਮਤਿ ਨਾਮ ਸਿਮਰਨ,
ਸਿੱਖੀ ਦੀ ਸਿੱਖਿਆ,
ਕੌਮੀ ਭਵਿੱਖ ਅਤੇ ਸਿੱਖ ਨੌਜੁਆਨੀ

ਵੀਡੀਓ ਸੀ . ਡੀਆਂ..

ਤੁਧ ਆਗੇ ਅਰਦਾਸ ਹਮਾਰੀ
ਗੁਰੂ ਦਾ ਸੰਕਲਪ ਅਤੇ ਗੁਰੂ ਸਿੱਖ ਸੰਬਧ,
ਗੁਰਮਤਿ ਰਹਿਣੀ
ਨਾਮ ਰਸ ਪੀਵੈ
ਪੰਥ ਦੀਆਂ ਨੀਹਾਂ {ਦੋ ਸੀ ਡੀਆਂ ਦਾ ਸੈਟ}
(ਚੋਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਇਤਿਹਾਸ ਦੀ ਦਸਤਾਵੇਜ਼ੀ ਫਿਲਮ)

ਨੋਟ : ਇਸ ਕਿਤਾਬ ਵਿੱਚ ਗੁਰਬਾਣੀ ਦੀਆਂ ਪੰਕਤੀਆਂ (“ ”) ਪੁੱਠੇ (Inverted) ਕਾਮਿਆਂ ਵਿੱਚ, ਗੁਰਬਾਣੀ ਦੇ ਅਰਥ ਟੇਡੇ (Itallic) ਅਖਰਾ ਵਿੱਚ ਅਤੇ ਲੇਖਕ ਦੇ ਵਿਚਾਰ ਆਮ (Normal) ਅਖਰਾਂ ਵਿੱਚ ਹਨ

ਨੋਟ : ਆਖਰੀ ਲੇਖ (ਬਚਿਤ੍ਰ ਨਾਟਕ ਗੁਰਮਤਿ ਦੀ ਕਸਵੱਟੀ ਤੇ) ਵਿੱਚ ਗੁਰਬਾਣੀ ਦੇ ਅਰਥ ਪ੍ਰੋ. ਸਾਹਿਬ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਦਰਪਣ ਵਿਚੋਂ ਅਤੇ ਬਚਿਤ੍ਰ ਨਾਟਕ ਦੀਆਂ ਪਕੰਤੀਆਂ ਦੇ ਡਾ. ਰਤਨ ਸਿੰਘ ਜੱਗੀ ਜੀ ਦੇ ਕੀਤੇ ਹੋਏ ਹਨ।

ੴ ਸਤਿਗੁਰਪ੍ਰਸਾਦਿ ॥

ਜਾਗਤ ਰਹੋ ਰੇ ਭਾਈ

ਪੰਥ ਪ੍ਰਵਾਨਤ ਮਿਆਰੀ ਅਰਦਾਸ ਵਿੱਚ ਸਿੱਖ ਰੋਜ਼ ਮੰਗ ਕਰਦਾ ਹੈ, "ਚੌਂਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ"।

ਇਹ ਸਭ ਪੰਥ ਦੀਆਂ ਸੰਸਥਾਵਾਂ ਹਨ। ਕਿਸੇ ਕੌਮ ਦੇ ਚੜ੍ਹਦੀ ਕਲਾ ਵਿੱਚ ਜਾਣ ਅਤੇ ਰਹਿਣ ਵਾਸਤੇ, ਕੌਮ ਦੀਆਂ ਸੰਸਥਾਵਾਂ ਦਾ ਇਸ ਦੇ ਮੌਲਿਕ ਰੂਪ ਵਿੱਚ ਕਾਇਮ ਅਤੇ ਕਾਰਜਸ਼ੀਲ ਰਹਿਣਾ, ਹੈ ਵੀ ਬਹੁਤ ਜ਼ਰੂਰੀ। ਕਿਉਂਕਿ ਇਸ ਨਾਲ ਹੀ ਅਗਲੀ ਅਵਸਥਾ ਪ੍ਰਾਪਤ ਹੁੰਦੀ ਹੈ, 'ਧਰਮ ਕਾ ਜੈਕਾਰ'।

ਜਦੋਂ ਵੀ ਕੋਈ ਦੁਸ਼ਮਨ ਤਾਕਤ, ਕਿਸੇ ਕੌਮ ਨੂੰ ਬਰਬਾਦ ਕਰਨਾ ਜਾਂ ਗੁਲਾਮ ਬਨਾਉਣਾ ਚਾਹੁੰਦੀ ਹੈ, ਉਹ ਸਭ ਤੋਂ ਪਹਿਲਾਂ, ਉਸ ਕੌਮ ਦੀਆਂ ਪ੍ਰਮੁੱਖ ਸੰਸਥਾਵਾਂ ਨੂੰ ਜਾਂ ਤਾਂ ਤਬਾਹ ਕਰ ਦੇਂਦੀ ਹੈ, ਜਾਂ(ਅਤੇ) ਉਨ੍ਹਾਂ ਦਾ ਮੌਲਿਕ ਸਰੂਪ ਬਦਲ ਦੇਂਦੀ ਹੈ, ਜਾਂ ਉਨ੍ਹਾਂ ਤੇ ਕਬਜ਼ਾ ਕਰ ਲੈਂਦੀ ਹੈ। ਇਹ ਕਬਜ਼ਾ ਕਰਨ ਦੀ ਕਾਰਵਾਈ ਵੀ ਸਮੇਂ ਅਤੇ ਹਾਲਾਤ ਦੀ ਲੋੜ ਮੁਤਾਬਕ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ, ਕਦੇ ਸਿੱਧੀ ਤਾਕਤ ਦੀ ਵਰਤੋਂ ਕਰਕੇ, ਕਦੇ ਵਿੱਚ ਘੁਸਪੈਠ ਕਰਕੇ, ਅਤੇ ਸਭ ਤੋਂ ਖਤਰਨਾਕ ਤਰੀਕਾ, ਉਸ ਕੌਮ ਦੇ ਆਗੂਆਂ ਨੂੰ ਵੱਸ ਵਿੱਚ ਕਰਕੇ।

ਉਹ ਹਿੰਦੂਤੱਵੀ ਸ਼ਕਤੀਆਂ ਜੋ ਸਿੱਖ ਕੌਮ ਦੀ ਹਸਤੀ ਮਿਟਾਉਣ ਦੇ ਬਾਨਣੂ ਬੰਨ ਰਹੀਆਂ ਹਨ, ਉਨ੍ਹਾਂ ਸਿੱਖ ਆਗੂਆਂ ਨੂੰ ਵੱਸ ਵਿੱਚ ਕਰਨ ਵਾਸਤੇ ਚਾਣਕਿਆ ਨੀਤੀ ਦੇ ਸਾਮ, ਦਾਮ, ਦੰਡ, ਭੇਦ, ਸਾਰੇ ਹਥਿਆਰ, ਵਰਤ ਕੇ ਭਾਰੀ ਕਾਮਯਾਬੀ ਹਾਸਲ ਕਰ ਲਈ ਹੈ। ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋ ਸਕਦਾ ਹੈ ਕਿ ਆਰ. ਐਸ. ਐਸ. ਦਾ ਮੁੱਖੀ ਵਿਦੇਸ਼ ਦੀ ਧਰਤੀ ਤੋਂ ਬਿਆਨ ਦੇਂਦਾ ਹੈ ਕਿ ਸਿੱਖਾਂ ਦੇ ਸਾਰੇ ਤਖਤਾਂ ਦੇ ਜਥੇਦਾਰ ਸਾਡੇ ਤੋਂ ਤਨਖ਼ਾਹ ਲੈਂਦੇ ਹਨ ਅਤੇ ਕੋਈ ਵੀ ਉਸ ਦੀ ਗੱਲ ਨੂੰ ਨਕਾਰਦਾ ਨਹੀਂ। ਸਿਆਸੀ ਆਗੂ ਜਿਸ ਤਰ੍ਹਾਂ ਨਾਲ ਕੌਮ ਦੇ ਸਿਧਾਂਤਾਂ ਅਤੇ ਸੰਸਥਾਵਾਂ ਨਾਲ ਖਿਲਵਾੜ ਕਰ ਰਹੇ ਹਨ, ਉਹ ਇਤਨੀ ਜ਼ਾਹਿਰਾ ਹੈ ਕਿ ਉਸ ਦੇ ਵਾਸਤੇ ਕਿਸੇ ਸੁਚੇਤ ਸਿੱਖ ਨੂੰ ਕਿਸੇ ਹੋਰ ਪ੍ਰਮਾਣ ਦੀ ਲੋੜ ਨਹੀਂ। ਇਸੇ ਦਾ ਨਤੀਜਾ ਹੈ ਕਿ ਉਨ੍ਹਾਂ ਹਿੰਦੂਤੱਵੀ ਸ਼ਕਤੀਆਂ ਦੇ ਜ਼ਾਹਿਰਾ ਸਾਹਮਣੇ ਆਏ ਬਗੈਰ ਸਿੱਖ ਸੰਸਥਾਵਾਂ ਦਾ ਰੂਪ, ਉਨ੍ਹਾਂ ਦੇ ਨਾਮ, ਉਨ੍ਹਾਂ ਦੀ ਕਾਰਜ ਵਿਧੀ, ਉਸ ਹਿਸਾਬ ਨਾਲ ਬਦਲ ਅਤੇ ਚੱਲ ਰਹੀ ਹੈ, ਜਿਵੇਂ ਉਹ ਚਾਹੁੰਦੇ ਹਨ। ਉਨ੍ਹਾਂ ਦਾ ਕੰਮ ਇਸ ਕਰਕੇ ਹੋਰ ਵੀ ਸੌਖਾ ਹੋ ਗਿਆ ਹੈ, ਕਿਉਂਕਿ ਦੁਨੀਆਂ ਦੀ ਸੱਭ ਤੋਂ ਵਧੇਰੇ ਗਿਆਨ ਅਧਾਰਤ 'ਸਿੱਖ ਕੌਮ', ਜਿਸ ਦਾ ਕਿ ਗੁਰੂ ਹੀ ਗੁਰਬਾਣੀ ਦਾ ਇਲਾਹੀ ਗਿਆਨ ਹੈ, ਗਿਆਨ ਦਾ ਪੱਲਾ ਛੱਡਕੇ, ਅੰਧ ਵਿਸ਼ਵਾਸ ਅਤੇ ਭਾਵਨਾ ਦੇ ਵੇਗ ਵਿੱਚ ਵੱਗ ਤੁਰੀ ਹੈ। ਸਿੱਖ ਨੂੰ ਗੁਰਬਾਣੀ ਦੇ ਗਿਆਨ ਤੋਂ ਤੋੜ ਕੇ, ਫੋਕੀ ਭਾਵਨਾ ਦੇ ਅੰਧੇ ਸਾਗਰ ਵਿੱਚ ਡੋਬਣ ਲਈ ਸਿੱਖ ਕੌਮ ਵਿੱਚ ਡੇਰੇਦਾਰਾਂ ਦਾ ਬਹੁਤ ਵੱਡਾ ਜਾਲ ਵਿਛਾਇਆ ਗਿਆ ਹੈ, ਜਿਸ ਦੇ ਮਾਰੂ ਨਤੀਜੇ ਅੱਜ ਸਪੱਸ਼ਟ ਰੂਪ ਵਿੱਚ ਉਜਾਗਰ ਹੋ ਰਹੇ ਹਨ। ਮਨੁੱਖਤਾ ਦਾ ਸਰਬਪੱਖੀ ਸੋਸ਼ਣ ਕਰਨ ਦਾ ਇਹ ਬ੍ਰਾਹਮਣਵਾਦੀ ਤਰੀਕਾ ਪੂਰੀ ਤਰ੍ਹਾਂ ਅਜ਼ਮਾਇਆ ਹੋਇਆ, ਕਾਮਯਾਬ ਤਰੀਕਾ ਹੈ। ਸਿੱਖ ਕੌਮ ਵਿੱਚ ਵੀ ਇਹ ਮੰਤਰ ਸਿਰ ਚੜ੍ਹ ਕੇ ਬੋਲਿਆ ਹੈ।

ਅੱਜ ਦਾ ਆਮ ਸਿੱਖ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਲੈਕੇ ਇਤਨਾ ਭਾਵੁਕ ਹੈ, ਜਿਤਨਾ ਸ਼ਾਇਦ ਗੁਰੂ ਗ੍ਰੰਥ ਸਾਹਿਬ ਨੂੰ ਲੈਕੇ ਵੀ ਨਹੀਂ। ਚਲੋ ! ਜੇ ਇਹ

ਭਾਵੁਕਤਾ ਗਿਆਨ ਅਧਾਰਤ ਹੁੰਦੀ ਤਾਂ ਬਹੁਤੀ ਮਾੜੀ ਗੱਲ ਵੀ ਨਹੀਂ ਸੀ, ਉਸ ਦੀ ਸੋਚ ਨੂੰ ਇਸ ਤਰ੍ਹਾਂ ਢਾਲ ਦਿੱਤਾ ਗਿਆ ਹੈ ਕਿ ਉਹ ਕੁਝ ਵਿਅਕਤੀ, ਜਿਨ੍ਹਾਂ ਦੀ ਵਰਤੋਂ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਬਰਬਾਦ ਕਰਨ ਲਈ ਕੀਤੀ ਜਾ ਰਹੀ ਹੈ, ਨੂੰ ਹੀ ਅਕਾਲ ਤਖ਼ਤ ਸਮਝਣ ਦੀ ਭਾਰੀ ਭੁੱਲ ਕਰ ਰਿਹਾ ਹੈ। ਨਤੀਜਾ ਇਹ ਹੈ ਕਿ ਜਦੋਂ ਕੋਈ ਸੁਚੇਤ ਸਿੱਖ ਇਸ ਸਾਜਸ਼ ਨੂੰ ਉਘੇੜਨ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਸਹਿਜੇ ਹੀ ਪੰਥ ਦੋਖੀ ਗਰਦਾਨ ਦਿੱਤਾ ਜਾਂਦਾ ਹੈ। ਅੱਜ ਇਸੇ ਸੰਸਥਾ ਦੀ ਦੁਰਵਰਤੋਂ, ਸਿੱਖ ਕੌਮ ਦੀਆਂ ਬਾਕੀ ਸੰਸਥਾਵਾਂ ਨੂੰ ਬਰਬਾਦ ਕਰਨ, ਇਥੋਂ ਤੱਕ ਕੇ ਸਿੱਖੀ ਦਾ ਮੂਲ ਅਧਾਰ 'ਗੁਰੂ ਗ੍ਰੰਥ ਸਾਹਿਬ' ਦਾ ਹੀ ਸ਼ਰੀਕ ਪੈਦਾ ਅਤੇ ਸਥਾਪਤ ਕਰਨ, ਸਿੱਖ ਕੌਮ ਵਿੱਚ ਵੰਡੀਆਂ ਪਾਉਣ, ਸਿੱਖਾਂ ਨੂੰ ਮਾਨਸਿਕ ਗ਼ੁਲਾਮ ਬਣਾਕੇ ਰੱਖਣ, ਕੁਝ ਸੁਚੇਤ ਸਿੱਖਾਂ ਨੂੰ 'ਤੇ ਆਪਣੇ ਵਿਰੋਧੀਆਂ ਨੂੰ ਦਬਾਕੇ ਰੱਖਣ ਵਾਸਤੇ ਕੀਤੀ ਜਾ ਰਹੀ ਹੈ।

ਅੱਜ ਸਿੱਖ ਕੌਮ ਦੀ ਕੋਈ ਐਸੀ ਸੰਸਥਾ ਨਹੀਂ, ਜਿਸ ਤੇ ਗੁਪਤ ਹਮਲਾ ਨਹੀਂ ਹੋ ਰਿਹਾ। ਭਾਰਤ ਵਿੱਚ ਸਰਗਰਮ ਕੁਝ ਕੱਟੜ ਹਿੰਦੂਤੱਵੀ ਸ਼ਕਤੀਆਂ, ਜੋ ਭਾਰਤ ਦੀ ਹਰ ਘੱਟ ਗਿਣਤੀ ਕੌਮ ਦੇ ਭਗਵਾਕਰਨ ਦੇ ਆਹਰ ਵਿੱਚ ਰੁਝੀਆ ਹਨ, ਸਿੱਖ ਕੌਮ ਤੇ ਸੱਭ ਤੋਂ ਵਧੇਰੇ ਭਾਰੂ ਹੋ ਚੁਕੀਆਂ ਹਨ। ਉਨ੍ਹਾਂ ਦੀ ਸਭ ਤੋਂ ਵੱਡੀ ਕਾਮਯਾਬੀ ਇਹ ਹੈ ਕਿ ਉਨ੍ਹਾਂ ਸਿੱਖ ਆਗੂਆਂ ਨੂੰ ਆਪਣੇ ਵੱਸ ਕਰਕੇ, ਉਨ੍ਹਾਂ ਰਾਹੀਂ ਬਹੁਤੇ ਸਿੱਖਾਂ ਵਿੱਚੋਂ ਸਿੱਖੀ ਭਾਵਨਾ, ਜੋ ਸਿੱਖ ਕੌਮ ਦਾ ਸੱਭ ਤੋਂ ਵੱਡਾ ਸਰਮਾਇਆ ਸੀ, ਦਾ ਹੀ ਨਾਸ ਕਰ ਦਿੱਤਾ ਹੈ। ਰਹਿੰਦਿਆਂ ਖੂੰਹਦਿਆਂ ਵਿੱਚੋਂ ਬਹੁਤਿਆਂ ਦਾ, ਡੇਰਿਆਂ ਰਾਹੀਂ ਬ੍ਰਾਹਮਣੀ-ਕਰਨ ਕਰ ਦਿੱਤਾ ਗਿਆ ਹੈ। ਉਹ ਕੂੜ ਦੇ ਐਸੇ ਭਰਮਜਾਲ ਵਿੱਚ ਘਿਰੇ ਹਨ ਕਿ ਅੰਧ ਵਿਸ਼ਵਾਸ ਦੇ ਵੇਗ ਵਿੱਚ ਵੱਗ ਕੇ, ਆਪਣੇ ਹੀ ਕੌਮੀ ਭਰਾਵਾਂ ਦਾ ਵਿਨਾਸ਼ ਕਰਨ ਤੇ ਉਤਾਰੂ ਹਨ।

ਐਸੇ ਹਾਲਾਤ ਵਿੱਚੋਂ ਇਕੋ ਚੀਜ਼ ਉਭਾਰ ਸਕਦੀ ਹੈ, ਅਗਿਆਨਤਾ ਅਤੇ ਅੰਧਵਿਸ਼ਵਾਸ ਦੀ ਡੂੰਘੀ ਨੀਂਦ ਵਿੱਚੋਂ ਜਾਗੀਏ, ਹਰ ਮੁੱਦੇ, ਹਰ ਮਸਲੇ ਨੂੰ ਗੁਰਬਾਣੀ ਗਿਆਨ ਦੀ ਕਸਵੱਟੀ 'ਤੇ ਪਰਖੀਏ, ਵਿਚਾਰੀਏ ਅਤੇ ਸਹੀ ਹੱਲ ਲੱਭਣ ਦੀ ਕੋਸ਼ਿਸ਼ ਕਰੀਏ, ਪੰਥਕ ਸੰਸਥਾਵਾਂ ਨੂੰ ਬਚਾਉਣ ਲਈ ਲਾਮਬੰਦ ਹੋ ਜਾਈਏ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਸਾਨੂੰ ਹੋਕਾ ਦੇਕੇ ਇਹੀ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹੈ:

"ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥"(ਪੰਨਾ 339)

ਹੱਥਲੀ ਕਿਤਾਬ ਕੁੱਝ ਅੱਜ ਦੇ ਮਹਤੱਵਪੂਰਨ ਪੰਥਕ ਮੁੱਦਿਆਂ ਪ੍ਰਤੀ ਕੌਮ ਨੂੰ ਜਾਗਰਿਤ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਹੈ। ਇਹ ਉਪਰਾਲਾ ਕਿਤਨਾ ਕਾਮਯਾਬ ਹੈ, ਇਸ ਦਾ ਨਿਰਣਾ ਕੇਵਲ ਪਾਠਕ ਹੀ ਕਰ ਸਕਦੇ ਹਨ।

ਆਪ ਜੀ ਦੇ ਸੁਝਾਅ ਦਾਸ ਲਈ ਅਤਿ ਵਡਮੁੱਲੇ ਹਨ, ਕਿਉਂਕਿ ਇਹ ਜਿਥੇ ਦਾਸ ਦਾ ਹੌਂਸਲਾ ਵਧਾਉਂਦੇ ਹਨ, ਉਥੇ ਅੱਗੋਂ ਲੇਖਣੀ ਨੂੰ ਸੁਧਾਰਨ ਵਿੱਚ ਵੀ ਵੱਡਾ ਯੋਗਦਾਨ ਪਾਉਂਦੇ ਹਨ।

ਆਪ ਜੀ ਦੇ ਵੱਡਮੁੱਲੇ ਸੁਝਾਵਾਂ ਦੀ ਇੰਤਜ਼ਾਰ ਵਿੱਚ,
ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਦਾ ਕੂਕਰ,
ਰਾਜਿੰਦਰ ਸਿੰਘ
ਫੋਨ: +91 98761 04726 ਈ ਮੇਲ: rajindersinghskp@Yahoo.co.in

ਧੰਨਵਾਦ

ਸਭ ਤੋਂ ਪਹਿਲਾਂ ਕੋਟਾਨਿ-ਕੋਟਿ ਧੰਨਵਾਦ ਹੈ, ਆਪਣੇ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਦਾ, ਜਿਨ੍ਹਾਂ ਦੀ ਗੁਰਬਾਣੀ ਨੇ ਇਸ ਦਾਸਰੇ ਦੇ ਹਨੇਰੇ ਮਨ ਵਿੱਚ ਆਪਣੀਆਂ ਗਿਆਨ ਰਿਸ਼ਮਾਂ ਦੁਆਰਾ ਚਾਨਣ ਕਰਕੇ ਸੱਚ ਨੂੰ ਪਛਾਨਣ ਦੀ ਸੋਝੀ, ਇਸ ਸੱਚ ਨੂੰ ਕਲਮਬੰਦ ਕਰਕੇ ਪ੍ਰਗਟ ਕਰਨ ਦੀ ਬੱਲ- ਬੁੱਧੀ ਅਤੇ 'ਸਚੁ ਸੁਣਾਇਸੀ ਸਚ ਕੀ ਬੇਲਾ ॥' ਦੇ ਪਾਵਨ ਸਿਧਾਂਤ ਅਨੁਸਾਰ ਸੱਚ ਪਰਗਟ ਕਰਨ ਦੀ ਜੁਰਅਤ ਵੀ ਬਖਸ਼ੀ ਹੈ।

ਮੈਂ ਅਤਿ ਵੱਡਭਾਗੀ ਹਾਂ ਜੋ ਸ੍ਰ. ਰਵਿੰਦਰ ਸਿੰਘ(ਸ਼੍ਰੋਮਣੀ ਖਾਲਸਾ ਪੰਚਾਇਤ, ਚੰਡੀਗੜ੍ਹ), ਸ੍ਰ.ਸਰਬਜੀਤ ਸਿੰਘ ਇੰਡੀਆ ਅਵੇਰਨੈਸ, ਡਾ.ਹਰਜਿੰਦਰ ਸਿੰਘ ਦਿਲਗੀਰ, ਸ੍ਰ. ਗੁਰਮੀਤ ਸਿੰਘ ਸਿਡਨੀ(ਅਸਟਰੇਲੀਆ), ਸ੍ਰ. ਹਰਚਰਨਜੀਤ ਸਿੰਘ(ਮੁੱਖੀ, ਦਲ ਖਾਲਸਾ), ਗਿਆਨੀ ਸੁਰਜੀਤ ਸਿੰਘ(ਦਿੱਲੀ), ਸ੍ਰ. ਸੁਖਦੇਵ ਸਿੰਘ, ਕਰਨਲ ਗੁਰਦੀਪ ਸਿੰਘ, ਸ੍ਰ.ਗੁਰਚਰਨ ਸਿੰਘ, ਸ੍ਰ.ਰਘਬੀਰ ਸਿੰਘ, ਸ੍ਰ.ਜਸਬਿੰਦਰ ਸਿੰਘ ਖਾਲਸਾ(ਦੁਬਈ ਵਾਲੇ) ਸਾਰੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ(ਮੋਹਾਲੀ), ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਡਾਇਰੈਕਟਰ ਰਾਣਾ ਇੰਦਰ ਜੀਤ ਸਿੰਘ ਅਤੇ ਵਿਦਵਾਨ ਪ੍ਰੋਫੈਸਰ ਸੁਖਵਿੰਦਰ ਸਿੰਘ ਜੀ ਜਿਹੇ ਸਤਿਕਾਰਤ ਵਿਦਵਾਨ ਗੁਰਸਿੱਖ ਵੀਰਾਂ ਦੀ ਸਤਿਸੰਗਤ ਦਾ ਸੁਭਾਗ ਪ੍ਰਾਪਤ ਹੈ, ਜਿਨ੍ਹਾਂ ਇਸ ਵਾਰ ਫੇਰ ਆਪਣੇ ਸੁਹਿਰਦ ਸੁਝਾਵਾਂ ਨਾਲ ਇਸ ਕਿਤਾਬ ਦੇ ਵਿਸ਼ੇ ਨੂੰ ਨਿਖਾਰਨ ਵਿੱਚ ਮੈਨੂੰ ਭਰਪੂਰ ਸਹਿਯੋਗ ਦਿੱਤਾ ਹੈ।

ਬਹੁਤ ਧੰਨਵਾਦੀ ਹਾਂ ਅਜ਼ੀਮ ਕੌਮੀ ਵਿਦਵਾਨ ਸ਼ਖਸੀਅਤ ਪ੍ਰੋ. ਦਰਸ਼ਨ ਸਿੰਘ ਜੀ ਦਾ ਜਿਨ੍ਹਾਂ ਆਪਣੇ ਵੱਡਮੁੱਲੇ ਸੁਝਾਵਾਂ ਦੇ ਨਾਲ ਹੀ ਇਸ ਕਿਤਾਬ ਦਾ ਮੁੱਖ ਬੰਦ ਲਿਖਕੇ ਵੀ ਦਾਸ ਨੂੰ ਨਿਵਾਜਿਆ ਹੈ।

ਇਹ ਅਕਾਲ ਪੁਰਖ ਦੀ ਬਖਸ਼ਿਸ਼ ਹੀ ਹੈ ਜੋ ਉਸਨੇ ਮੇਰੇ ਪਰਿਵਾਰ ਨੂੰ ਘਰ ਵਿੱਚ, ਇਕ ਵਧੀਆ, ਪਿਆਰ ਭਰਿਆ ਮਾਹੌਲ ਬਣਾਕੇ ਰਖਣ ਦੀ ਸੁਮੱਤ ਦਿੱਤੀ ਹੋਈ ਹੈ ਜਿਸ ਨਾਲ ਦਾਸ ਨੂੰ ਗੁਰਮਤਿ ਪ੍ਰਚਾਰ ਦੇ ਖੇਤਰ ਵਿੱਚ ਨਿਮਾਣਾ ਜਿਹਾ ਯੋਗਦਾਨ ਪਾਉਣ ਲਈ ਸਮਾਂ ਅਤੇ ਸਮਰਥਾ ਪ੍ਰਾਪਤ ਹੋ ਜਾਂਦੀ ਹੈ।

ਆਪਣੇ ਜੀਵਨ ਦਾ ਅੱਧ, ਆਪਣੀ ਸਿੰਘਣੀ ਨਰਿੰਦਰ ਕੌਰ ਦੇ ਸਹਿਯੋਗ ਬਿਨਾਂ ਮੈਂ ਸਦਾ ਹੀ ਅਧੂਰਾ ਹਾਂ, ਜੋ ਮੈਨੂੰ ਮਾਨਸਿਕ ਸਹਿਯੋਗ ਦੇਣ ਤੋਂ ਇਲਾਵਾ, ਮੇਰੇ ਲੇਖਾਂ ਵਿੱਚੋਂ ਵਿਆਕਰਣ ਦੀਆਂ ਗਲਤੀਆਂ ਦਾ ਸੁਧਾਰ ਕਰਨ ਦਾ ਵੱਡਾ ਕਾਰਜ ਵੀ ਕਰਦੇ ਹਨ।

ਸਭ ਤੋਂ ਵਧੇਰੇ ਧੰਨਵਾਦੀ ਹਾਂ ਆਪਣੇ ਪਾਠਕਾਂ ਦਾ ਜਿਨ੍ਹਾਂ ਮੇਰੀਆਂ ਪਿਛਲੀਆਂ ਲਿੱਖਤਾਂ ਨੂੰ ਪ੍ਰਵਾਨ ਕਰਕੇ ਅਤੇ ਆਪਣੇ ਵੱਡਮੁੱਲੇ ਸੁਝਾਅ ਦੇਕੇ ਦਾਸ ਨੂੰ ਹਥਲੀ ਕਿਤਾਬ ਲਿਖਣ ਲਈ ਪ੍ਰੇਰਨਾ ਬਖਸ਼ੀ ਹੈ।

ਰਾਜਿੰਦਰ ਸਿੰਘ

Singh Sahib
Prof. Darshan Singh
Khalsa

੧੯-੨-੨੦੧੧

ਮੁੱਖਬੰਦ

ਸ: ਰਾਜਿੰਦਰ ਸਿੰਘ ਜੀ ਦੇ ਵਿਚਾਰਾਂ ਦੀ ਸਪਸ਼ਟਤਾ ਅਤੇ ਬੇਬਾਕੀ ਇਸ ਪੁਸਤਕ ਦਾ ਮੁਖ ਅੰਗ ਹਨ ਜੋ ਗੁਨ ਰਾਈਟਰ ਦੀ ਲਿਖਤ ਵਿਚੋ ਉਭਰ ਕੇ ਆਉਣੇ ਜ਼ਰੂਰੀ ਹੁੰਦੇ ਹਨ ।ਜਦੋਂ ਕੇ ਅੱਜ ਮਨੁਖ ,ਖਾਸ ਕਰ ਸਿੱਖ ਦੀ ਇਕਾਈ ਤੋਂ ਲੈਕੇ ਸਿੱਖੀ ਦੇ ਕੌਮੀ ਵੇਹੜੇ ਵਿਚ ਜਾਣੇ ਅਨਜਾਣੇ ਪੈਦਾ ਹੋਏ ਕੁਛ ਮੁੱਦੇ ਐਸੇ ਹਨ ਜੇਹੜੇ ਬਿਨਾ ਵੀਚਾਰੇ ਰਹਿ ਗਏ ਤਾਂ ਸਮਾਂ ਲੰਘਨ ਨਾਲ ਰੋਗ ਤਾਂ ਬਣ ਹੀ ਚੁਕੇ ਹਨ ਪਰ ਸਾਡੇ ਹੋਰ ਅਵੇਸਲੇਪਨ ਨਾਲ ਅਸਾਧ ਰੋਗ ਬਣ ਜਾਣ ਦਾ ਖਤਰਾ ਹੈ ।ਇਸ ਲਈ ਸ: ਰਾਜਿੰਦਰ ਸਿੰਘ ਜੀ ਦਾ ਉਹਨਾਂ ਕੁਛ ਮੁੱਦਿਆਂ ਨੂੰ ਅਪਣੀ ਕਲਮ ਦੀ ਨੋਕ ਨਾਲ ਖਰੋਚ ਕੇ ਕੌਮ ਦੇ ਵੀਚਾਰ ਗੋਚਰੇ ਕਰਨਾ, ਤਾਂ ਕੇ ਗੁਰਮਤਿ ਦੀ ਰੋਸ਼ਨੀ ਵਿਚ 'ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥'ਅਨਸਾਰ ਬੜਾ ਵੱਡਾ ਸਕਾਰਥ ਉਦਮ ਉਪਰਾਲਾ ਹੈ ਜਿਵੇ ਅਕਾਲ ਤਖਤ ਕਿਸੇ ਵਿਅਕਤੀ ਜਾਂ ਇਮਾਰਤ ਦਾ ਨਾਮ ਨਹੀਂ ਬਲਕੇ ਅਕਾਲ ਤਖਤ ਗੁਰਬਾਣੀ ਗੁਰਮਤਿ ਸਿਧਾਂਤ ਦਾ ਨਾਮ ਹੈ, ਗਿਨਤੀ ਦੇ ਅਧਾਰ ਤੇ ਤਖਤ ਕੇਵਲ ਇਕ ਹੀ ਹੋਣਾ ਚਾਹੀਦਾ ਹੈ ,ਅਕਾਲ ਤਖਤ ਦਾ ਸੇਵਾਦਾਰ ਕੇਵਲ ਉਸ ਅਕਾਲ ਦੇ ਸਿਧਾਂਤ ਦਾ ਮੁਖ ਪ੍ਰਚਾਰਕ ਹੈ, ਉਸਦਾ ਕਰਮ ਖੇਤਰ ਭੀ ਧੁਰ ਕੀ ਬਾਣੀ ਦੇ ਗੁਰਮਤਿ ਸਿਧਾਂਤ ਨੂੰ ਪਾਲਦਿਆਂ ਕੌਮ ਦੇ ਸਾਹਮਣੇ ਪਾਰ ਦਰਸ਼ੀ ਹੋਣਾ ਚਾਹੀਦਾ ਹੈ। ਤਖਤ ਜੇ ਅਕਾਲ ਦਾ ਹੈ ਤਾਂ ਉਸ ਤਖਤ ਦਾ ਪਾਤਸ਼ਾਹ ਭੀ ਅਕਾਲ ਪੁਰਖ ਹੈ ਕੋਈ ਵਿਅਕਤੀ ਨਹੀ, ਅਤੇ ਹੁਕਮ ਭੀ ਉਸੇ ਦਾ ਚੱਲਨਾ ਹੈ। ਇਸੇ ਤਰਾਂ ਯੋਗਾ ਅਤੇ ਸਿਖ ਮਤਿ, ਪੁਜਾਰੀ,

ਪ੍ਰਚਾਰਕ, ਹਰਮੰਦਰ ਜਾਂ ਦਰਬਾਰ ਸਾਹਿਬ, ਪੰਜ ਪਿਆਰਿਆਂ ਦੀ ਪ੍ਰਥਾ ਦੀ ਅਤੇ ਅਕਾਲ ਤਖਤ ਦੇ ਪਵਿਤਰ ਨਾਮ ਅਤੇ ਸਿਧਾਂਤ ਦੀ ਕੀਤੀ ਜਾ ਰਹੀ ਦੁਰਵਰਤੋਂ ਸਬੰਧੀ ਕੌਮ ਨੂੰ ਅਪਣੀ ਸੋਚ ਅਤੇ ਖੋਜ ਨਾਲ ਜਾਗਰਤ ਕਰਨ ਦੀ ਵੱਡੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਤਰਾਂ ਜਿਵੇਂ ਸਿੱਖੀ ਨੂੰ ਖਤਰਨਾਕ ਸਾਜਸ਼ਾਂ ਗੁਰਬਾਣੀ ਗੁਰਮਤਿ ਦੀ ਰੌਸ਼ਨੀ ਤੋਂ ਤੋੜ ਕੇ ਕਰਮ ਕਾਂਡ ,ਡੇਰੇਵਾਦ,ਬ੍ਰਹਮਨ ਇਜ਼ਮ ਦੇ ਘੁਪ ਅੰਧੇਰੇ ਖੂਹ ਵਿਚ ਧਕੇਲਿਆ ਜਾ ਰਿਹਾ ਹੈ ਜਿਥੇ ਸਿਖੀ ਜੀਵਨ ਅੱਜ ਸਾਹਸ ਹੀਨ ਹੋ ਕੇ ਫਟਫਟਾ ਰਿਹਾ ਹੈ, ਇਸ ਪੁਤਕ ਨੇ ਸਿੱਖ ਨੂੰ ਗੁਰਬਾਣੀ ਗੁਰੂ ਦੇ ਲੜ ਲੱਗਣ ਦੀ ਵੱਡਮੁਲੀ ਪ੍ਰੇਰਣਾ ਦਿਤੀ ਹੈ।

ਆਖੀਰ ਵਿਚ ਸਿੱਖੀ ਤੇ ਸਭ ਤੋ ਖਤਰਨਾਕ ਹਮਲਾ ਕੌਮ ਘਾਤਕ, ਸਮਾਜ ਘਾਤਕ, ਅਚਰਣ ਘਾਤਕ, ਜ਼ਲਾਲਤ ਅਤੇ ਝੂਠ ਤੇ ਅਧਾਰਤ ਲਿਟਰੇਚਰ ਰਾਹੀਂ ਗੁਰੂ ਵਲੋਂ ਸੁਚੇ ਆਚਰਣ ਤੇ ਸਿਰਜੀ ਸਿੱਖੀ ਨੂੰ ਅਚਰਣ ਹੀਨਤਾ ਦੀ ਕਬਰ ਵਿਚ ਦਫਨਾਣ ਲਈ ਬਚਿਤਰ ਨਾਟਕ {ਅਖੌਤੀ ਦਸਮ ਗ੍ਰੰਥ}, ਗੁਰ ਬਿਲਾਸ ਪਾਤਸ਼ਾਹੀ ਛੇਵੀਂ ਆਦ ਹੋਰ ਅਨੇਕਾਂ ਗ੍ਰੰਥਾਂ ਨੂੰ ਖਤਰਨਾਕ ਹਥਿਆਰਾਂ ਦੀ ਖੇਪ ਵਜੋਂ ਸਿੱਖੀ ਦੇ ਵੇਹੜੇ ਉਤਾਰਿਆ ਗਿਆ ਹੈ ਅਤੇ ਜਿਸ ਤਰਾਂ ਦੁਸ਼ਮਨ ਵਲੋਂ ਏਹਨਾ ਹਥਿਆਰਾਂ ਦੀ ਵਰਤੋਂ ਨਾਲ ਭੋਲੀ ਭਾਲੀ ਸਿੱਖੀ ਦੀ ਸੁੰਦਰਤਾ ਜ਼ਖਮੀ ਕੀਤੀ ਜਾ ਰਹੀ ਹੈ, ਇਸ ਪੁਸਤਕ ਵਿਚ ਇਸ ਤੇ ਖੁਲੀ ਰੋਸਨੀ ਪਾਈ ਗਈ ਹੈ ਤਾਂਕੇ ਕੌਮ ਸੁਚੇਤ ਹੋਕੇ ਅਪਣੇ ਖੂਬ ਸੂਰਤ ਜੀਵਨ ਵਿਰਸੇ ਨੂੰ ਸੰਭਾਲ ਸੱਕੇ ।ਸੋ ਮੈ ਸਮਝਦਾ ਹਾਂ ਸਮੂਚੇ ਪਾਠਕ ਸ: ਰਾਜਿੰਦਰ ਸਿੰਘ ਜੀ ਦੀ ਇਸ ਘਾਲਣਾ ਅਤੇ ਵਿਚਾਰ ਸੰਗਰਹਿ ਨੂੰ ਅਪਣੀ ਵੀਚਾਰ ਦਾ ਕੇਂਦਰ ਬਣਾਕੇ ਬਹੁਤ ਲਾਭ ਉਠਾ ਸਕਦੇ ਹਨ, ਗੁਰੂ ਘਾਲ ਥਾਏਂ ਪਾਵੇ।

ਗੁਰੂ ਗ੍ਰੰਥ ਦੇ ਖਾਲਸਾ ਪੰਥ ਦਾ ਦਾਸ

ਦਰਸ਼ਨ ਸਿੰਘ ਖਾਲਸਾ

ੴ ਸਤਿਗੁਰਪ੍ਰਸਾਦਿ ॥

ਅਕਾਲ ਤਖ਼ਤ ਸਾਹਿਬ ਦੇ ਅਖੌਤੀ ਜਥੇਦਾਰ ਦਾ ਅਹੁਦਾ

ਅਕਾਲ-ਤਖ਼ਤ ਦਾ ਸੰਕਲਪ ਅਤੇ ਫਲਸਫਾ

ਸਿੱਖ ਕੌਮ ਵਿੱਚ ਮੀਰੀ ਅਤੇ ਪੀਰੀ ਦੇ ਸਿਧਾਂਤਕ ਸੰਕਲਪ ਦਾ ਪ੍ਰਗਟਾਵਾ ਸਤਿਗੁਰੂ ਨਾਨਕ ਪਾਤਿਸ਼ਾਹ ਨੇ ਆਪ ਹੀ, ਨਿਰਭਉ, ਨਿਰਵੈਰ ਦਾ ਹੋਕਾ ਦੇ ਕੇ ਕਰ ਦਿੱਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ ਅਕਾਲ-ਪੁਰਖ ਦੇ ਇਸ ਨਿਰਭਉ ਦੇ ਗੁਣ ਦੀ, ਮਨੁੱਖੀ ਜੀਵਨ ਵਿੱਚ ਸਾਰਥਕਤਾ ਦੀ ਵਿਆਖਿਆ ਇੰਞ ਕੀਤੀ ਹੈ:

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥"

(ਪੰਨਾ ੧੪੨੭)

ਭਾਈ ਬਲਵੰਡ ਜੀ ਦੀਆਂ ਹੇਠਲੀਆਂ ਪੰਕਤੀਆਂ ਵੀ ਇਸ ਗੱਲ ਦੀ ਪ੍ਰੋੜਤਾ ਕਰਦੀਆਂ ਹਨ ਕਿ ਸਿੱਖੀ ਵਿੱਚ ਮੀਰੀ ਪੀਰੀ ਦਾ ਸਾਂਝਾ ਸੰਕਲਪ ਗੁਰੂ ਨਾਨਕ ਪਾਤਿਸ਼ਾਹ ਤੋਂ ਹੀ ਸ਼ੁਰੂ ਹੋ ਗਿਆ ਸੀ, ਕਿਉਂਕਿ ਰਾਜ ਦਾ ਸੰਕਲਪ ਹੀ ਮੀਰੀ ਦਾ ਸੰਕਲਪ ਹੈ:

"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥"
(ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ, ਪੰਨਾ ੯੬੬)

(ਇਸ ਉੱਚੇ ਨਾਮਣੇ ਵਾਲੇ ਗੁਰੂ) ਨਾਨਕ ਜੀ ਨੇ ਸੱਚ-ਰੂਪ ਕਿਲ੍ਹਾ ਬਣਾ ਕੇ ਅਤੇ ਪੱਕੀ ਨੀਂਹ ਰੱਖ ਕੇ (ਧਰਮ ਦਾ) ਰਾਜ ਚਲਾਇਆ ਹੈ ।

ਇਤਨਾ ਹੀ ਨਹੀਂ, ਇਸ ਸਿਧਾਂਤ ਨੂੰ ਅਮਲੀ ਰੂਪ ਦੇਂਦੇ ਹੋਏ, ਸਤਿਗੁਰੂ ਨੇ ਬਾਬਰ ਦੇ ਹਮਲੇ ਸਮੇਂ, ਬਾਬਰ ਦੇ ਪਾਪ ਕਰਮਾਂ ਨੂੰ ਇਹ ਕਹਿ ਕੇ ਵੰਗਾਰ ਪਾਈ ਸੀ:

"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥"

(ਪੰਨਾ ੭੨੨)।

ਸਤਿਗੁਰੂ ਦਾ, ਸਮੇਂ ਦੇ ਜ਼ਾਲਮ ਹਾਕਮਾਂ ਵਲੋਂ, ਆਪਣੀ ਮਜ਼ਲੂਮ ਜਨਤਾ ਉਤੇ ਢਾਹੇ ਜਾ ਰਹੇ ਜ਼ੁਲਮਾਂ ਨੂੰ ਨੰਗਾ ਕਰਨਾ ਵੀ ਇਸੇ ਗੱਲ ਦਾ ਸਪਸ਼ਟ ਪ੍ਰਮਾਣ ਹੈ:

"ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ ॥੨॥" (ਪੰਨਾ ੧੨੮੮)

ਇਸ ਮੀਰੀ ਦੇ ਸਿਧਾਂਤ ਨੂੰ ਛੇਵੇਂ ਨਾਨਕ, ਸਤਿਗੁਰੂ ਹਰਿਗੋਬਿੰਦ ਪਾਤਿਸ਼ਾਹ ਨੇ ਸਿੱਖ ਕੌਮ ਦੀ ਇਕ ਪੂਰਨ ਸੰਸਥਾ ਦੇ ਰੂਪ ਵਿੱਚ ਸਥਾਪਤ ਕੀਤਾ। ਪਹਿਲਾਂ ਤਾਂ ਸਤਿਗੁਰੂ ਨੇ ਗੁਰਗੱਦੀ ਤੇ ਸੁਸ਼ੋਭਿਤ ਹੋਣ ਸਮੇਂ, ਪੀਰੀ ਦੀ ਕਿਰਪਾਨ ਪਹਿਨਣ ਦੀ ਮਰਿਆਦਾ ਵਿੱਚ ਵਾਧਾ ਕਰਦੇ ਹੋਏ, ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ,

ਦੂਸਰਾ ਸੀ, ਸਿੱਖੀ ਦੇ ਪੀਰੀ ਦੇ ਕੇਂਦਰ ਦਰਬਾਰ ਸਾਹਿਬ ਦੇ ਐਨ ਸਾਹਮਣੇ ਇਕ ਉੱਚੇ ਰਾਜਸਿੰਘਾਸਨ ਅਕਾਲ ਬੁੰਗੇ ਦਾ ਸਥਾਪਤ ਕਰਨਾ। ਕਿਸੇ ਵੀ ਪੁਰਾਤਨ ਵਿਦਵਾਨ ਜਾਂ ਇਤਿਹਾਸਕਾਰ ਨੇ ਅਕਾਲ ਬੁੰਗੇ ਦੀ ਇਮਾਰਤ ਦੀ ਸ਼ੁਰੂਆਤ ਜਾਂ ਸੰਪੂਰਨਤਾ ਦੀ ਕੋਈ ਤਰੀਕ ਨਹੀਂ ਲਿਖੀ। ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਦੇ ਪੰਨਾ 172 ਤੇ ਅਕਾਲ ਤਖ਼ਤ ਦੀ ਸਥਾਪਨਾ ਦਾ ਸਮਾਂ 1665 ਸੰਮਤ(1608 ਈ:) ਲਿਖਿਆ ਹੈ। ਭਾਵੇਂ ਸਾਰੇ ਵਿਦਵਾਨ ਤਾਂ ਇਸ ਨਾਲ ਸਹਿਮਤ ਨਹੀਂ ਪਰ ਬਹੁਤੇ ਵਿਦਵਾਨ ਇਸ ਦੀ ਸਥਾਪਨਾ ਦਾ ਸਮਾਂ 1608 ਜਾਂ 1609 ਈ: ਹੀ ਮੰਨਦੇ ਹਨ ਅਤੇ ਸ੍ਰ. ਮਹਿੰਦਰ ਸਿੰਘ ਜੋਸ਼ ਅਨੁਸਾਰ ਇਹੀ ਵਧੇਰੇ ਸਹੀ ਜਾਪਦਾ ਹੈ ਕਿਉਂਕਿ ਭੱਟਵਹੀ ਮੁਲਤਾਨੀ ਸਿੰਧੀ ਦੇ ਅੰਦਰਾਜ਼ ਇਹ ਪ੍ਰਗਟ ਕਰਦੇ ਹਨ ਕਿ ਸਤਿਗੁਰੂ ਅਰਜਨ ਪਾਤਿਸ਼ਾਹ ਦੀ ਸ਼ਹਾਦਤ ਮਗਰੋਂ ਸਤਿਗੁਰੂ ਹਰਗੋਬਿੰਦ ਸਾਹਿਬ 4 ਜੂਨ 1606 ਨੂੰ ਮਾਲਵੇ ਦੇ ਨਗਰ ਡਰੋਲੀ-ਭਾਈ ਵਿੱਖੇ ਆਪਣੇ ਰਿਸ਼ਤੇਦਾਰ ਸ਼ਰਧਾਲੂ, ਸਾਂਈ ਦਾਸ ਕੋਲ ਚਲੇ ਗਏ ਸਨ, ਜਿਥੇ ਆਪ ਦਸੰਬਰ 1607 ਤਕ ਰਹੇ, ਸੋ ਕੁਦਰਤੀ ਉਨ੍ਹਾਂ ਇਹ ਕਾਰਜ ਉਥੋਂ ਆ ਕੇ ਹੀ ਕੀਤਾ ਹੋਵੇਗਾ (ਸ੍ਰ. ਮਹਿੰਦਰ ਸਿੰਘ ਜੋਸ਼ ਕ੍ਰਿਤ ਸ੍ਰੀ ਅਕਾਲ ਤੱਖਤ ਸਾਹਿਬ ਤੇ ਇਸ ਦਾ ਜਥੇਦਾਰ, ਮਾਰਚ 2004)।

ਇਸ ਤਰ੍ਹਾਂ ਅਕਾਲ ਬੁੰਗਾ ਸਿੱਖੀ ਦਾ ਉਹ ਦੂਸਰਾ ਕੇਂਦਰੀ ਸਥਾਨ ਹੈ, ਜਿਸਨੂੰ ਸਤਿਗੁਰੂ ਨੇ ਆਪ ਸਥਾਪਤ ਕੀਤਾ। ਸਿੱਖੀ ਦਾ ਪਹਿਲਾ ਕੇਂਦਰ, ਜੋ ਸਤਿਗੁਰੂ ਨੇ ਆਪ ਸਥਾਪਤ ਕੀਤਾ, ਉਹ ਦਰਬਾਰ ਸਾਹਿਬ ਸੀ। ਜਿਸ ਤਰ੍ਹਾਂ ਸਿੱਖੀ ਦੇ ਵਿੱਚ ਹਰ ਦਿਨ ਵਾਧਾ ਹੋ ਰਿਹਾ ਸੀ, ਸਿੱਖੀ ਦਾ ਇਕ ਕੇਂਦਰ ਸਥਾਪਿਤ ਕਰਨਾ ਜ਼ਰੂਰੀ ਸੀ। ਇਸ ਵਾਸਤੇ ਸਭ ਤੋਂ ਪਹਿਲਾਂ ਤਾਂ ਸਤਿਗੁਰੂ ਅਮਰਦਾਸ ਪਾਤਿਸ਼ਾਹ ਨੇ ਆਪ ਇਸ ਨੂੰ ਸਿੱਖੀ ਦੇ ਕੇਂਦਰ ਦੇ ਤੌਰ ਤੇ ਚਿਤਵਿਆ। ਸਤਿਗੁਰੂ ਨੇ ਸਿੱਖੀ ਦੇ ਇਸ ਕੇਂਦਰ ਨੂੰ ਸਥਾਪਤ ਕਰਨ ਵਾਸਤੇ ਇਕ ਲਾਜਵਾਬ ਨਗਰ ਨੂੰ ਵਸਾਉਣ ਦੀ ਯੋਜਨਾ ਘੜੀ। ਇਸ ਯੋਜਨਾ ਨੂੰ ਅਮਲੀ ਰੂਪ ਸਤਿਗੁਰੂ ਰਾਮਦਾਸ ਪਾਤਿਸ਼ਾਹ ਅਤੇ ਸਤਿਗੁਰੂ ਅਰਜਨ ਪਾਤਿਸ਼ਾਹ ਨੇ ਦਿੱਤਾ। ਇਸੇ ਲਈ ਇਸ ਨੂੰ ਪਹਿਲਾਂ ਚੱਕ ਰਾਮਦਾਸ ਪੁਰ ਦਾ ਨਾਂ ਦਿੱਤਾ ਗਿਆ ਅਤੇ ਬਾਅਦ ਵਿੱਚ ਸਰੋਵਰ ਅਤੇ ਉਸ ਵਿੱਚ ਦਰਬਾਰ ਸਾਹਿਬ ਬਣਨ ਤੋਂ ਅੰਮ੍ਰਿਤਸਰ ਨਾਂ ਮਸ਼ਹੂਰ ਹੋਇਆ। ਅੰਮ੍ਰਿਤਸਰ ਆਪਣੇ ਸਮੇਂ ਦਾ ਸਭ ਤੋਂ ਨਵੀਨਤਮ ਤਕਨੀਕ ਦਾ ਸ਼ਹਿਰ ਵਿਕਸਤ ਕੀਤਾ ਗਿਆ ਸੀ। ਵੱਡੀ ਵੱਸੋਂ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿੰਨ ਸਰੋਵਰ ਬਣਵਾਏ, ਇੰਨ੍ਹਾਂ ਸਰੋਵਰਾਂ ਨੂੰ ਇਕ ਹੰਸਲੀ ਰਾਹੀਂ ਨਹਿਰ ਨਾਲ ਜੋੜਿਆ। ਸ਼ਹਿਰ ਨੂੰ ਇਕ ਵੱਡੇ ਵਪਾਰਕ ਕੇਂਦਰ ਦੇ ਤੌਰ ਤੇ ਵਿਕਸਤ ਕੀਤਾ। ਉਸ ਸਮੇਂ ਦੇ ਹਰ ਮਹੱਤਵ ਪੂਰਨ ਵਪਾਰ ਵਾਸਤੇ ਇਕ ਵਿਸ਼ੇਸ਼ ਮੰਡੀ ਸਤਿਗੁਰੂ ਨੇ ਇਸ ਨਗਰ ਵਿੱਚ ਬਣਵਾਈ। ਭਾਵੇਂ ਇਨ੍ਹਾਂ ਵਿੱਚੋਂ ਬਹੁਤੇ ਵਪਾਰਾਂ ਦੇ ਕੇਂਦਰ ਅਜ ਦੂਸਰੀਆਂ ਜਗ੍ਹਾ ਤੇ ਤਬਦੀਲ ਹੋ ਗਏ ਹਨ, ਪਰ ਸਾਨੂੰ ਸ਼ਹਿਰ ਦੀ ਮੁਢਲੀ ਵਿਓਂਤਬੰਦੀ ਦਾ ਨਜ਼ਾਰਾ ਪੇਸ਼ ਕਰਨ ਲਈ ਅਜ ਵੀ ਲੂਣ ਮੰਡੀ, ਘਿਓ ਮੰਡੀ, ਲੋਹਾ ਮੰਡੀ, ਦਾਲ ਮੰਡੀ, ਹਕੀਮਾਂ ਵਾਲਾ ਬਜ਼ਾਰ, ਮਿਸ਼ਰੀ ਬਜ਼ਾਰ, ਭੜਭੂੰਜਿਆਂ ਦਾ ਬਜ਼ਾਰ, ਬਾਂਸਾਂ ਵਾਲ ਬਜ਼ਾਰ, ਪਾਪੜਾਂ ਵਾਲਾ ਬਜ਼ਾਰ, ਸਰਾਫਾ ਬਜ਼ਾਰ, ਭਾਂਡਿਆਂ ਵਾਲਾ ਬਾਜ਼ਾਰ ਆਦਿ ਦੇ ਇਲਾਕੇ ਕਾਇਮ ਹਨ।

ਦਰਬਾਰ ਸਾਹਿਬ ਉਹ ਪਵਿੱਤਰ ਸਥਾਨ ਹੈ, ਜਿਥੇ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਓਦੋਂ, ਜਦੋਂ ਅਜੇ ਸਤਿਗੁਰੂ ਪੰਜਵੇਂ ਜਾਮੇ ਵਿੱਚ ਸਰੀਰ ਕਰਕੇ ਸੁਸ਼ੋਭਿਤ ਸਨ, ਅਤੇ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਵੀ ਨਹੀਂ ਸੀ ਮਿਲੀ। ਸਿੱਖੀ ਦੇ ਉਸਾਰੇ ਇਸ ਕੇਂਦਰ ਵਿੱਚ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰਕੇ, ਸਤਿਗੁਰੂ ਅਰਜਨ ਪਾਤਿਸ਼ਾਹ ਨੇ ਇਹ ਸਪਸ਼ਟ ਸੁਨੇਹਾ ਦੇ ਦਿੱਤਾ, ਕਿ ਸਿੱਖੀ ਦੇ ਮੂਲ ਸਿਧਾਂਤ ਅਤੇ

ਫਲਸਫੇ ਦਾ ਕੇਂਦਰ ਗੁਰੂ ਗ੍ਰੰਥ ਸਾਹਿਬ ਹੈ ਅਤੇ ਸਿੱਖ ਨੇ ਹਰ ਤਰ੍ਹਾਂ ਦੀ ਅਗਵਾਈ ਕੇਵਲ ਗੁਰਬਾਣੀ ਤੋਂ ਲੈਣੀ ਹੈ। ਇਸ ਤਰ੍ਹਾਂ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਬੁੰਗਾ ਸੁਸ਼ੋਭਿਤ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਰਸਾਏ ਅਨਮੋਲ ਸਿਧਾਂਤਾਂ ਦੀ ਰਾਖੀ, ਉਨ੍ਹਾਂ ਦੇ ਪ੍ਰਚਾਰ ਪ੍ਰਸਾਰ ਵਾਸਤੇ, ਅਤੇ ਉਸ ਨੂੰ ਅਮਲੀ ਬਨਾਉਣ ਵਾਸਤੇ ਇਕ ਅਜ਼ਾਦ ਸੰਸਥਾ ਕਾਇਮ ਕਰ ਦਿੱਤੀ। ਇਹ ਕੌਮ ਦੀ ਵੱਡੀ ਬਦਕਿਸਮਤੀ ਹੈ ਕਿ ਅਜ ਸਿੱਖੀ ਦੇ ਇਨ੍ਹਾਂ ਕੇਂਦਰਾਂ ਵਿੱਚ ਹੀ ਸਭ ਕੁਝ ਗੁਰਮਤਿ ਅਨੁਸਾਰ ਨਹੀਂ ਹੋ ਰਿਹਾ, ਜਿਸ ਨਾਲ ਕੌਮ ਵਿੱਚ ਅਕਸਰ ਵੱਡੇ ਭੁਲੇਖੇ ਖੜ੍ਹੇ ਹੋ ਜਾਂਦੇ ਹਨ। ਜੇ ਮੈਂ ਇਹ ਕਹਾਂ ਕਿ ਦਰਬਾਰ ਸਾਹਿਬ ਪਹਿਲਾ ਗੁਰਧਾਮ ਹੈ, ਜਿਸ ਨੂੰ ਸਤਿਗੁਰੂ ਨੇ ਆਪ ਤਿਆਰ ਕਰਾਇਆ, ਅਤੇ ਅਕਾਲ ਬੁੰਗਾ ਦੂਸਰਾ ਤਾਂ ਇਹ ਕੋਈ ਅਤਕਥਨੀ ਨਹੀਂ ਹੋਵੇਗੀ। ਬੇਸ਼ਕ ਨਗਰ ਵਸਾਉਣ ਦਾ ਕੰਮ, ਸਤਿਗੁਰੂ ਨਾਨਕ ਪਾਤਿਸ਼ਾਹ ਤੋਂ ਹੀ ਸ਼ੁਰੂ ਹੋ ਗਿਆ ਸੀ ਅਤੇ ਸਤਿਗੁਰੂ ਨੇ ਜਿਥੇ ਜਿਥੇ ਵੀ ਨਗਰ ਵਸਾਏ, ਉਥੇ ਧਰਮਸਾਲਾ ਵੀ ਬਣਵਾਈਆਂ ਜਿਨ੍ਹਾਂ ਵਿੱਚੋਂ ਕਈਆਂ ਨੂੰ ਬਾਅਦ ਵਿੱਚ ਗੁਰਦੁਆਰਿਆਂ ਵਿੱਚ ਤਬਦੀਲ ਕਰ ਦਿੱਤਾ ਗਿਆ। ਹੋਰ ਪੁਰਾਤਨ ਨਗਰਾਂ ਵਿੱਚ, ਜਿਥੇ ਅੱਜ ਅਸੀਂ ਇਸ ਤੋਂ ਪਹਿਲੇ ਦੇ ਇਤਿਹਾਸਕ ਗੁਰਦੁਆਰੇ ਬਣਾਏ ਹੋਏ ਹਨ, ਉਹ ਸਥਾਨ ਹਨ, ਜਿਥੇ ਕਿਸੇ ਸਤਿਗੁਰੂ ਦਾ ਜਨਮ ਹੋਇਆ ਜਾਂ ਕੋਈ ਹੋਰ ਮਹੱਤਵ ਪੂਰਨ ਘਟਨਾ ਵਾਪਰੀ ਜਾਂ ਸਮਾਜ ਸੇਵਾ ਦੇ ਉਹ ਕੰਮ ਸਨ, ਜਿਨ੍ਹਾਂ ਨੂੰ ਸਤਿਗੁਰੂ ਨੇ ਨਗਰ ਵਾਸੀਆਂ ਦੀਆਂ ਲੋੜਾਂ ਨੂੰ ਮਹਿਸੂਸ ਕਰਦੇ ਹੋਏ ਤਿਆਰ ਕਰਾਇਆ ਸੀ। ਜਿਵੇਂ ਗੋਇੰਦਵਾਲ ਨਗਰ ਵਿੱਚ ਪਾਣੀ ਦੀ ਲੋੜ ਪੂਰਤੀ ਵਾਸਤੇ ਬਉਲੀ ਤਿਆਰ ਕਰਵਾਉਣਾ ਅਤੇ ਅੰਮ੍ਰਿਤਸਰ ਨੇੜੇ ਛੇ ਹਰਟਾਂ ਵਾਲਾ ਖੂਹ ਤਿਆਰ ਕਰਾਉਣਾ, ਜਿਥੇ ਬਾਅਦ ਵਿੱਚ ਸਿੱਖਾਂ ਨੇ ਸਤਿਗੁਰੂ ਦੀ ਯਾਦ ਨੂੰ ਸੰਭਾਲਣ ਲਈ ਬਉਲੀ ਸਾਹਿਬ ਅਤੇ ਛੇਹਰਟਾ ਸਾਹਿਬ ਗੁਰਦੁਆਰੇ ਤਿਆਰ ਕਰ ਲਏ।

ਜੇ ਸਤਿਗੁਰੂ ਅਰਜਨ ਪਾਤਿਸ਼ਾਹ ਨੇ ਦਰਬਾਰ ਸਾਹਿਬ ਨੂੰ ਸਿੱਖੀ ਦੇ ਪੀਰੀ ਦੇ ਕੇਂਦਰ ਵਜੋਂ ਸਥਾਪਤ ਕੀਤਾ, ਤਾਂ ਇਸ ਦੀ ਮਹੱਤਤਾ ਨੂੰ ਹੋਰ ਵਧਾਉਂਦੇ ਹੋਏ ਹੀ, ਸਤਿਗੁਰੂ ਹਰਗੋਬਿੰਦ ਪਾਤਿਸ਼ਾਹ ਨੇ ਸਿੱਖੀ ਦਾ ਮੀਰੀ ਦਾ ਕੇਂਦਰ, ਅਕਾਲ ਬੁੰਗਾ, ਇਸ ਦੇ ਐਨ ਸਾਹਮਣੇ ਸਥਾਪਤ ਕਰਕੇ ਇਹ ਸਪਸ਼ਟ ਸੁਨੇਹਾ ਦੇ ਦਿਤਾ ਕਿ ਸਿੱਖ ਧਰਮ ਕੋਈ ਪੂਜਾ ਦਾ ਧਰਮ ਨਹੀਂ ਅਤੇ ਇਥੇ ਸ਼ੁਭ ਗੁਣਾਂ 'ਤੇ ਅਧਾਰਿਤ, ਨਿਰਮਲ ਜੀਵਨ ਜੁਗਤਿ ਰੂਪੀ ਭਗਤੀ ਅਤੇ ਇਨ੍ਹਾਂ ਅਨਮੋਲ ਸਿਧਾਂਤਾਂ ਦੀ ਰਖਿਆ ਵਾਸਤੇ ਸ਼ਕਤੀ ਦੀ ਵਰਤੋਂ ਦਾ ਇਕ ਲਾਜਵਾਬ ਸੁਮੇਲ ਹੈ। ਇਸੇ ਸਿਧਾਂਤ ਨੂੰ ਦ੍ਰਿੜ ਕਰਾਉਂਦੀ ਹੋਈ, ਇਕ ਵਿਸ਼ੇਸ਼ ਗੱਲ ਧਿਆਨ ਦੇਣ ਵਾਲੀ ਹੈ ਕਿ ਜਦੋਂ ਅਕਾਲ ਤਖ਼ਤ ਸਾਹਿਬ ਦੇ ਤਖ਼ਤ ਵਾਲੇ ਸਥਾਨ ਤੇ ਬੈਠੀਏ, ਤਾਂ ਸਾਹਮਣੇ ਦਰਬਾਰ ਸਾਹਿਬ ਪ੍ਰਤੱਖ ਨਜ਼ਰ ਆਉਂਦਾ ਹੈ, ਤਾਕਿ ਰਾਜਨੀਤਿਕ ਫੈਸਲੇ ਲੈਂਦੇ ਹੋਏ ਸਾਡੀ ਸੋਚ ਤੇ ਧਰਮ ਦੀ ਪਹਿਰੇਦਾਰੀ ਰਹੇ, ਪਰ ਦਰਬਾਰ ਸਾਹਿਬ ਵਿੱਚ ਬੈਠਕੇ ਅਕਾਲ ਤਖ਼ਤ ਨਜ਼ਰ ਨਹੀਂ ਆਉਂਦਾ, ਜੋ ਇਸ ਗੱਲ ਦਾ ਸੰਕੇਤਕ ਹੈ ਕਿ ਧਰਮ ਰਾਜਨੀਤੀ ਦੇ ਪ੍ਰਭਾਵ ਤੋਂ ਮੁਕਤ ਰਹਿਣਾ ਚਾਹੀਦਾ ਹੈ। ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੇ ਵਿਚਕਾਰ ਦੋ ਨਿਸ਼ਾਨ ਸਾਹਿਬ ਵੀ ਮੀਰੀ-ਪੀਰੀ ਦੇ ਸੁਮੇਲ ਦੇ ਪ੍ਰਤੀਕ ਹਨ ਪਰ ਇਥੇ ਵੀ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਕੁਝ ਵਧੇਰੇ ਰੱਖੀ ਗਈ ਹੈ, ਜੋ ਸਪਸ਼ਟ ਕਰਦਾ ਹੈ ਕਿ ਸਿੱਖ ਕੌਮ ਵਿੱਚ ਧਰਮ ਰਾਜਨੀਤੀ ਤੋ ਉਪਰ ਹੈ। ਹਾਲਾਂਕਿ ਇਹ ਗੁਰੂ ਪਾਤਿਸ਼ਾਹ ਦੇ ਸਮੇਂ ਨਹੀਂ ਸਨ, ਬਾਅਦ ਵਿੱਚ ਹੀ ਲਗਾਏ ਗਏ ਹਨ। ਪਰ ਗੱਲ ਸਪਸ਼ਟ ਹੈ ਕਿ ਸਿੱਖ ਧਰਮ ਵਿੱਚ ਮੀਰੀ ਭਾਵ ਰਾਜਨੀਤੀ ਜਾਂ ਸ਼ਕਤੀ ਦੀ ਵਰਤੋਂ ਧਰਮ ਦੀ ਰਖਿਆ ਕਰਨ ਵਾਸਤੇ ਹੈ। ਇਹ ਅਲੱਗ ਗੱਲ ਹੈ ਕਿ ਅਜ

ਹੋ ਬਿਲਕੁਲ ਇਸ ਦੇ ਉਲਟ ਰਿਹਾ ਹੈ, ਅੱਜ ਮੀਰੀ-ਪੀਰੀ ਦੇ ਇਸ ਸਾਂਝੇ ਸੰਕਲਪ ਦਾ ਰੌਲਾ ਪਾਕੇ ਕਿ ਸਿੱਖ ਕੌਮ ਵਿੱਚ ਧਰਮ ਅਤੇ ਰਾਜਨੀਤੀ ਇਕੱਠੇ ਹਨ, ਰਾਜਨੀਤਿਕਾਂ ਦੁਆਰਾ ਧਰਮ ਦੀ ਰੱਜ ਕੇ ਦੁਰਵਰਤੋਂ ਕਰਕੇ, ਗੁਰਮਤਿ ਸਿਧਾਂਤਾਂ ਨਾਲ ਖਿਲਵਾੜ ਕਰਕੇ ਅਤੇ ਕੌਮੀ ਹਿੱਤਾਂ ਦਾ ਪੂਰਨ ਘਾਣ ਕਰਕੇ, ਆਪਣੇ ਰਾਜਨੀਤਿਕ ਸੁਆਰਥਾਂ ਦੀ ਪੂਰਤੀ ਕੀਤੀ ਜਾ ਰਹੀ ਹੈ। ਇਸੇ ਦਾ ਨਤੀਜਾ ਹੈ ਕਿ ਸਿੱਖੀ ਵਿੱਚ ਹਰ ਦਿਨ, ਹਰ ਪੱਖੋਂ ਇਤਨਾ ਨਿਘਾਰ ਆਇਆ ਹੈ।

ਅਕਸਰ ਸਿੱਖ ਕੌਮੀ ਵਿਦਵਾਨ ਇਹ ਕਹਿੰਦੇ ਹਨ ਕਿ ਅਕਾਲ ਤਖ਼ਤ ਸਾਹਿਬ ਅਕਾਲ ਪੁਰਖ ਦਾ ਤਖ਼ਤ ਹੈ, ਅਤੇ ਅਕਾਲ-ਪੁਰਖ ਦਾ ਤਖ਼ਤ ਤਾਂ ਸਦੀਵੀ ਹੈ, ਇਸ ਲਈ ਸਤਿਗੁਰੂ ਨੇ ਇਸ ਨੂੰ ਸਥਾਪਤ ਨਹੀਂ ਬਲਕਿ ਪ੍ਰਗਟ ਕੀਤਾ। ਗੁਰਬਾਣੀ ਦੇ ਕੁਝ ਪ੍ਰਮਾਣ ਦੇ ਕੇ ਵੀ, ਇਸ ਗੱਲ ਨੂੰ ਪ੍ਰਮਾਣਿਕ ਬਨਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਵੇਂ:

"ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥"
{ਸਿਰੀਰਾਗੁ ਮਹਲਾ ੫, ਪੰਨਾ ੪੮}

"ਕਾਇਮੁ ਦਾਇਮੁ ਸਦਾ ਪਾਤਿਸਾਹੀ ॥"
{ਰਾਗੁ ਗਉੜੀ ਰਵਿਦਾਸ ਜੀ, ਪੰਨਾ ੩੪੫}

"ਸਾਚਾ ਤਖਤੁ ਸਚੀ ਪਾਤਿਸਾਹੀ ॥ ਸਚੁ ਖਜੀਨਾ ਸਾਚਾ ਸਾਹੀ ॥"
{ਮਾਰੂ ਸੋਲਹੇ ਮਹਲਾ ੫, ਪੰਨਾ ੧੦੭੩}

"ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥"
{ਰਾਮਕਲੀ ਕੀ ਵਾਰ ਮਹਲਾ ੩, ਪੰਨਾ ੯੪੭}

"ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥" {ਸਲੋਕ ਮ: ੫, ਪੰਨਾ ੯੬੪}

ਪਰ ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਅਕਾਲ-ਪੁਰਖ ਨੂੰ ਕਿਸੇ ਦੁਨਿਆਵੀ ਤਖ਼ਤ ਦੀ ਲੋੜ ਵੀ ਹੈ? ਕੀ ਅਕਾਲ-ਪੁਰਖ ਕਿਸੇ ਦੁਨਿਆਵੀ ਤਖ਼ਤ ਦਾ ਮੁਹਤਾਜ ਹੈ? ਅਕਾਲ ਦਾ ਸ਼ਬਦੀ ਅਰਥ ਹੈ: ਸਦੀਵ ਸਥਾਈ, ਸਮੇਂ ਦੀ ਪਹੁੰਚ ਅਤੇ ਪ੍ਰਭਾਵ ਤੋਂ ਬਾਹਰ। ਕੀ ਕੋਈ ਇਟਾਂ ਗਾਰੇ ਦੀ ਇਮਾਰਤ ਸਥਾਈ ਹੋ ਸਕਦੀ ਹੈ? ਅਜੇ ਤਾਂ ਚਾਰ ਦਿਨ ਪਹਿਲੇ ਦੀ ਗੱਲ ਹੈ, ਜਦੋਂ ਭਾਰਤੀ ਫੌਜਾਂ ਨੇ ਟੈਂਕਾ ਤੋਪਾਂ ਨਾਲ ਇਸ ਨੂੰ ਢਹਿ-ਢੇਰੀ ਕਰ ਦਿੱਤਾ ਸੀ ਅਤੇ ਕੌਮ ਨੂੰ ਇਸ ਇਮਾਰਤ ਨੂੰ ਦੁਬਾਰਾ ਉਸਾਰਨਾ ਪਿਆ। ਗੁਰਬਾਣੀ ਦੇ ਉਪਰੋਕਤ ਪ੍ਰਮਾਣਾਂ ਤੋਂ ਸਪਸ਼ਟ ਹੈ ਕਿ ਉਸ ਅਕਾਲ-ਪੁਰਖ ਦਾ ਤਖ਼ਤ ਤਾਂ ਅਟੱਲ ਹੈ, ਉਦੋਂ ਤੋਂ ਜਦੋਂ ਤੇ ਇਹ ਸ੍ਰਿਸ਼ਟੀ ਬਣੀ ਹੈ। ਕੀ ਗੁਰਬਾਣੀ ਦੇ ਇਹ ਪ੍ਰਮਾਣ, ਕਿਸੇ ਇੱਟਾਂ-ਗਾਰੇ ਦੀ ਬਣੀ ਦੁਨਿਆਵੀ ਇਮਾਰਤ ਵਾਸਤੇ ਅੰਕਿਤ ਕੀਤੇ ਗਏ ਹਨ? ਨਾਲੇ ਜੇ ਸੱਚਮੁਚ ਅਕਾਲ-ਪੁਰਖ ਦਾ ਤਖ਼ਤ ਹੀ ਬਨਾਉਣਾ ਹੋਵੇ ਤਾਂ ਉਸ ਦੀ ਬਣਤਰ ਤਾਂ ਵੈਸੀ ਹੀ ਹੋ ਸਕਦੀ, ਜੈਸੀ ਸਤਿਗੁਰੂ ਨਾਨਕ ਪਾਤਿਸ਼ਾਹ ਨੇ ਸੋ ਦਰ ਦੇ ਸ਼ਬਦ, "ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥" {ਸੋ ਦਰੁ ਰਾਗੁ ਆਸਾ ਮਹਲਾ ੧, ਪੰਨਾ ੬, ੮ ਅਤੇ ੩੪੭} ਵਿੱਚ ਚਿਤਵੀ ਹੈ । ਸੋ ਇਹ ਗੱਲ ਭਾਵੁਕਤਾ ਤੋਂ ਵਧੇਰੇ ਹੋਰ ਕੁਝ ਨਹੀਂ ਜਾਪਦੀ।

ਇਕ ਹੋਰ ਗੱਲ ਵਿਸ਼ੇਸ਼ ਧਿਆਨ ਮੰਗਦੀ ਹੈ, ਕਿ ਕੀ ਅਕਾਲ-ਪੁਰਖ ਕਿਸੇ ਇਕ ਕੌਮ, ਇਲਾਕੇ ਜਾਂ ਭਾਈਚਾਰੇ ਨਾਲ ਸਬੰਧਤ ਹੈ? ਜਦਕਿ ਗੁਰਬਾਣੀ ਦੇ ਪਾਵਨ ਫੁਰਮਾਨ ਹਨ:

"ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥"

{ਧਨਾਸਰੀ ਮਹਲਾ ੧, ਪੰਨਾ ੬੬੩}

"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥"

{ਸੋਰਠਿ ਮਹਲਾ ੫, ਪੰਨਾ ੬੧੨}

"ਤੂੰ ਸਾਂਝਾ ਸਾਹਿਬੁ ਬਾਪੁ ਹਮਾਰਾ ॥...... ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥" {ਰਾਗੁ ਮਾਝ ਮਹਲਾ ੫, ਪੰਨਾ ੯੭}

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥1॥ ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥"

(ਪ੍ਰਭਾਤੀ,ਭਗਤ ਕਬੀਰ ਜੀ, ਪੰਨਾ ੧੩੪੯)

ਜਦ ਅਕਾਲ-ਪੁਰਖ ਸਾਰੀ ਮਨੁੱਖਤਾ ਦਾ ਸਾਂਝਾ ਪਿਤਾ ਹੈ, ਸਾਰੀ ਸ੍ਰਿਸ਼ਟੀ ਵਿੱਚ ਉਸ ਦੀ ਹੀ ਜੋਤ ਪਸਰੀ ਹੋਈ ਹੈ ਤਾਂ ਉਸ ਦਾ ਤਖਤ ਵੀ ਸਾਰਿਆਂ ਲਈ ਸਾਂਝਾ ਹੈ। ਨਾਲ ਹੀ ਸਿੱਖ ਕੇਵਲ ਅਕਾਲ-ਪੁਰਖ ਨੂੰ ਹੀ ਸਾਰੀ ਸ੍ਰਿਸ਼ਟੀ ਦਾ ਮਾਲਕ ਅਤੇ ਵਾਹਿਦ ਰਾਜਾ ਮੰਨਦਾ ਹੈ, ਕਿਉਂਕਿ ਗੁਰਬਾਣੀ ਤੋਂ ਇਹੀ ਅਗਵਾਈ ਮਿਲਦੀ ਹੈ:

"ੜਾੜੈ, ਰੂੜਾ ਹਰਿ ਜੀਉ ਸੋਈ ॥ ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥"

{ਰਾਮਕਲੀ ਮਹਲਾ ੧, ਪੰਨਾ ੯੩੬}

"ਤਿਸੁ ਬਿਨੁ ਅਵਰੁ ਨ ਕੋਈ ਰਾਜਾ ਕਰਿ ਤਪਾਵਸੁ ਬਣਤ ਬਣਾਈ ॥"

(ਰਾਮਕਲੀ ਮਹਲਾ ੩, ਪੰਨਾ ੯੧੧)

"ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥"

(ਬਿਲਾਵਲੁ ਬਾਣੀ ਕਬੀਰ ਜੀਉ ਕੀ, ਪੰਨਾ ੮੫੬)

ਇਸ ਤਰ੍ਹਾਂ ਅਕਾਲ ਤਖ਼ਤ, ਇੱਕ ਅਕਾਲ-ਪੁਰਖ ਦੀ ਪ੍ਰਭੁਸਤਾ ਵਿੱਚ ਹਰ ਮਨੁੱਖ ਮਾਤਰ ਦੀ, ਹਰ ਕੌਮ ਦੀ, ਮਾਨਸਕ ਅਜ਼ਾਦੀ ਦਾ ਪ੍ਰਤੀਕ ਹੈ।

ਸਿੱਖ ਅਕਾਲ-ਪੁਰਖ ਵਿੱਚ ਪੂਰਨ ਵਿਸ਼ਵਾਸ ਰਖਦਾ ਹੈ, ਅਤੇ ਅਕਾਲ-ਪੁਰਖ ਦੇ ਅਗੰਮੀ ਨੇਮਾਂ ਦਾ ਅਲੰਬਰਦਾਰ ਹੈ। ਇਸ ਲਈ ਸਿੱਖ ਕੌਮ ਨੇ ਆਪਣੇ ਸਾਰੇ ਕਾਰਜ ਅਕਾਲ-ਪੁਰਖ ਦੇ ਅਗੰਮੀ ਨੇਮਾਂ ਅਨੁਸਾਰ ਚਲਾਉਣ ਵਾਸਤੇ, ਅਕਾਲ-ਪੁਰਖ ਦੇ ਸਿਧਾਂਤਾਂ ਦਾ ਸੰਕੇਤਕ ਤਖ਼ਤ ਤਿਆਰ ਕਰ ਲਿਆ ਹੈ, ਜੋ ਇਸ ਗੱਲ ਦਾ ਲਖਾਇਕ ਹੈ ਕਿ ਸਿੱਖ ਕੌਮ ਆਪਣਾ ਹਰ ਕਾਰਜ, ਆਚਾਰ, ਵਿਹਾਰ, ਕਿਰਦਾਰ, ਅਕਾਲ-ਪੁਰਖ ਦੇ ਇਲਾਹੀ ਨੇਮਾਂ,(ਜੋ ਸਤਿਗੁਰੂ ਨੇ ਸਾਨੂੰ ਇਲਾਹੀ ਗੁਰਬਾਣੀ ਰਾਹੀਂ ਦਰਸਾਏ ਅਤੇ ਦ੍ਰਿੜ ਕਰਾਏ ਹਨ), ਅਨੁਸਾਰ ਨਿਭਾਉਣ ਲਈ ਵਚਨਬੱਧ ਹੈ। ਇਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦੀ ਅਜ਼ਾਦ ਹਸਤੀ ਦਾ ਵੀ ਪ੍ਰਤੀਕ ਹੈ। ਸੋ ਅਕਾਲ-ਤਖ਼ਤ ਕੇਵਲ ਇਕ ਇਮਾਰਤ ਨਹੀਂ ਬਲਕਿ ਫਲਸਫ਼ਾ ਹੈ, ਸਿਧਾਂਤ ਹੈ, ਇਮਾਰਤ ਤਾਂ ਕੇਵਲ ਸੰਕੇਤਕ ਹੈ।

ਤਖ਼ਤ ਕਿਤਨੇ

ਤਖ਼ਤ ਦੇ ਮਾਮਲੇ ਵਿੱਚ ਸਿੱਖ ਕੌਮ ਵਿੱਚ ਇੱਕ ਹੋਰ ਬੜੀ ਦੁਖਦਾਈ ਅਤੇ ਹਾਸੋਹੀਣੀ ਸਥਿਤੀ ਹੈ ਕਿ ਸਾਡਾ ਇੱਕ ਨਹੀਂ, ਬਲਕਿ ਪੰਜ ਤਖਤ ਹਨ। ਇੱਥੇ ਇਹ ਮਹਤੱਵ ਪੂਰਨ ਗੱਲ ਵਿਚਾਰ ਲੈਣੀ ਵੀ ਯੋਗ ਹੋਵੇਗੀ ਕਿ ਤਖਤ ਕਿਤਨੇ ਹਨ ਯਾ ਹੋ ਸਕਦੇ ਹਨ? ਇਸ ਬਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਫੁਰਮਾਂਉਂਦੀ ਹੈ:

"ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥"

{ਬਸੰਤੁ ਮਹਲਾ ੧, ਪੰਨਾ ੧੧੮੮}

ਦੁਨਿਆਵੀ ਤੌਰ ਤੇ ਵੀ ਵੇਖ ਲਈਏ ਤਾਂ ਦੁਨੀਆਂ ਵਿੱਚ ਕਿਸੇ ਵੀ ਕੌਮ, ਮੁਲਕ, ਰਾਜਸਤਾ ਦਾ ਕੇਵਲ ਇਕ ਹੀ ਤਖ਼ਤ ਹੁੰਦਾ ਹੈ। ਹਾਂ ਕਈ ਵਾਰੀ ਉਸ ਦਾ ਕਾਰਜ ਸਥਾਨ, ਸਮੇਂ ਅਤੇ ਲੋੜ ਅਨੁਸਾਰ ਬਦਲ ਲਿਆ ਜਾਂਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਭਾਰਤ ਦੀ ਵੰਡ ਤੋਂ ਪਹਿਲਾਂ, ਅੰਗਰੇਜ਼ਾਂ ਦੇ ਰਾਜ ਸਮੇਂ ਪੰਜਾਬ ਦੀ ਰਾਜਧਾਨੀ ਲਾਹੌਰ ਸੀ, ਪਰ ਗਰਮੀਆਂ ਵਿੱਚ ਇਸ ਨੂੰ ਸ਼ਿਮਲੇ ਬਦਲ ਲਿਆ ਜਾਂਦਾ ਸੀ। ਅੱਜ ਵੀ ਜੰਮੂ ਕਸ਼ਮੀਰ ਰਿਆਸਤ ਦੀ ਰਾਜਧਾਨੀ ਸ੍ਰੀਨਗਰ ਹੈ, ਪਰ ਸਰਦੀਆਂ ਵਿੱਚ ਇਸ ਨੂੰ ਜੰਮੂ ਬਦਲ ਲਿਆ ਜਾਂਦਾ ਹੈ। ਦੁਨੀਆਂ ਵਿੱਚ ਸ਼ਾਇਦ ਇਕੋ ਕੌਮ ਦੇ ਕਈ ਤਖ਼ਤਾਂ ਦਾ, ਇਕੋ ਵਿਲੱਖਣ ਪ੍ਰਮਾਣ ਸਿੱਖ ਕੌਮ ਦਾ ਹੈ। ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ ਨੂੰ ਤਾਂ ਤਖ਼ਤ 1968 ਵਿੱਚ ਐਲਾਨਿਆਂ ਗਿਆ, ਸਿਰਫ ਉਸ ਇਲਾਕੇ ਦੇ ਭੋਲੇ ਭਾਲੇ ਸਿੱਖਾਂ ਨੂੰ ਖੁਸ਼ ਕਰਨ ਅਤੇ ਇਸ ਗੱਲ ਦਾ ਸਿਆਸੀ ਲਾਹਾ ਲੈਣ ਵਾਸਤੇ। ਹੋਰ ਤਾਂ ਹੋਰ ਇਕ ਪਖੰਡੀ ਸਾਧ ਵਲੋਂ ਸੰਗਰੂਰ ਨੇੜੇ ਮਸਤੂਆਣੇ ਦੇ ਸਥਾਨ ਤੇ ਦਰਬਾਰ ਸਾਹਿਬ ਦੀ ਨਕਲ ਬਣਾ ਦਿੱਤੀ ਗਈ ਹੈ(ਅਕਾਲ-ਤਖ਼ਤ ਸਾਹਿਬ ਤੋਂ ਇਨ੍ਹਾਂ ਜਥੇਦਾਰਾਂ ਦੇ ਹੋਏ ਹੁਕਮ ਦੇ ਬਾਵਜੂਦ ਇਹ ਢਾਹੀ ਨਹੀਂ ਗਈ) ਅਤੇ ਇੱਕ ਹੋਰ ਅਕਾਲ ਤਖ਼ਤ ਵੀ ਬਨਾਉਣ ਦੀ ਤਿਆਰੀ ਹੋ ਰਹੀ ਹੈ, ਮਾਲਵੇ ਦਾ ਅਲੱਗ ਅਕਾਲ ਤਖ਼ਤ। ਸਿੱਖ ਕੌਮ ਵਿੱਚ ਕੁਝ ਜਾਗ੍ਰਿਤੀ ਆਉਣ ਅਤੇ ਰੌਲਾ ਪਾਉਣ ਕਾਰਨ, ਅਜੇ ਇਹ ਕਾਰਜ ਰੋਕ ਦਿੱਤਾ ਗਿਆ ਹੈ, ਪਰ ਉਸ ਪਖੰਡੀ ਸਾਧ ਵਲੋਂ ਪੂਰੀ ਤਿਆਰੀ ਹੈ। ਪਿਛਲੇ ਦਿਨੀਂ ਤਖ਼ਤ ਪਟਨਾ ਸਾਹਿਬ ਦੇ ਅਖੌਤੀ ਜਥੇਦਾਰ ਇਕਬਾਲ ਸਿੰਘ ਵਲੋਂ ਇਹ ਬਿਆਨ ਦਿੱਤਾ ਗਿਆ ਕਿ ਉਹ ਪੰਜਾਬ ਵਿਚਲੇ ਜਥੇਦਾਰਾਂ ਦੀ ਬਹੁਗਿਣਤੀ ਦੀ ਧੌਂਸ ਮੁਕਾਉਣ ਲਈ ਪੰਜਾਬੋਂ ਬਾਹਰ ਇਕ ਹੋਰ ਤਖ਼ਤ ਬਨਾਉਣਗੇ। ਜਾਪਦਾ ਹੈ ਕਿ ਅਕਾਲ ਤਖ਼ਤ ਤੋਂ ਇਲਾਵਾ ਬਾਕੀ ਤਖ਼ਤਾਂ ਦਾ ਜਨਮ ਵੀ ਐਸੇ ਹੀ ਸੁਆਰਥਾਂ ਵਿੱਚੋਂ ਹੋਇਆ ਹੋਵੇਗਾ, ਇਹੀ ਕਾਰਨ ਹੈ ਕਿ ਕਿਸੇ ਵੀ ਦੇਸੀ ਜਾਂ ਵਿਦੇਸ਼ੀ ਪੁਰਾਤਨ ਇਤਿਹਾਸਕਾਰ ਨੇ ਵੀਹਵੀਂ ਸਦੀ ਦੇ ਸ਼ੁਰੂ ਤੱਕ ਅਕਾਲ ਤਖ਼ਤ ਸਾਹਿਬ ਤੋਂ ਸਿਵਾ ਹੋਰ ਕਿਸੇ ਤਖ਼ਤ ਦਾ ਜ਼ਿਕਰ ਨਹੀਂ ਕੀਤਾ।

ਪੰਜਾਬੋਂ ਬਾਹਰਲੇ ਦੋ ਤਖ਼ਤਾਂ ਤੇ ਤਾਂ ਲੰਬੇ ਸਮੇਂ ਤੋਂ, ਸਿੱਧਾ ਹੀ ਪੰਥ ਵਿਰੋਧੀ ਤਾਕਤਾਂ ਦਾ ਕਬਜ਼ਾ ਰਿਹਾ ਹੈ, ਇਹ ਸਿੱਖ ਕੌਮ ਵਿੱਚ ਦੁਬਿਧਾ ਪਾਉਣ ਅਤੇ ਝਗੜੇ ਖੜੇ ਕਰਨ ਵਿੱਚ ਵੱਡਾ ਰੋਲ ਨਿਭਾ ਰਹੇ ਹਨ। ਇਹ ਗੱਲ ਇਨ੍ਹਾਂ ਤਖ਼ਤਾਂ ਤੇ ਚਲ ਰਹੀਆਂ ਅਲੱਗ ਅਲੱਗ ਮਰਿਆਦਾਵਾਂ, ਇਨ੍ਹਾਂ ਦੇ ਪੁਜਾਰੀਆਂ ਵਲੋਂ ਸਮੇਂ ਸਮੇਂ ਤੇ ਆਪਣੇ ਸਰਵਉਚ ਹੋਣ ਦੇ ਕੀਤੇ ਜਾ ਰਹੇ ਦਾਅਵਿਆਂ, ਇਕ ਪੰਥਕ ਜੁਗਤਿ ਵਿੱਚ ਬਝਣ ਤੋਂ ਇਨਕਾਰੀ ਹੋਣਾ ਅਤੇ ਸਮੇਂ ਸਮੇਂ ਤੇ ਜਾਰੀ ਕੀਤੇ ਜਾ ਰਹੇ ਆਪ-ਹੁਦਰੇ, ਬੇਮਤਲਬ ਹੁਕਮਨਾਮਿਆਂ ਤੋਂ ਸਪਸ਼ਟ ਹੈ। ਇਕ ਸਾਜਸ਼, ਅਤੇ ਸੁਆਰਥ ਅਧੀਨ ਕੀਤੇ ਗਏ ਇਸ

ਕਾਰਜ ਨੂੰ ਵੀ ਸਾਡੇ ਰਾਜਨੀਤਿਕ ਅਤੇ ਧਾਰਮਕ ਆਗੂ, ਅਕਸਰ ਬੇਸ਼ਰਮੀ ਨਾਲ ਇਹ ਕਹਿ ਕੇ ਜਾਇਜ਼ ਠਹਿਰਾਉਣ ਦਾ ਯਤਨ ਕਰਦੇ ਹਨ ਕਿ ਸਿੱਖ ਕੌਮ ਬਾਕੀ ਸਭ ਕੌਮਾਂ ਨਾਲੋਂ ਵਿਲੱਖਣ ਹੈ ਅਤੇ ਇਹ ਵੀ ਸਾਡੀ ਵਿਲੱਖਣਤਾ ਦਾ ਇਕ ਪ੍ਰਮਾਣ ਹੈ। ਹੋਰ ਕੋਈ ਫਰਕ ਪਵੇ ਨਾ ਪਵੇ, ਇਸ ਨਾਲ ਅਕਾਲ-ਤਖ਼ਤ ਸਾਹਿਬ ਦੇ ਸਤਿਕਾਰ, ਮਹੱਤਤਾ ਅਤੇ ਕਾਰਜ ਕੁਸ਼ਲਤਾ ਤੇ ਭਰਪੂਰ ਅਸਰ ਪੈਂਦਾ ਹੈ।

ਅਕਾਲ ਤਖ਼ਤ ਸਾਹਿਬ ਦੀ ਕਾਰਜ ਪ੍ਰਣਾਲੀ:

ਜੇ ਅਸੀਂ ਅਕਾਲ-ਪੁਰਖ ਦੇ ਅਟੱਲ ਸਿਧਾਂਤਾਂ ਦਾ ਸੰਕੇਤਕ ਤਖ਼ਤ ਬਣਾਇਆ ਹੈ, ਤਾਂ ਇਹ ਜ਼ਰੂਰੀ ਹੈ ਕਿ ਇਥੇ ਸਭ ਕੁਝ ਗੁਰਮਤਿ ਸਿਧਾਂਤਾਂ ਅਤੇ ਅਕਾਲ-ਪੁਰਖ ਦੇ ਅਟੱਲ ਨੇਮਾਂ, ਜੋ ਉਸ ਦੇ ਇਲਾਹੀ ਗੁਣਾਂ ਦੇ ਪ੍ਰਤੀਕ ਹਨ, ਅਨੁਸਾਰ ਹੋਵੇ। ਅਕਾਲ-ਪੁਰਖ ਦਾ ਸਭ ਤੋਂ ਵੱਡਾ ਗੁਣ ਹੈ ਕਿ ਉਹ ਆਪ ਸੱਚਾ ਹੈ, ਅਤੇ ਉਸ ਦਾ ਨਿਆਂ ਵੀ ਸੱਚਾ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥"

{ਤਿਲੰਗ ਮਹਲਾ ੧, ਪੰਨਾ ੭੨੩}

"ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥"

{ਰਾਮਕਲੀ ਕੀ ਵਾਰ ਮਹਲਾ ੩, ਪੰਨਾ ੯੪੯}

"ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥"

{ਸਿਰੀਰਾਗ ਕੀ ਵਾਰ ਮਹਲਾ ੪, ਪੰਨਾ ੯੦}

"ਤੇਰੈ ਘਰਿ ਸਦਾ ਸਦਾ ਹੈ ਨਿਆਉ ॥" {ਆਸਾ ਮਹਲਾ ੫, ਪੰਨਾ ੩੭੬}

"ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥"

{ਵਡਹੰਸੁ ਮਹਲਾ ੧, ਪੰਨਾ ੫੮੦}

ਇਸ ਲਈ ਸਭ ਤੋਂ ਵੱਧ ਮਹੱਤਵ ਪੂਰਨ ਇਹ ਹੈ ਕਿ ਇੱਥੇ ਹੋ ਰਹੇ ਸਭ ਕਾਰਜ ਸੱਚ ਤੇ ਅਧਾਰਤ ਹੋਣ ਅਤੇ ਇੱਥੇ ਸਦਾ ਨਿਆਂ ਹੋਵੇ। ਕੋਈ ਇਮਾਰਤ ਜਾਂ ਸੰਸਥਾ ਆਪਣੇ ਆਪ ਵਿੱਚ, ਨਿਆਂ ਤਾਂ ਨਿਆਂ, ਕੋਈ ਵੀ ਕਾਰਜ ਜਾਂ ਕਾਰਵਾਈ ਨਹੀਂ ਕਰ ਸਕਦੀ। ਸਾਰੇ ਕਾਰਜ ਸੰਸਥਾ ਤੇ ਸਥਾਪਤ ਜਾਂ ਕਾਬਜ਼ ਵਿਅਕਤੀਆਂ ਦੁਆਰਾ ਹੀ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦੁਆਰਾ ਕੀਤੇ ਕਾਰਜਾਂ ਨਾਲ ਹੀ ਸੰਸਥਾ ਦਾ ਮਾਨ, ਅਪਮਾਨ, ਸਤਿਕਾਰ ਜੁੜਿਆ ਹੁੰਦਾ ਹੈ।

ਇਸ ਦੇ ਵਿੱਚ ਤਾਂ ਕੋਈ ਸ਼ੱਕ ਹੀ ਨਹੀਂ ਹੋ ਸਕਦਾ ਕਿ ਗੁਰੂ ਪਾਤਿਸ਼ਾਹਾਂ ਦੇ ਜੀਵਨ ਕਾਲ ਵਿੱਚ ਸਭ ਕਾਰਜ ਅਤੇ ਫੈਸਲੇ, ਸੱਚ ਨਿਆਂ ਤੇ ਹੀ ਅਧਾਰਤ ਸਨ। ਸਤਿਗੁਰੂ ਹਰਗੋਬਿੰਦ ਪਾਤਸ਼ਾਹ ਤੋਂ ਬਾਅਦ ਕੋਈ ਵੀ ਸਤਿਗੁਰੂ ਅੰਮ੍ਰਿਤਸਰ ਨਹੀਂ ਆ ਸਕੇ, ਪਰ ਇਸ ਗਲ ਨਾਲ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਭਾਵੇਂ ਅਕਾਲ ਬੁੰਗੇ ਦਾ ਇਕ ਥੜਾ ਉਸਾਰਿਆ ਗਿਆ ਸੀ, ਪਰ ਉਸ ਥੜੇ ਦੀ ਮਹਤੱਤਾ ਪੀਰੀ ਦੇ ਨਾਲ, ਮੀਰੀ ਦੇ ਸਿਧਾਂਤ ਨੂੰ ਪਰਗਟ ਕਰਨ ਦੀ ਹੈ। ਮੀਰੀ ਤੇ ਪੀਰੀ ਦੇ ਕਾਰਜ ਉਥੋਂ ਹੀ ਚਲਦੇ ਸਨ, ਜਿਥੇ ਸਤਿਗੁਰੂ ਪਾਤਿਸ਼ਾਹ ਆਪ ਹੁੰਦੇ ਸਨ। ਐਸੇ ਸਮੇਂ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਵਾਸਤੇ ਕਿਸੇ ਪ੍ਰਮੁਖ ਸ਼ਖਸੀਅਤ ਦੀ ਸੇਵਾ ਲਗਦੀ ਰਹੀ, ਜਿਨ੍ਹਾਂ ਵਿੱਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਦੇ ਨਾਂ ਸਭ ਤੋਂ ਪਹਿਲਾਂ ਸਾਹਮਣੇ

ਆਉਂਦੇ ਹਨ, ਪਰ ਇਨ੍ਹਾਂ ਗੁਰਸਿੱਖਾਂ ਦੀ ਜ਼ਿੰਮੇਂਵਾਰੀ ਵੀ ਇਨ੍ਹਾਂ ਸਥਾਨਾਂ ਦੀ ਸੇਵਾ ਸੰਭਾਲ ਅਤੇ ਨਿੱਤ ਕਾਰਜਾਂ, ਮਰਿਆਦਾ ਆਦਿ ਨਿਭਾਉਣ ਤੱਕ ਸੀਮਿਤ ਸੀ। ਇਮਾਰਤ ਦੀ ਮਹਤੱਤਾ ਕਦੇ ਵੀ ਇਤਨੀ ਨਹੀਂ ਸੀ, ਜਿਤਨੀ ਅਸੀਂ ਅੱਜ ਬਣਾ ਦਿੱਤੀ ਹੈ। ਇਹ ਤੱਥ ਇਸ ਗੱਲ ਤੋਂ ਵੀ ਸਪੱਸ਼ਟ ਹੈ ਕਿ ਸਿੱਖ ਇਤਿਹਾਸ ਦੇ ਪੁਰਾਤਨ ਲਿਖਾਰੀਆਂ, ਸ੍ਰ. ਕੇਸਰ ਸਿੰਘ ਛਿੱਬਰ, ਸ੍ਰ. ਰਤਨ ਸਿੰਘ ਭੰਗੂ ਆਦਿ ਨੇ ਆਪਣੀਆਂ ਲਿਖਤਾਂ ਵਿੱਚ ਅਕਾਲ ਤਖ਼ਤ ਸਾਹਿਬ ਨਾਂਅ ਦੀ ਕਿਸੇ ਸੰਸਥਾਂ ਜਾਂ ਇਮਾਰਤ ਦਾ ਜ਼ਿਕਰ ਤੱਕ ਨਹੀਂ ਕੀਤਾ। ਕਨਿੰਘਮ, ਇੰਦੂ ਭੂਸ਼ਣ ਬੈਨਰਜੀ, ਗਾਰਡਨ, ਮੁਹੰਮਦ ਲਤੀਫ ਜਿਹੇ ਅਨਮਤੀ ਦੇਸੀ ਜਾਂ ਬਿਦੇਸ਼ੀ ਲਿਖਾਰੀਆਂ ਦੀਆਂ ਲਿਖਤਾਂ ਵਿੱਚ ਵੀ ਅਕਾਲ ਤਖ਼ਤ ਸਾਹਿਬ ਦੀ ਕੋਈ ਚਰਚਾ ਨਹੀਂ। ਕਵੀ ਸੰਤੋਖ ਸਿੰਘ, ਗੁਰਬਿਲਾਸ ਪਾਤਸਾਹੀ ਛੇਵੀਂ ਦੇ ਲਿਖਾਰੀ ਅਤੇ ਭਾਈ ਕਾਹਨ ਸਿੰਘ ਨਾਭਾ ਜੀ ਨੇ ਅਕਾਲ ਬੁੰਗਾ ਲਿਖਿਆ ਹੈ। ਇਹ ਅਕਾਲ ਬੁੰਗੇ ਤੋਂ ਅਕਾਲ ਤਖ਼ਤ ਸਾਹਿਬ ਕਦੋਂ ਬਣਿਆ ਇਸ ਦੇ ਕੋਈ ਸਪੱਸ਼ਟ ਪ੍ਰਮਾਣ ਨਹੀਂ ਮਿਲਦੇ। 'ਹੁਕਮਨਾਮੇ ਆਦੇਸ਼ ਸੰਦੇਸ਼...ਸ੍ਰੀ ਅਕਾਲ ਤਖ਼ਤ ਸਾਹਿਬ' ਪੁਸਤਕ ਵਿੱਚ ਇਸ ਦੇ ਕਰਤਾ ਸ੍ਰ. ਰੂਪ ਸਿੰਘ ਨੇ ਜੋ ਪਹਿਲਾ ਹੁਕਮਨਾਮਾ ਪੰਨਾ 63 ਤੇ ਛਾਪਿਆ ਹੈ, 18 ਮਾਰਚ 1887 ਈ: ਦਾ ਹੈ, ਇਸ ਵਿੱਚ ਵੀ ਅਕਾਲ ਬੁੰਗਾ ਸ਼ਬਦ ਹੀ ਵਰਤਿਆ ਗਿਆ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਸਮੇਂ ਤੱਕ ਇਸ ਇਮਾਰਤ ਨੂੰ ਅਕਾਲ-ਬੁੰਗਾ ਹੀ ਆਖਿਆ ਜਾਂਦਾ ਸੀ, ਸੋ ਬਿਨਾ ਸ਼ੱਕ ਇਹ ਨਾਂ ਅੰਗਰੇਜ਼ਾਂ ਵੇਲੇ ਹੀ ਪ੍ਰਚੱਲਤ ਕੀਤਾ ਗਿਆ ਹੈ।

ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਅਕਾਲ ਪਾਇਆਣਾ ਕਰਨ ਤੋਂ ਬਾਅਦ, 19ਵੀਂ ਸਦੀ ਦੇ ਅੰਤ ਤੱਕ ਅਕਾਲ ਤਖ਼ਤ ਸਾਹਿਬ ਦਾ ਰੋਲ ਪੰਥਕ ਜੁਗਤਿ ਵਿੱਚ ਕੇਵਲ ਇਤਨਾ ਆਉਂਦਾ ਹੈ, ਕਿ ਜੇ ਸਮੇਂ ਦੇ ਹਾਲਾਤ ਮੁਤਾਬਕ ਸੰਭਵ ਹੋਵੇ ਤਾਂ, ਦਿਵਾਲੀ, ਵਿਸਾਖੀ ਤੇ ਇਸ ਦੇ ਸਾਹਮਣੇ ਪੰਥਕ ਇਕੱਠ ਹੁੰਦੇ ਸਨ, ਜਿਸ ਵਿੱਚ ਪੰਥ ਨੂੰ ਮੌਜੂਦਾ ਚੁਣੌਤੀਆਂ ਤੇ ਵਿਚਾਰ ਹੁੰਦੀ ਅਤੇ ਅਗਲੇ ਸਾਂਝੇ ਪੰਥਕ ਪ੍ਰੋਗਰਾਮ ਉਲੀਕੇ ਜਾਂਦੇ। ਇਨ੍ਹਾਂ ਦਿਨਾਂ ਦੀ ਚੋਣ ਇਸ ਕਰਕੇ ਕੀਤੀ ਗਈ ਸੀ ਕਿਉਂਕਿ ਇਨ੍ਹਾਂ ਦੋਹਾਂ ਸਮਿਆਂ ਤੇ ਹੀ ਮੌਸਮ ਸੁਹਾਵਣਾ ਹੁੰਦਾ ਹੈ, ਨਾ ਬਹੁਤੀ ਗਰਮੀਂ ਅਤੇ ਨਾ ਬਹੁਤੀ ਠੰਡ। ਦੂਸਰਾ ਪੰਜਾਬ ਸ਼ੁਰੂ ਤੋਂ ਹੀ ਖੇਤੀ ਮੁਖੀ ਸੂਬਾ ਹੋਣ ਕਾਰਨ, ਉਨ੍ਹਾਂ ਦਿਨਾਂ ਵਿੱਚ ਸਮੇਂ ਦੀ ਵਧੇਰੇ ਸੌਖ ਰਹਿੰਦੀ ਹੈ। ਸਿੱਖ ਧਰਮ ਵਿੱਚ ਦਿਵਾਲੀ ਜਾਂ ਸੰਗ੍ਰਾਂਦ ਦਾ ਕੋਈ ਹੋਰ ਮਹੱਤਵ ਨਹੀਂ ਅਤੇ ਨਾ ਹੀ ਉਸ ਸਮੇਂ ਮਨਾਉਣ ਦੀ ਰਵਾਇਤ ਸੀ। ਹਾਂ ਸੀਮਤ ਸਾਧਨਾਂ ਕਾਰਨ ਯਾਦ ਰੱਖਣ ਦੀ ਸਹੂਲੀਅਤ ਜਰੂਰ ਸੀ। ਇਨ੍ਹਾਂ ਦੋ ਮੌਕਿਆਂ ਤੋਂ ਇਲਾਵਾ ਵੀ ਜਦੋਂ ਕੋਈ ਪੰਥਕ ਮਸਲਾ ਸਾਹਮਣੇ ਆਉਂਦਾ ਤਾਂ ਸਾਰੀਆਂ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਬੁਲਾਕੇ ਮਸਲੇ ਵਿਚਾਰੇ ਜਾਂਦੇ ਅਤੇ ਫੈਸਲੇ ਲਏ ਜਾਂਦੇ। ਇਨ੍ਹਾਂ ਇਕੱਠਾਂ ਨੂੰ ਸਰਬੱਤ ਖਾਲਸਾ ਕਿਹਾ ਜਾਂਦਾ ਅਤੇ ਇਨ੍ਹਾਂ ਨੂੰ ਬੁਲਾਉਣ ਦਾ ਹੱਕ ਉਸ ਜਥੇਬੰਦੀ ਦੇ ਜਥੇਦਾਰ ਕੋਲ ਹੁੰਦਾ, ਜਿਸ ਜਥੇਬੰਦੀ ਕੋਲ ਅਕਾਲ ਤਖਤ ਸਾਹਿਬ ਦੀ ਸੇਵਾ ਸੰਭਾਲ ਹੁੰਦੀ, ਪਰ ਉਸ ਇਕੱਠ ਦੀ ਪ੍ਰਧਾਨਗੀ ਕਰਨ ਲਈ ਪੰਜ ਪਿਆਰੇ ਵੀ ਇਸੇ ਇਕੱਠ ਵਿਚੋਂ ਚੁਣੇ ਜਾਂਦੇ ਅਤੇ ਜਥੇਦਾਰ ਵੀ ਜੁੜੇ ਇਕੱਠ ਵਿਚੋਂ ਹੀ ਚੁਣਿਆਂ ਜਾਂਦਾ, ਜੋ ਹੋਏ ਫੈਸਲਿਆਂ ਦਾ ਐਲਾਨ ਸੰਗਤ ਵਿੱਚ ਕਰਦਾ। ਇਹ ਸਾਰੇ ਫੈਸਲੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਪੰਥਕ ਗੁਰਮਤੇ ਜਾਂ ਮਤੇ ਦੇ ਰੂਪ ਵਿੱਚ ਹੁੰਦੇ ਰਹੇ। ਇਹ ਸਰਬੱਤ ਖਾਲਸਾ ਸਾਰੇ ਪੰਥ ਦਾ ਪ੍ਰਤੀਨਿੱਧ ਇਕੱਠ ਹੁੰਦਾ ਸੀ। ਇਹ ਇਕੱਠ ਬੁਲਾਉਣ ਲਗਿਆਂ ਬਿਨਾਂ ਕਿਸੇ ਨਿੱਜੀ ਮੱਤਭੇਦ, ਈਰਖਾ, ਦੁਸ਼ਮਨੀ ਦੇ, ਸਾਰੀਆਂ ਪੰਥਕ ਜਥੇਬੰਦੀਆਂ ਨੂੰ ਸੱਦਾ ਦਿੱਤਾ ਜਾਂਦਾ। ਇਹ ਸਰਬੱਤ ਖਾਲਸਾ ਇਤਨੀ ਮਜਬੂਤ ਅਤੇ ਤਾਕਤਵਰ ਸੰਸਥਾ ਸੀ ਕਿ ਕੋਈ ਵਿਅਕਤੀ

ਜਾਂ ਜਥੇਬੰਦੀ ਇਸ ਦੇ ਫੈਸਲਿਆਂ ਤੋਂ ਬਾਗੀ ਹੋਣ ਦਾ, ਸੋਚ ਵੀ ਨਹੀਂ ਸੀ ਸਕਦੀ। ਮਹਾਰਾਜਾ ਰਣਜੀਤ ਸਿੰਘ ਕਿਉਂਕਿ ਆਪਣੇ ਖਾਨਦਾਨ ਦਾ ਇਕ ਪੁਰਖੀ ਰਾਜ ਕਾਇਮ ਕਰਨਾ ਚਾਹੁੰਦਾ ਸੀ, ਉਸ ਨੂੰ ਸਰਬੱਤ ਖਾਲਸੇ ਦੀ ਸ਼ਕਤੀਸ਼ਾਲੀ ਸੰਸਥਾ, ਆਪਣੇ ਇਸ ਮਕਸਦ ਵਿੱਚ ਇਕ ਰੁਕਾਵਟ ਜਾਪੀ, ਤਾਂ ਉਸ ਨੇ ਆਪਣੇ ਰਾਜ ਕਾਲ ਸਮੇਂ 1805 ਵਿਚ ਸਰਬੱਤ ਖਾਲਸੇ ਦੇ ਇਕੱਠ ਬੰਦ ਕਰਵਾ ਦਿੱਤੇ ਅਤੇ ਰਾਜ ਸੱਤਾ ਨੂੰ ਧਰਮ ਤੇ ਭਾਰੂ ਕਰਨ ਦੀ ਕੋਸ਼ਿਸ਼ ਕੀਤੀ। ਅੱਜ ਦੇ ਸਿੱਖ ਰਾਜਨੀਤਿਕ ਆਗੂ ਵੀ ਇਸ ਸੰਸਥਾ ਨੂੰ ਇਸੇ ਕਰਕੇ ਸੁਰਜੀਤ ਨਹੀਂ ਹੋਣ ਦੇਣਾ ਚਾਹੁੰਦੇ, ਕਿਉਂਕਿ ਉਹ ਜਾਣਦੇ ਹਨ ਕਿ ਇਸ ਸੰਸਥਾ ਦੇ ਮੁੜ ਹੋਂਦ ਵਿੱਚ ਆਉਣ ਨਾਲ ਉਨ੍ਹਾਂ ਦਾ ਕੌਮ ਉਤੋਂ ਨਜਾਇਜ਼ ਕਬਜ਼ਾ ਢਿੱਲਾ ਪੈ ਜਾਵੇਗਾ ਅਤੇ ਉਹ ਆਪਣੇ ਸੁਆਰਥੀ ਰਾਜਨੀਤਿਕ ਹਿਤਾਂ ਵਾਸਤੇ ਮਨਮਾਨੀਆਂ ਨਹੀਂ ਕਰ ਸਕਣਗੇ। ਅੱਜ ਦੇ ਸਿਆਸੀ ਆਗੂਆਂ ਵਲੋਂ ਇਹ ਪਰਚਾਰਿਆ ਜਾਂਦਾ ਹੈ ਕਿ ਕਿਉਂਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਵੋਟਾਂ ਨਾਲ ਚੁਣੀ ਹੋਈ ਸੰਸਥਾ ਹੈ, ਇਸ ਲਈ ਇਹੀ ਅਜ ਦਾ ਸਰਬੱਤ ਖਾਲਸਾ ਹੈ, ਹੋਰ ਸਰਬੱਤ ਖਾਲਸੇ ਦੀ ਲੋੜ ਨਹੀਂ। ਹਾਲਾਂਕਿ ਜਿਵੇਂ ਪੈਸੇ, ਤਾਕਤ, ਨਸ਼ਿਆਂ ਅਤੇ ਹੋਰ ਜਾਇਜ਼ ਨਾਜਾਇਜ਼ ਤਰੀਕਿਆਂ ਦੀ ਵਰਤੋਂ ਕਰਕੇ ਇਹ ਚੋਣਾਂ ਜਿਤੀਆਂ ਜਾਂਦੀਆਂ ਹਨ, ਇਹ ਕਿਸੇ ਤੋਂ ਲੁਕਿਆ ਨਹੀਂ। ਨਾ ਹੀ ਇਸ ਤਰੀਕੇ ਨਾਲ ਚੁਣੇ ਗਏ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਆਚਰਨ ਅਤੇ ਕਿਰਦਾਰ ਕਿਸੇ ਤੋਂ ਲੁਕਿਆ ਹੈ। ਇਨ੍ਹਾਂ ਤੇ ਤਾਂ ਗੁਰਬਾਣੀ ਦੀਆਂ ਇਹ ਤੁੱਕਾਂ ਹੀ ਢੁਕਦੀਆਂ ਹਨ:

"ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥"

{ਮ: ੧, ਪੰਨਾ ੮੫}

ਐਸੇ ਕਿਰਦਾਰ ਵਾਲੇ ਲੋਕ ਜੋ ਕਿਸੇ ਤਰ੍ਹਾਂ ਖ਼ਾਲਸਾ ਵੀ ਅਖਵਾਉਣ ਦੇ ਅਧਿਕਾਰੀ ਹੀ ਨਹੀਂ ਹਨ, ਆਪਣੇ ਇਕੱਠ ਨੂੰ ਸਰਬੱਤ ਖ਼ਾਲਸਾ ਦੱਸ ਰਹੇ ਹਨ। ਸਿੱਖ ਕੌਮ ਦੇ ਧਾਰਮਿਕ ਖੇਤਰ ਵਿੱਚ ਤਾਂ ਵੋਟਾਂ ਵਾਲੀਆਂ ਚੋਣਾਂ ਦਾ ਵਿਧਾਨ ਹੀ ਨਹੀਂ। ਜੇ ਵੋਟਾਂ ਦੁਆਰਾ ਚੋਣ ਹੁੰਦੀ ਤਾਂ ਸ਼ਾਇਦ ਭਾਈ ਲਹਿਣਾ ਜੀ ਗੁਰੂ ਅੰਗਦ ਪਾਤਿਸ਼ਾਹ ਨਾ ਬਣ ਸਕਦੇ। ਇਥੇ ਤਾਂ ਗੁਰਮਤਿ ਦੀ ਸੋਝੀ ਤੇ ਅਧਾਰਤ ਸ਼ੁਭ ਗੁਣਾਂ ਦੁਆਰਾ ਚੋਣ ਦਾ ਵਿਧਾਨ ਹੈ। ਅੰਗਰੇਜ਼ ਨੇ ਜਿਸ ਵੋਟਾਂ ਦੀ ਚੋਣ ਨੂੰ ਆਪਣੇ ਗਿਰਜੇ ਲਈ ਲਾਗੂ ਨਹੀਂ ਕੀਤਾ, ਉਸ ਨੂੰ ਸਿੱਖ ਕੌਮ ਵਾਸਤੇ ਕਾਨੂੰਨੀ ਮਾਨਤਾ ਦੇਕੇ ਸਿੱਖ ਕੌਮ ਵਿੱਚ ਸਦਾ ਲਈ ਪਾਪ ਦੇ ਬੀਜ ਬੋ ਗਿਆ ਹੈ। ਉਂਝ ਵੀ ਇਹ ਚੋਣਾਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਤੱਕ ਸੀਮਿਤ ਹਨ, ਜਦਕਿ ਸਿੱਖ ਅੱਜ ਦੁਨੀਆਂ ਦੇ ਹਰ ਕੋਨੇ ਵਿੱਚ ਵਸਦੇ ਹਨ। ਇਸੇ ਬਹਾਨੇ ਆਪਣੇ ਸਾਰੇ ਸਿਆਸੀ ਵਿਰੋਧੀਆਂ, ਪੰਥਕ ਜਥੇਬੰਦੀਆਂ ਅਤੇ ਪੰਥਕ ਸ਼ਖਸੀਅਤਾਂ ਨੂੰ ਵੀ ਪੰਥਕ ਜੁਗਤਿ ਚੋਂ ਬਾਹਰ ਰਖਿਆ ਜਾਂਦਾ ਹੈ। ਇਹ ਸਿਆਸੀ ਆਗੂ ਚੰਗੀ ਤਰ੍ਹਾਂ ਜਾਣਦੇ ਹਨ ਕਿ ਦੁਨੀਆਂ ਵਿੱਚ ਸਭ ਤੋਂ ਮਜ਼ਬੂਤ ਗੁਲਾਮੀ ਧਾਰਮਿਕ ਗੁਲਾਮੀ ਹੁੰਦੀ ਹੈ। ਇਸ ਲਈ ਸਿੱਖ ਕੌਮ ਨੂੰ ਧਾਰਮਿਕ ਗੁਲਾਮੀ ਵਿੱਚ ਜਕੜ ਕੇ ਰੱਖਣ ਵਾਸਤੇ ਤਖ਼ਤਾਂ ਦੇ ਜਥੇਦਾਰਾਂ ਦਾ ਅਹੁਦਾ ਇਜਾਦ ਕਰ ਲਿਆ ਗਿਆ ਹੈ, ਜੋ ਅਕਾਲ ਤਖ਼ਤ ਸਾਹਿਬ ਅਤੇ ਪੰਜ ਪਿਆਰਿਆਂ ਦੀ ਸੰਸਥਾ ਦੀ ਦੁਰਵਰਤੋਂ ਕਰ ਕੇ ਆਪਣੇ ਸਿਆਸੀ ਆਗੂਆਂ ਦੀ ਇੱਛਾ ਅਨੁਸਾਰ, ਸਿੱਖ ਕੌਮ ਨੂੰ ਮਾਨਸਿਕ ਗੁਲਾਮ ਬਣਾਕੇ ਰਖਦੇ ਹਨ।

ਅਕਾਲ ਤਖ਼ਤ ਦੇ ਜਥੇਦਾਰ ਦੇ ਅਹੁਦੇ ਦਾ ਸਿਧਾਂਤਕ ਪੱਖ:

ਅਕਾਲ ਤਖ਼ਤ ਸਾਹਿਬ ਦਾ ਥੜ੍ਹਾ ਭਾਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਨੇ ਤਿਆਰ ਕਰਵਾਇਆ, ਪਰ ਬਿਨਾਂ-ਸ਼ੱਕ ਇਹ ਗੁਰੂ ਨਾਨਕ ਪਾਤਿਸ਼ਾਹ ਦੇ ਉਸ ਤਖ਼ਤ ਦਾ ਲਖਾਇਕ ਹੈ, ਜੋ ਉਨ੍ਹਾਂ ਧਰਮ ਦਾ ਰਾਜ ਕਾਇਮ ਕਰਕੇ ਤਿਆਰ ਕੀਤਾ ਸੀ। ਇਸ ਤਖ਼ਤ ਤੇ ਸੁਸ਼ੋਭਿਤ ਹੋਣ ਦਾ ਹੱਕ ਕਿਸ ਨੂੰ ਹੈ? ਇਸ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਤੋਂ ਲੈਂਦੇ ਹਾਂ। ਸਤਿਗੁਰੂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਪ੍ਰਮਾਣ ਹਨ:

"ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥"
(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭)

ਸੈਂਕੜੇ ਸੇਵਕਾਂ ਵਾਲਾ ਗੁਰੂ ਨਾਨਕ ਸਰੀਰ ਵਟਾ ਕੇ (ਭਾਵ, ਗੁਰੂ ਅੰਗਦ ਸਾਹਿਬ ਜੀ ਦੇ ਸਰੂਪ ਵਿਚ) ਗੱਦੀ ਸੰਭਾਲ ਕੇ ਬੈਠਾ ਹੋਇਆ ਹੈ

"ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥" (ਨਲ੍ਯ ਕਵਿ, ਪੰਨਾ ੧੩੯੯)

ਉਸ (ਅਕਾਲ ਪੁਰਖ) ਨੇ ਗੁਰੂ ਰਾਮਦਾਸ (ਜੀ) ਨੂੰ ਰਾਜ ਤੇ ਜੋਗ (ਵਾਲਾ) ਤਖ਼ਤ(ਗੱਦੀ) ਦਿੱਤਾ ਹੈ (ਭਾਵ'ਗੁਰੂ ਰਾਮਦਾਸ ਨੂੰ ਸੱਚੇ ਤਖ਼ਤ ਤੇ ਬਿਠਾ ਦਿੱਤਾ ਹੈ)।

"ਬਿਦ੍ਯਮਾਨ ਗੁਰਿ ਆਪਿ ਥਪ੍ਯਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥੬॥"
{ਮਥੁਰਾ, ਪੰਨਾ ੧੪੦੪}

ਪ੍ਰਤੱਖ ਗੁਰੂ (ਅਮਰਦਾਸ ਜੀ) ਨੇ ਆਪ ਹੀ ਗੁਰੂ ਰਾਮਦਾਸ ਜੀ ਦਾ ਸੱਚਾ ਤਖ਼ਤ ਨਿਹਚਲ ਟਿਕਾ ਦਿੱਤਾ ਹੈ ।6।

"ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥"
(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੮)

(ਉਸ ਨਵੇਂ ਨਿਰੋਏ ਪ੍ਰਭੂ ਦੇ ਬਖ਼ਸ਼ੇ) ਤਖ਼ਤ(ਗੱਦੀ) ਉੱਤੇ (ਜਿਸ ਉੱਤੇ ਪਹਿਲੇ ਚਾਰੇ ਗੁਰੂ ਆਪੋ ਆਪਣੇ ਸਮੇ ਰੌਸ਼ਨ ਹੋਏ ਸਨ, ਹੁਣ) ਗੁਰੂ ਅਰਜਨ ਬੈਠਾ ਹੋਇਆ ਹੈ, ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ, (ਭਾਵ, ਸਤਿਗੁਰੂ ਅਰਜਨ ਸਾਹਿਬ ਦਾ ਤੇਜ-ਪ੍ਰਤਾਪ ਸਾਰੇ ਪਸਰ ਰਿਹਾ ਹੈ) ।

ਗੁਰਬਾਣੀ ਦੇ ਇਨ੍ਹਾਂ ਪ੍ਰਮਾਣਾਂ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਦੇ ਇਸ ਤਖ਼ਤ ਤੇ ਸੁਸ਼ੋਭਿਤ ਹੋਣ ਦਾ ਹੱਕ, ਕੇਵਲ ਨਾਨਕ ਜੋਤਿ ਨੂੰ ਹੈ। ਅੱਜ ਇਹ ਇਲਾਹੀ ਗਿਆਨ ਜੋਤਿ ਸਤਿਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਕਾਸ਼ਮਾਨ ਹੈ, ਇਸ ਲਈ ਗੁਰੂ ਗ੍ਰੰਥ ਸਾਹਿਬ ਹੀ ਇਸ ਤਖ਼ਤ ਦੇ ਵਾਰਿਸ ਹਨ ਅਤੇ ਉਥੇ ਸੁਭਾਇਮਾਨ ਹਨ। ਸਤਿਗੁਰੂ ਦੇ ਹਜ਼ੂਰ ਵਿੱਚ, ਕੋਈ ਵੀ ਵਿਅਕਤੀ ਇਸ ਤਖ਼ਤ ਦਾ ਸੇਵਾਦਾਰ ਹੋ ਸਕਦਾ ਹੈ, ਇਸ ਤੋਂ ਵੱਧ ਹੋਰ ਕੁਝ ਨਹੀਂ। ਇਸੇ ਸਿਧਾਂਤ ਤੋਂ ਅਨਜਾਣ ਕੁਝ ਭੋਲੇ ਗੁਰਸਿੱਖਾਂ, ਅਤੇ ਕੁਝ ਸੁਆਰਥੀ ਅਤੇ ਸ਼ਰਾਰਤੀ ਵਿਅਕਤੀਆਂ ਵਲੋਂ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਆਪਣੇ ਸਮੇਂ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕਹਿ ਦਿੱਤਾ ਜਾਂਦਾ ਹੈ। ਗੁਰੂ ਪਾਤਿਸ਼ਾਹ ਦੇ ਆਪ ਹੁੰਦਿਆਂ ਤਾਂ ਵੈਸੇ ਹੀ ਕਿਸੇ ਵਿਅਕਤੀ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੋਣ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਜੇ ਕੋਈ ਅਕਾਲ ਤਖ਼ਤ ਦਾ

ਜਥੇਦਾਰ ਹੋਵੇਗਾ, ਤਾਂ ਉਹ ਆਪਣੇ ਫੈਸਲੇ ਵੀ ਸੁਣਾਏਗਾ, ਹੁਕਮਨਾਮੇ ਵੀ ਜਾਰੀ ਕਰੇਗਾ। ਕੀ ਸਤਿਗੁਰੂ ਦੇ ਆਪ ਹੁੰਦਿਆਂ ਕੋਈ ਹੋਰ ਵਿਅਕਤੀ ਪੰਥ ਦੇ ਫੈਸਲੇ ਕਰ ਸਕਦਾ ਹੈ ਜਾਂ ਸਤਿਗੁਰੂ ਦੇ ਬਰਾਬਰ ਕੌਮ ਦੇ ਨਾਂ ਹੁਕਮਨਾਮੇ ਜਾਰੀ ਕਰ ਸਕਦਾ ਹੈ? ਇਨ੍ਹਾਂ ਭੋਲੇ ਲੋਕਾਂ ਦੀ ਸਮਝ ਤੇ ਤਾਂ ਤਰਸ ਹੀ ਖਾਧਾ ਜਾ ਸਕਦਾ ਹੈ, ਪਰ ਸੁਆਰਥੀ ਅਤੇ ਸ਼ਰਾਰਤੀ ਲੋਕਾਂ ਦੀ ਕੌਮ ਪ੍ਰਤੀ ਇਮਾਨਦਾਰੀ ਬਾਰੇ ਗੰਭੀਰਤਾ ਨਾਲ ਸੋਚਣਾ ਪਵੇਗਾ।

ਕਦੋਂ ਤੋਂ ਹੋਂਦ ਵਿੱਚ ਆਇਆ ਅਖੌਤੀ ਜਥੇਦਾਰ ਦਾ ਅਹੁਦਾ ?

'ਹੁਕਮਨਾਮੇ ਆਦੇਸ਼ ਸੰਦੇਸ਼...ਸ੍ਰੀ ਅਕਾਲ ਤਖ਼ਤ ਸਾਹਿਬ' ਪੁਸਤਕ ਵਿੱਚ ਇਸ ਦੇ ਕਰਤਾ ਸ੍ਰ. ਰੂਪ ਸਿੰਘ ਨੇ ਜੋ ਪਹਿਲਾ ਹੁਕਮਨਾਮਾ ਪੰਨਾ 63 ਤੇ ਛਾਪਿਆ ਹੈ, 18 ਮਾਰਚ 1887 ਈ: ਦਾ ਸਿੰਘ ਸਭਾ ਲਹਿਰ ਦੇ ਮੁਖੀਆਂ 'ਚੋਂ ਇਕ ਪਮੁਖ ਸ਼ਕਸੀਅਤ ਸ੍ਰ. ਗੁਰਮੁਖ ਸਿੰਘ ਵਿਰੁਧ ਹੈ। ਇਕ ਗੱਲ ਤਾਂ ਇਹ ਨੋਟ ਕਰਨ ਵਾਲੀ ਹੈ ਕਿ ਇਸ ਵਿੱਚ ਅਕਾਲ ਤਖ਼ਤ ਨਹੀਂ ਬਲਕਿ ਅਕਾਲ ਬੁੰਗਾ ਸ਼ਬਦ ਆਇਆ ਹੈ, ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਸ ਵੇਲੇ ਤੱਕ ਇਸ ਇਮਾਰਤ ਨੂੰ ਅਕਾਲ ਬੁੰਗਾ ਹੀ ਆਖਿਆ ਜਾਂਦਾ ਸੀ। ਇਸ ਵਿੱਚ ਦਸਤਖਤ ਕਰਨ ਵਾਲਿਆਂ ਦਾ ਵੇਰਵਾ ਇੰਜ ਹੈ:

ਦਸਤਖ਼ਤ ਹਾਜ਼ਰੀਨ ਸਿੰਘਾਨ ਉਹਦੇਦਾਰਾਨ ਵ ਗ੍ਰੰਥੀਆਨ ਵ ਪੁਜਾਰੀਆਨ: ਸਰਦਾਰ ਮਾਨ ਸਿੰਘ ਸਰਬਰਾਹ ਗੁਰਦਵਾਰੇ ਸਾਹਿਬਾਨ, ਸ: ਕਾਨ੍ਹ ਸਿੰਘ ਮਜੀਠੀਆ ਰਈਸ, ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਮਹੰਤ ਸ੍ਰੀ ਅਕਾਲ ਬੁੰਗਾ ਸਾਹਿਬ, ਭਾਈ ਤੇਜ ਸਿੰਘ ਮੁਹਤਮਿਮ ਸ੍ਰੀ ਅਕਾਲ ਬੁੰਗਾ ਸਾਹਿਬ, ਭਾਈ ਜਵਾਹਰ ਸਿੰਘ ਮੁਹਤਮਿਮ ਸ੍ਰੀ ਅਕਾਲ ਬੁੰਗਾ ਸਾਹਿਬ, ਭਾਈ ਪ੍ਰਤਾਪ ਸਿੰਘ, ਸੁੰਦਰ ਸਿੰਘ, ਸ਼ੇਰ ਸਿੰਘ, ਭਾਈ ਕਰਮ ਸਿੰਘ ਅਰਦਾਸੀਆ ਸ੍ਰੀ ਦਰਬਾਰ ਸਾਹਿਬ, ਸਰਦਾਰ ਜਸਵੰਤ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ, ਠਾਕੁਰ ਸਿੰਘ ਪੁਜਾਰੀ, ਭਾਈ ਦੇਵਾ ਸਿੰਘ ਧੂਪੀਆ, ਭਾਈ ਮੁਲਤਾਨਾ ਸਿੰਘ, ਭਾਈ ਸੰਤਾ ਸਿੰਘ ਪੁਜਾਰੀ, ਭਾਈ ਹਰਦਿੱਤ ਸਿੰਘ ਅਰਦਾਸੀਆ, ਭਾਈ ਮਹਾ ਸਿੰਘ, ਭਾਈ ਟੇਕ ਸਿੰਘ ਪੱਤੀਦਾਰ ਅਕਾਲ ਬੁੰਗੀਆ, ਚੰਚਲ ਸਿੰਘ, ਪ੍ਰੇਮ ਸਿੰਘ ਅਕਾਲ ਬੁੰਗੀਆ ਪੱਤੀਦਾਰ, ਗੁਲਾਬ ਸਿੰਘ ਪੁਜਾਰੀ ਸ੍ਰੀ ਦਰਬਾਰ ਸਾਹਿਬ, ਅਤਰ ਸਿੰਘ ਅਕਾਲ ਬੁੰਗੀਆ, ਭਾਈ ਨਾਰਾਇਣ ਸਿੰਘ ਨੰਬਰਦਾਰ ਬਾਬਾ ਅਟੱਲ ਰਾਇ ਸਾਹਿਬ ਜੀ, ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ ਬਾਬਾ ਅਟਲ ਰਾਇ ਜੀ ਦੇ ਸੁਖਈ, ਭਾਈ ਦਰਬਾਰਾ ਸਿੰਘ ਛੰਡੇ ਬੁੰਗੀਆ, ਭਾਈ ਕ੍ਰਿਪਾਲ ਸਿੰਘ ਛੰਡੇ ਬੁੰਗੀਆ, ਗੁਰਦਿੱਤ ਸਿੰਘ ਨਿਸ਼ਾਨਚੀ, ਭਾਈ ਸੰਤ ਸਿੰਘ ਨੰਬਰਦਾਰ, ਭਾਈ ਨਾਰਾਇਣ ਸਿੰਘ ਜੀ ਗ੍ਰੰਥੀ ਸ੍ਰੀ ਤਰਨਤਾਰਨ ਸਾਹਿਬ।

ਪੰਨਾ 64 ਤੇ ਦੂਸਰਾ ਹੁਕਮਨਾਮਾ ਮਿਤੀ 12.10.1920 ਦਾ ਹੈ ਜਿਸ ਵਿੱਚ ਅਰੂੜ ਸਿੰਘ ਵਲੋਂ ਅੰਗਰੇਜ਼ ਸਰਕਾਰ ਨੂੰ ਖੁਸ਼ ਕਰਨ ਲਈ ਜਾਰੀ ਕੀਤੇ ਹੁਕਮਨਾਮੇ ਕਿ, "ਜਿਨ੍ਹਾਂ ਨੇ ਬਜ-ਬਜ ਘਾਟ ਤੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ਅਤੇ ਮਾਰੇ ਗਏ ਉਹ ਸਿੱਖ ਨਹੀਂ ਹਨ", ਨੂੰ ਰੱਦ ਕਰਨ ਬਾਰੇ ਹੈ। ਇਸ ਉੱਤੇ ਕਿਸੇ ਦੇ ਦਸਤਖ਼ਤ ਨਹੀਂ ਹਨ, ਪਰ ਇਸ ਦੀ ਪਹਿਲੀ ਪੰਕਤੀ, "ਅਕਾਲ ਤਖ਼ਤ ਸਾਹਿਬ ਤੇ ਸਜਿਆ ਖ਼ਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ" ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਪੰਥ ਵਲੋਂ ਗੁਰਮਤਿ ਅਨੁਸਾਰ ਕੀਤਾ ਗਿਆ ਗੁਰਮਤਾ ਹੈ।

ਪੰਨਾ 65 ਤੇ ਤੀਸਰਾ ਹੁਕਮਨਾਮਾ 13.10.1920 ਦਾ, ਦਰਬਾਰ ਸਾਹਿਬ ਅੰਮ੍ਰਿਤਸਰ

ਅਤੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਪ੍ਰਤੀਨਿਧ ਪੰਥਕ ਕਮੇਟੀ ਚੁਨਣ ਵਾਸਤੇ ਹੈ। ਇਸ ਵਿੱਚ ਦਸਤਖ਼ਤ, ਡਾਕਟਰ ਗੁਰਬਖ਼ਸ਼ ਸਿੰਘ, ਸੇਵਕ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ, ਦੇ ਹਨ। ਇਹ ਤਾਂ ਇਤਿਹਾਸਕ ਸਚਾਈ ਹੈ ਕਿ ਡਾਕਟਰ ਗੁਰਬਖ਼ਸ਼ ਸਿੰਘ ਨਾ ਤਾਂ ਕਦੀ ਅਕਾਲ-ਤਖ਼ਤ ਸਾਹਿਬ ਦੇ ਸਰਬਰਾਹ ਰਹੇ ਅਤੇ ਨਾ ਹੀ ਅਖੌਤੀ ਜਥੇਦਾਰ। ਵੈਸੇ ਤਾਂ ਇਸ ਨੂੰ ਹੁਕਮਨਾਮਾ ਕਹਿਣਾ ਕਿਸੇ ਤਰ੍ਹਾਂ ਵੀ ਯੋਗ ਨਹੀਂ, ਕਿਉਂਕਿ ਮੂਲ ਰੂਪ ਵਿੱਚ ਇਹ ਗੁਰਦੁਆਰਿਆਂ ਦੇ ਪ੍ਰਬੰਧ ਲਈ ਕਮੇਟੀ ਚੁਨਨ ਦਾ ਸੱਦਾ ਪੱਤਰ ਹੈ ਅਤੇ ਸੱਦਾ ਪੱਤਰ ਭੇਜਣ ਵਾਲੇ ਡਾਕਟਰ ਗੁਰਬਖ਼ਸ਼ ਸਿੰਘ ਨੇ ਆਪਣੇ ਆਪ ਨੂੰ ਸੇਵਕ ਲਿਖਿਆ ਹੈ।

ਉਪਰਲੇ ਤਿੰਨਾਂ ਹੁਕਮਨਾਮਿਆਂ ਵਿੱਚੋਂ ਕਿਸੇ ਤੇ ਵੀ ਕਿਸੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਦਸਤਖ਼ਤ ਨਹੀਂ ਅਤੇ ਨਾ ਹੀ ਕਿਸੇ ਅਖੌਤੀ ਜਥੇਦਾਰ ਦਾ ਕੋਈ ਜ਼ਿਕਰ ਹੈ, ਜਿਸ ਤੋਂ ਸਪਸ਼ਟ ਹੈ ਕਿ ਉਸ ਸਮੇਂ ਤੱਕ ਇਹ ਜਥੇਦਾਰ ਦਾ ਮੌਜੂਦਾ ਅਹੁਦਾ ਹੋਂਦ ਵਿੱਚ ਨਹੀਂ ਸੀ ਆਇਆ।

ਕੌਮੀ ਪ੍ਰਬੰਧਕੀ ਕਾਰਜਾਂ ਵਾਸਤੇ ਅੱਜ ਸਿੱਖ ਕੌਮ ਦੇ ਦੋ ਬਹੁਤ ਮਹੱਤਵ ਪੂਰਨ ਦਸਤਾਵੇਜ਼ ਹਨ। ਪਹਿਲਾ ਹੈ ਸਿੱਖ ਗੁਰਦੁਆਰਾ ਐਕਟ ਅਤੇ ਦੂਸਰਾ ਸਿੱਖ ਰਹਿਤ ਮਰਿਆਦਾ। ਗੁਰਦੁਆਰਿਆਂ ਦੇ ਪ੍ਰਬੰਧ ਨਾਲ ਸੰਬੰਧਤ, ਸਾਰੇ ਮਸਲੇ ਅਤੇ ਸਿੱਖ ਕੌਮ ਦੇ ਸਾਰੇ ਧਾਰਮਿਕ ਕਾਰ ਵਿਹਾਰ, ਇਨ੍ਹਾਂ ਦਸਤਾਵੇਜ਼ਾਂ ਦੇ ਅਧਾਰ ਤੇ ਚਲਦੇ ਹਨ।

ਅੱਜ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ। ਸ਼੍ਰੋਮਣੀ ਕਮੇਟੀ ਇਕ ਲੰਬੇ ਜਦੋਜਹਿਦ ਅਤੇ ਬੇਅੰਤ ਕੁਰਬਾਨੀਆਂ ਤੋਂ ਬਾਅਦ ਹੋਂਦ ਵਿੱਚ ਆਈ ਅਤੇ ਇਸ ਸੰਸਥਾ ਨੂੰ ਕਾਇਮ ਕਰਨ ਲਈ ਸਮੇਂ ਦੀ ਸਰਕਾਰ ਵਲੋਂ ਜੋ ਵਿਧੀ ਵਿਧਾਨ ਤਿਆਰ ਕੀਤਾ ਗਿਆ, ਉਸ ਨੂੰ 1925 ਦਾ ਗੁਰਦੁਆਰਾ ਐਕਟ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਇਸ ਐਕਟ ਅਧੀਨ ਹੋਈ ਅਤੇ ਇਹ ਇਕ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਹੈ। ਸਿਧਾਂਤਕ ਅਤੇ ਅਮਲੀ ਤੌਰ ਤੇ ਇਸ ਦੇ ਸਾਰੇ ਕਾਰ ਵਿਹਾਰ ਇਸ ਐਕਟ ਅਨੁਸਾਰ ਹੀ ਹੋਣੇ ਚਾਹੀਦੇ ਹਨ। ਇਹ ਕਮੇਟੀ ਜਿੱਥੇ ਪੰਜਾਬ, ਹਰਿਆਣਾ,ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੀ ਹੈ, ਸਿੱਖ ਇਤਿਹਾਸਕ ਸਥਾਨ ਹੋਣ ਕਾਰਨ ਪੰਜਾਬ ਵਿਚਲੇ ਤਿੰਨਾਂ ਤਖ਼ਤਾਂ ਦਾ ਪ੍ਰਬੰਧ ਵੀ ਇਸੇ ਅਧੀਨ ਆਉਂਦਾ ਹੈ। ਇਸ ਐਕਟ ਵਿੱਚ ਕਿਤੇ ਵੀ ਕੋਈ ਅਕਾਲ ਤਖ਼ਤ ਜਾਂ ਕਿਸੇ ਹੋਰ ਤਖ਼ਤ ਦੇ ਜਥੇਦਾਰ ਦੇ ਅਹੁਦੇ ਦਾ ਨਾਂ ਤੱਕ ਨਹੀਂ ਹੈ। ਹਾਂ ਇਸ ਦੇ ਭਾਗ 3, ਚੈਪਟਰ ੜੀ, ਧਾਰਾ 43.2 ਅਨੁਸਾਰ ਹੈਡ ਮਿਨਿਸਟਰ (Head Minister) ਦਾ ਅਹੁਦਾ ਹੈ, ਅਤੇ ਅੰਗ੍ਰੇਜ਼ੀ ਨੇਮ ਅਨੁਸਾਰ ਇਸ ਦਾ ਅਰਥ ਹੈ, ਮੁੱਖ-ਪੁਜਾਰੀ। ਸ਼੍ਰੋਮਣੀ ਕਮੇਟੀ ਵਲੋਂ 1968 ਵਿੱਚ ਤਖ਼ਤ ਐਲਾਣੇ ਦਮਦਮਾ ਸਾਹਿਬ ਨੂੰ ਭਾਰਤ ਸਰਕਾਰ ਨੇ ਸੈਕਸ਼ਨ 43 ਅਧੀਨ ਮਾਨਤਾ, ਮਨਿਸਟਰੀ ਔਫ ਹੋਮ ਅਫੇਰਜ਼ ਦੇ ਮਿਤੀ 23 ਅਪ੍ਰੈਲ 1999 ਦੇ ਨੋਟੀਫਿਕੇਸ਼ਨ ਨੰ. ਐਸ. ਓ. 281(ਈ) ਰਾਹੀਂ ਦਿੱਤੀ, ਇਸ ਵਿੱਚ ਵੀ ਹੈਡ ਮਿਨਿਸਟਰ ਦਾ ਹੀ ਅਹੁਦਾ ਪ੍ਰਵਾਨ ਕੀਤਾ ਗਿਆ, ਕਿਸੇ ਜਥੇਦਾਰ ਦਾ ਨਹੀਂ। ਸਿੱਖ ਕੌਮ ਵਿੱਚ ਪੂਜਾ ਜਾਂ ਪੂਜਾਰੀ ਦਾ ਕੋਈ ਵਿਧਾਨ ਨਹੀਂ, ਇਸ ਲਈ ਸਿੱਖ ਸੰਦਰਭ ਵਿੱਚ, ਅਸੀਂ ਇਸ ਨੂੰ ਮੁੱਖ ਗ੍ਰੰਥੀ ਕਹਿ ਸਕਦੇ ਹਾਂ। ਇਹ ਇਸ ਤੋਂ ਵੀ ਸਪੱਸ਼ਟ ਹੈ ਕਿਉਂਕਿ ਇਸੇ ਐਕਟ ਦੇ ਭਾਗ 3, ਚੈਪਟਰ VI, ਸੈਕਸ਼ਨ 46 (vi) ਅਨੁਸਾਰ ਬਾਕੀ ਗ੍ਰੰਥੀਆਂ ਵਾਸਤੇ ਮਿਨਿਸਟਰ (Minister)

ਸ਼ਬਦ ਵਰਤਿਆ ਗਿਆ ਹੈ। ਕਈ ਇਸ ਦਾ ਅਰਥ ਬਦੋਬਦੀ, ਜਥੇਦਾਰ ਕੱਢਣ ਦਾ ਯਤਨ ਕਰਦੇ ਹਨ, ਪਰ ਜਿਥੇ ਮਿਨਿਸਟਰ ਸ਼ਬਦ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ, ਇਹੀ ਹੈਡ ਮਿਨਿਸਟਰ (Head Minister) ਸ਼ਬਦ ਦਰਬਾਰ ਸਾਹਿਬ ਵਾਸਤੇ ਵੀ ਵਰਤਿਆ ਗਿਆ ਹੈ, ਸੋ ਇਸ ਦਾ ਅਰਥ ਕਿਸੇ ਤਰ੍ਹਾਂ ਵੀ ਜਥੇਦਾਰ ਨਹੀਂ ਹੋ ਸਕਦਾ, ਅਸੀਂ ਇਸ ਨੂੰ ਮੁੱਖ ਗ੍ਰੰਥੀ ਹੀ ਕਹਿ ਸਕਦੇ ਹਾਂ।

ਸਿੱਖ ਕੌਮ ਦਾ ਦੂਸਰਾ ਅਤਿ ਮਹੱਤਵ ਪੂਰਨ ਦਸਤਾਵੇਜ਼ ਹੈ ਸਿੱਖ ਰਹਿਤ ਮਰਿਆਦਾ।

ਗੁਰਦੁਆਰਿਆਂ ਨੂੰ ਮਹੰਤਾਂ ਤੋਂ ਅਜ਼ਾਦ ਕਰਾਉਣ ਤੋਂ ਬਾਅਦ ਸਾਰੇ ਗੁਰਦੁਆਰਿਆਂ ਵਿੱਚ ਇਕ ਪੰਥਕ ਮਰਿਆਦਾ ਦਾ ਹੋਣਾ ਜ਼ਰੂਰੀ ਸੀ। ਜਿਵੇਂ ਅੱਜ ਸਾਰੇ ਪਖੰਡੀ ਸਾਧਾਂ ਦੇ ਡੇਰਿਆਂ ਤੇ ਅਲੱਗ ਅਲੱਗ, ਆਪਣੀਆਂ ਆਪਣੀਆਂ ਮਰਿਯਾਦਾ ਚਲਾਈਆਂ ਜਾਂਦੀਆਂ ਹਨ, ਉਸ ਵੇਲੇ ਸਾਰੇ ਇਤਿਹਾਸਕ ਗੁਰਦੁਆਰਿਆਂ ਵਿੱਚ ਵੀ ਉਥੋਂ ਦੇ ਮਹੰਤਾਂ ਵਲੋਂ ਚਲਾਈਆਂ, ਅਲੱਗ ਅਲੱਗ ਮਰਿਆਦਾ ਚੱਲ ਰਹੀਆਂ ਸਨ। ਭਾਵੇਂ ਉਸ ਵੇਲੇ ਬਹੁਤ ਸਾਰੀਆਂ ਰਹਿਤ ਮਰਿਆਦਾ ਮੌਜੂਦ ਸਨ, ਪਰ ਇਕ ਤਾਂ ਇਹ ਆਪਸ ਵਿੱਚ ਮੇਲ ਨਹੀਂ ਸਨ ਖਾਂਦੀਆਂ, ਦੂਸਰਾ ਗੁਰਮਤਿ ਦੀ ਕਸਵੱਟੀ ਤੇ ਇਨ੍ਹਾਂ ਵਿੱਚੋਂ ਕੋਈ ਪੂਰੀ ਤਰ੍ਹਾਂ ਖਰੀ ਨਹੀਂ ਸੀ ਉਤਰਦੀ। ਇਸ ਮਕਸਦ ਵਾਸਤੇ ਇਕ ਰਹੁ ਰੀਤ ਕਮੇਟੀ ਬਣਾਈ ਗਈ। ਇਸ ਕਮੇਟੀ ਦੁਆਰਾ ਤਿਆਰ ਕੀਤੀ ਰਹਿਤ ਮਰਿਆਦਾ ਨੂੰ ਸ਼੍ਰੋਮਣੀ ਕਮੇਟੀ ਨੇ ਪਰਵਾਨਗੀ ਅਕਤੂਬਰ 1936 ਵਿੱਚ ਦੇ ਦਿੱਤੀ, ਪਰ ਧਾਰਮਿਕ ਸਲਾਹਕਾਰ ਕਮੇਟੀ ਦੁਆਰਾ ਕੁਝ ਹੋਰ ਉਘੀਆਂ ਪੰਥਕ ਸ਼ਖਸੀਅਤਾਂ ਤੇ ਬੁੱਧੀਜੀਵੀਆਂ ਦੀ ਸਲਾਹ ਨਾਲ ਕੁਝ ਵਾਧਾਂ-ਘਾਟਾਂ ਕੀਤੀਆਂ ਗਈਆਂ। ਇਨ੍ਹਾਂ ਵਾਧਾਂ-ਘਾਟਾਂ ਦੀ ਪ੍ਰਵਾਨਗੀ ਸ਼੍ਰੋਮਣੀ ਕਮੇਟੀ ਨੇ ਫਰਵਰੀ 1945 ਵਿੱਚ ਦੇਕੇ ਇਸ ਨੂੰ ਲਾਗੂ ਕਰ ਦਿੱਤਾ।

ਇਸ ਸਿੱਖ ਰਹਿਤ ਮਰਯਾਦਾ ਵਿੱਚ ਵੀ ਅਕਾਲ ਤਖ਼ਤ ਸਾਹਿਬ ਜਾਂ ਕਿਸੇ ਹੋਰ ਤਖ਼ਤ ਦੇ ਜਥੇਦਾਰ ਦਾ ਕੋਈ ਜ਼ਿਕਰ ਤੱਕ ਨਹੀਂ। ਹੈਰਾਨਗੀ ਦੀ ਗੱਲ ਹੈ ਕਿ ਸਿੱਖ ਰਹਿਤ ਮਰਿਯਾਦਾ ਬਨਾਉਣ ਲਈ ਨੀਯਤ ਕੀਤੀ ਗਈ, ਰਹੁ ਰੀਤ ਕਮੇਟੀ ਵਿੱਚ ਜਥੇਦਾਰ ਅਕਾਲ ਤਖ਼ਤ ਸਾਹਿਬ, ਜਥੇਦਾਰ ਕੇਸਗੜ੍ਹ ਸਾਹਿਬ ਅਤੇ ਜਥੇਦਾਰ ਪਟਨਾ ਸਾਹਿਬ, ਦੇ ਨਾਂ ਆਉਂਦੇ ਹਨ। ਇਸ ਤੋਂ ਇਹ ਤਾਂ ਪਤਾ ਚਲਦਾ ਹੈ ਕਿ ਉਸ ਵੇਲੇ ਤਕ ਇਹ ਅਹੁਦਾ ਹੋਂਦ ਵਿੱਚ ਆ ਚੁੱਕਾ ਸੀ, ਪਰ ਇਹ ਵੀ ਸਪਸ਼ਟ ਹੁੰਦਾ ਹੈ ਕਿ ਸਿਧਾਂਤਕ ਤੌਰ ਤੇ ਇਸ ਅਹੁਦੇ ਦੀ ਹੋਂਦ ਨੂੰ ਨਾ ਕਬੂਲਦੇ ਹੋਏ, ਇਸ ਨੂੰ ਸਿੱਖ ਰਹਿਤ ਮਰਿਯਾਦਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ। ਇੱਥੇ ਇਕ ਵਿਚਾਰ ਹੋਰ ਆ ਸਕਦਾ ਹੈ ਕਿ ਸਿੱਖ ਰਹਿਤ ਮਰਿਯਾਦਾ ਵਿੱਚ ਤਾਂ ਕਿਸੇ ਅਹੁਦੇ ਦੀ ਕੋਈ ਚਰਚਾ ਹੀ ਨਹੀਂ, ਤਾਂ ਫਿਰ ਜਥੇਦਾਰ ਦੇ ਅਹੁਦੇ ਦੀ ਚਰਚਾ ਕਿਥੋਂ ਹੋਣੀ ਸੀ। ਇਹ ਗੱਲ ਇਥੋਂ ਵੀ ਸਪਸ਼ਟ ਹੁੰਦੀ ਹੈ ਕਿ ਅੱਜ ਅਸੀਂ ਅਖੌਤੀ ਜਥੇਦਾਰਾਂ ਨੂੰ ਹੁਕਮਨਾਮੇ ਜਾਰੀ ਕਰਨ ਦਾ ਜੋ ਵਿਸ਼ੇਸ਼ ਅਧਿਕਾਰ ਦਿੱਤਾ ਹੋਇਆ ਹੈ, ਉਸ ਦਾ ਵਿਧਾਨ ਤਾਂ ਵਿਧਾਨ, ਇਥੇ ਕੋਈ ਚਰਚਾ ਤੱਕ ਨਹੀਂ। ਇਥੇ ਤਾਂ ਕੇਵਲ ਗੁਰਮਤੇ ਅਤੇ ਮਤੇ ਦੀ ਗੱਲ ਹੈ, ਜਿਸ ਨੂੰ ਕਰਨ ਦਾ ਅਧਿਕਾਰ ਸਮੂਹਿਕ ਰੂਪ ਵਿੱਚ ਖ਼ਾਲਸਾ ਪੰਥ, ਜਾਂ ਇਲਾਕੇ ਦੀਆਂ ਸਿੱਖ ਸੰਗਤਾਂ ਨੂੰ ਹੈ, ਅਤੇ ਇਹ ਗੱਲ ਸਿੱਖ ਰਹਿਤ ਮਰਿਯਾਦਾ ਵਿੱਚ ਵੀ ਸਪੱਸ਼ਟ ਕੀਤੀ ਹੋਈ ਹੈ।(ਸਿੱਖ ਰਹਿਤ ਮਰਿਯਾਦਾ, ਪੰਥਕ ਰਹਿਣੀ, ਭਾਗ 4)

1945 ਵਿੱਚ ਜਦੋਂ ਸਿੱਖ ਰਹਿਤ ਮਰਿਯਾਦਾ ਲਾਗੂ ਕੀਤੀ ਗਈ, ਉਸ ਸਮੇਂ ਤੱਕ ਸ਼੍ਰੋਮਣੀ ਕਮੇਟੀ ਦਾ ਸਿਆਸੀ ਕਰਨ ਸ਼ੁਰੂ ਹੋ ਚੁਕਾ ਸੀ, ਅਤੇ ਗੁਰਮਤਿ ਸਿਧਾਂਤਾਂ ਨੂੰ ਪਿੱਠ ਦੇਕੇ, ਹਰ ਕਿਸੇ ਨੂੰ ਖੁਸ਼ ਕਰਨ ਦੀ ਨੀਤੀ ਤਹਿਤ, ਸਿੱਖ ਰਹਿਤ ਮਰਿਯਾਦਾ ਨੂੰ ਇਨ ਬਿਨ ਕਿਸੇ ਗੁਰਦੁਆਰੇ ਜਾਂ ਤਖ਼ਤ ਵਿੱਚ ਲਾਗੂ ਨਹੀਂ ਕਰਾਇਆ ਗਿਆ।

ਅੰਗਰੇਜ਼ਾਂ ਵਲੋਂ ਪੰਜਾਬ ਤੇ ਕਾਬਜ਼ ਹੋਣ ਤੋਂ ਬਾਅਦ, ਅੰਗਰੇਜ਼ ਇਹ ਸਮਝ ਚੁਕੇ ਸਨ ਕਿ ਸਿੱਖ ਕੌਮ ਦੀ ਨਬਜ਼ ਗੁਰਦੁਆਰਿਆਂ ਰਾਹੀਂ ਚਲਦੀ ਹੈ। ਸਿੱਖ ਕੌਮ ਨੂੰ ਵੱਧ ਤੋਂ ਵੱਧ ਆਪਣੇ ਕਾਬੂ ਵਿੱਚ ਰੱਖਣ ਦੀ ਜੋ ਵਿਓਂਤ ਬੰਦੀ ਕੀਤੀ ਗਈ ਸੀ, ਉਸ ਅਨੁਸਾਰ ਸਭ ਤੋਂ ਵਧੇਰੇ, ਗੁਰਦੁਆਰਿਆਂ ਉਤੇ ਆਪਣੇ ਸਿੱਧੇ ਯਾ ਅਸਿੱਧੇ ਕਬਜ਼ੇ ਕਰਨਾ ਸ਼ਾਮਿਲ ਸੀ । ਇਸੇ ਅਨੁਸਾਰ ਗੁਰਦੁਆਰਿਆਂ ਦੇ ਪ੍ਰਬੰਧ ਵਾਸਤੇ ਇਕ ਸਰਬਰਾਹ ਦਾ ਅਹੁਦਾ ਬਣਾਇਆ ਗਿਆ। ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿੱਚ ਸਰਬਰਾਹ ਦੇ ਅਰਥ ਇੰਜ ਦੇਂਦੇ ਹਨ:

ਸਰਬਰਾਹ: ਫ਼ਾ. ਸਰਪਰਸਤ. ਇੰਤਜ਼ਾਮ ਕਰਨ ਵਾਲਾ ਮੁਖੀਆ ਕਰਮਚਾਰੀ। 2. ਰਹਨੁਮਾ. ਰਸਤਾ ਦਿਖਾਉਣ ਵਾਲਾ।

ਸੋ ਸਰਬਰਾਹ ਦਾ ਅਸਲੀ ਕੰਮ ਤਾਂ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣਾ ਸੀ, ਪਰ ਅੰਗਰੇਜ਼ ਸਰਕਾਰ ਨੇ ਇਸ ਅਹੁਦੇ ਨੂੰ ਸਿੱਖਾਂ ਦੇ ਸਰਬਉਚ ਧਾਰਮਿਕ ਅਹੁਦੇ ਦਾ ਮਹੱਤਵ ਦੇਣਾ ਸ਼ੁਰੂ ਕਰ ਦਿੱਤਾ, ਅਤੇ ਕੁਝ ਭੋਲੇ-ਭਾਲੇ ਸਿੱਖ ਵੀ ਇੰਝ ਹੀ ਸਮਝਣ ਲੱਗ ਪਏ। ਬਿਲਕੁਲ ਉਂਜ ਹੀ ਜਿਵੇਂ ਕੁਝ ਭੋਲੀ ਚੁੱਕ ਵਿਅਕਤੀਆਂ ਵਲੋਂ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਸਿੱਖਾਂ ਦਾ ਪੋਪ ਕਹਿਣ ਦੀ ਬਜਰ ਗਲਤੀ ਕਰ ਦਿੱਤੀ ਜਾਂਦੀ ਹੈ, ਅਤੇ ਕੁਝ ਸਿਧਾਂਤ ਤੋਂ ਅਨਜਾਣ, ਭੋਲੇ ਭਾਲੇ ਸਿੱਖ ਇਨ੍ਹਾਂ ਦੇ ਮਗਰ ਲੱਗ ਜਾਂਦੇ ਹਨ। **ਅੰਗਰੇਜ਼ ਸਰਕਾਰ ਨੇ ਸਰਬਰਾਹ ਅਤੇ ਹੋਰ ਪੁਜਾਰੀਆਂ ਰਾਹੀਂ ਅਕਾਲ ਤਖ਼ਤ ਸਾਹਿਬ ਦੀ ਰੱਜ ਕੇ ਦੁਰਵਰਤੋਂ ਕੀਤੀ ਸੀ।** ਜਿਨ੍ਹਾਂ ਵਿੱਚੋਂ ਉਸੇ ਸਮੇਂ ਦੇ ਦਰਬਾਰ ਸਾਹਿਬ ਸਮੂਹ ਦੇ ਗੁਰਦੁਆਰਿਆਂ ਦੇ ਸਰਬਰਾਹ ਅਰੂੜ ਸਿੰਘ ਅਤੇ ਹੋਰ ਪੁਜਾਰੀਆਂ ਵਲੋਂ ਜਲ੍ਹਿਆਂਵਾਲਾ ਬਾਗ਼ ਸਾਕੇ ਦੇ ਮੁੱਖ ਗੁਨਾਹਗਾਰ, ਜਨਰਲ ਐਡਵਾਇਰ ਅਤੇ ਕੈਪਟਨ ਬ੍ਰਿਗਸ ਨੂੰ ਸਨਮਾਨਿਤ ਕਰਨਾ, ਅਤੇ ਕਾਮਗਾਟਾ ਮਾਰੂ ਜਹਾਜ਼ ਦੇ ਮਹਾਨ ਸ਼ਹੀਦਾਂ ਨੂੰ, ਸਿੱਖ ਨਾ ਹੋਣ ਦਾ ਫਤਵਾ ਦੇਣਾ, ਪ੍ਰਮੁਖ ਹਨ। ਇਨ੍ਹਾਂ ਪੁਜਾਰੀਆਂ ਦੀ ਨੀਚਤਾ ਇਸ ਹੱਦ ਤੱਕ ਗਈ ਕਿ ਇਨ੍ਹਾਂ ਨੇ ਜਨਰਲ ਅਡਵਾਇਰ(ਡਾਇਰ) ਅਤੇ ਕੈਪਟਨ ਬ੍ਰਿਗਸ ਨੂੰ ਸਰੋਪਾ ਪਾਕੇ, ਸਿੱਖੀ ਵਿਚ ਸਾਮਿਲ ਕੀਤਾ, ਅਤੇ ਇਕ ਚੰਗੇ ਸਿੱਖ ਹੋਣ ਦਾ ਸਨਮਾਨ ਦਿੱਤਾ। ਜਦੋਂ ਅਡਵਾਇਰ ਨੇ ਇਹ ਕਿਹਾ, ਕਿ ਉਹ ਤਾਂ ਤੰਬਾਕੂ ਦਾ ਸੇਵਨ ਕਰਦਾ ਹੈ ਅਤੇ ਆਪਣੀ ਇਹ ਆਦਤ ਛੱਡ ਨਹੀਂ ਸਕਦਾ, ਤਾਂ ਇਨ੍ਹਾਂ ਪੁਜਾਰੀਆਂ ਕਿਹਾ, ਤੁਹਾਨੂੰ ਇਸ ਤੋਂ ਵਿਸ਼ੇਸ਼ ਛੋਟ ਦਿੱਤੀ ਜਾਂਦੀ ਹੈ। ਪੁਜਾਰੀਆਂ ਦੇ ਇਸ ਰੁਝਾਨ ਨੂੰ ਕੁੱਝ ਠੱਲ ਸਿੰਘ ਸਭਾ ਲਹਿਰ ਨਾਲ ਪਈ, ਹਾਲਾਂਕਿ ਇਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਪ੍ਰਮੁਖ ਆਗੂ ਪ੍ਰੋ. ਗੁਰਮੁਖ ਸਿੰਘ ਨੂੰ ਵੀ ਪੰਥ ਚੋਂ ਛੇਕ ਦਿੱਤਾ ਸੀ, ਪਰ ਸੁਚੇਤ ਸਿੱਖ ਸੰਗਤ ਤੇ ਇਸ ਦਾ ਰੱਤੀ ਭਰ ਵੀ ਅਸਰ ਨਾ ਹੋਇਆ ।

ਜਥੇਦਾਰ ਦੇ ਅਹੁਦੇ ਦੇ ਹੋਂਦ ਵਿੱਚ ਆਉਣ ਦੇ ਨਾਲ ਹੀ, ਸਮੇਂ ਸਮੇਂ ਦੀਆਂ ਸਰਕਾਰਾਂ ਜਾਂ ਸ਼੍ਰੋਮਣੀ ਕਮੇਟੀ ਤੇ ਕਾਬਜ਼ ਲੋਕਾਂ ਵਲੋਂ ਵੀ ਇਸ ਅਹੁਦੇ ਦੀ ਆਪਣੇ ਨਿਜੀ ਸੁਆਰਥਾਂ ਵਾਸਤੇ ਦੁਰਵਰਤੋਂ ਸ਼ੁਰੂ ਹੋ ਗਈ ਸੀ, ਇਸ ਲਈ ਇਸ ਅਹੁਦੇ ਨੂੰ ਵੀ ਖ਼ਤਮ ਨਹੀਂ ਕੀਤਾ ਗਿਆ, ਬਲਕਿ ਸਮੇਂ ਦੇ ਸਿਆਸਤਦਾਨਾਂ ਵਲੋਂ, ਸਿੱਖ ਕੌਮ ਨੂੰ ਆਪਣੇ ਕਬਜ਼ੇ ਵਿੱਚ ਰਖਣ ਲਈ ਅਤੇ ਲੋਕਾਂ ਅੰਦਰ ਆਪਣਾ ਭੈ ਬਣਾ ਕੇ ਰਖਣ ਲਈ, ਇਸ ਅਹੁਦੇ ਨੂੰ

ਵਧੇਰੇ ਮਹੱਤਤਾ ਦਿੱਤੀ ਗਈ ਅਤੇ ਹੋਰ ਮਜ਼ਬੂਤ ਕੀਤਾ ਗਿਆ।

ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ ਪੰਨਾ 502 ਤੇ, ਜਥੇਦਾਰ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ:

ਜਥਾ(ਯੂਥ) ਰੱਖਣ ਵਾਲਾ ਮੁਖੀਆ, ਮੰਡਲੀ ਦਾ ਸਰਦਾਰ। ਯੂਥਪ. ਇਹ ਪਦ ਖਾਸ ਕਰਕੇ ਖਾਲਸੇ ਵਿਚ ਪ੍ਰਚਲਤ ਹੈ।

ਗਲ ਸਪਸ਼ਟ ਹੈ ਕਿ ਜਥੇਦਾਰ ਕਿਸੇ ਜਥੇਬੰਦੀ ਜਾਂ ਜਨਸਮੂਹ ਦਾ ਹੋ ਸਕਦਾ ਹੈ, ਕਿਸੇ ਇਮਾਰਤ ਦਾ ਨਹੀਂ।

ਗੁਰਦੁਆਰਿਆਂ ਉਤੇ ਮਹੰਤਾਂ ਦੇ ਕਬਜ਼ੇ ਸਮੇਂ ਗੁਰਮਤਿ ਸਿਧਾਂਤਾਂ ਦਾ ਸਰਬਪੱਖੀ ਘਾਣ ਹੋਇਆ। ਗੁਰਦੁਆਰਿਆਂ ਵਿੱਚ ਬ੍ਰਾਹਮਣੀ ਮਰਿਯਾਦਾਵਾਂ ਚਲਾਈਆਂ ਗਈਆਂ, ਕਈ ਜਗ੍ਹਾ ਤੇ ਮੂਰਤੀਆਂ ਸਥਾਪਤ ਕੀਤੀਆਂ ਗਈਆਂ, ਇਸ ਨਾਲ ਸਮਾਜਿਕ ਸਿੱਖ ਜੀਵਨ ਵਿੱਚ ਨਿਘਾਰ ਆਉਣਾ ਵੀ ਕੁਦਰਤੀ ਸੀ। ਇਹ ਨਿਘਾਰ ਇਸ ਪੱਧਰ ਤੱਕ ਆਇਆ ਕਿ:"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥"{ਸੋਰਠਿ ਮਹਲਾ ੫, ਪੰਨਾ ੬੧੧} ਅਤੇ "ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥"(ਸਲੋਕ ਮਃ ੧, ਪੰਨਾ ੮੩), ਜਿਹੇ ਅਮੋਲਕ ਗੁਰਮਤਿ ਸਿਧਾਂਤਾਂ ਦੇ ਉਲਟ, ਗੁਰਧਾਮਾਂ ਤੋਂ ਹੀ ਜਾਤ-ਪਾਤ ਅਤੇ ਊਚ-ਨੀਚ ਦੀ ਵਿਵਸਥਾ ਪ੍ਰਚਾਰੀ ਜਾਣ ਲੱਗੀ। ਜਿਨ੍ਹਾਂ ਪੱਛੜੇ ਅਤੇ ਦੱਬੇ-ਕੁਚਲੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸੀਨੇ ਨਾਲ ਲਾਇਆ ਗਿਆ, ਗੁਰੂ ਅਰਜਨ ਪਾਤਿਸ਼ਾਹ ਨੇ, ਗੁਰੂ ਗ੍ਰੰਥ ਸਾਹਿਬ ਵਿੱਚ ਬਿਨਾਂ ਕਿਸੇ ਜਾਤ-ਪਾਤ ਦੇ ਵਿਤਕਰੇ ਦੇ, ਭਗਤ ਸਾਹਿਬਾਨ ਦੀ ਬਾਣੀ ਦਰਜ ਕਰਕੇ, ਮਨੁੱਖੀ ਬਰਾਬਰੀ ਦੀ ਇੱਕ ਲਾਮਿਸਾਲ ਉਦਾਹਰਣ ਕਾਇਮ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਸਾਰਿਆਂ ਨੂੰ ਬਰਾਬਰ ਅਤੇ ਇਕੱਠੇ ਇਕੋ ਬਾਟੇ ਵਿੱਚੋਂ, ਖੰਡੇ-ਬਾਟੇ ਦੀ ਪਾਹੁਲ ਬਖਸ਼ ਕੇ ਉਨ੍ਹਾਂ ਦੇ ਮਨੁੱਖੀ ਭਾਈਚਾਰੇ ਵਿੱਚ ਬਰਾਬਰੀ ਦੇ ਹੱਕ ਤੇ ਮੋਹਰ ਲਗਾਈ, ਚਾਰਾਂ ਦਿਸ਼ਾਵਾਂ ਤੋਂ ਆਉਣ ਵਾਲੇ ਕਿਸੇ ਵੀ ਕੌਮ-ਜਾਤ-ਵਰਣ ਦੇ ਮਨੁੱਖ ਮਾਤਰ ਨੂੰ, ਆਪਣੇ ਚਾਰ ਦਰਵਾਜ਼ਿਆਂ ਰਾਹੀਂ, ਜੀ ਆਇਆਂ ਆਖਣ ਵਾਲੇ ਦਰਬਾਰ ਸਾਹਿਬ, ਅਤੇ ਅਕਾਲ-ਪੁਰਖ ਦੇ ਸਿਧਾਂਤਾਂ ਦੇ ਪ੍ਰਤੀਕ, ਅਕਾਲ ਤਖ਼ਤ ਸਾਹਿਬ ਵਿਖੇ ਉਨ੍ਹਾਂ ਦੀ ਦੇਗ ਪ੍ਰਵਾਨ ਨਾ ਹੁੰਦੀ। ਇਥੋਂ ਤੱਕ ਕਿ ਉਨ੍ਹਾਂ ਦੇ, ਦਰਬਾਰ ਸਾਹਿਬ ਸਮੂਹ ਵਿੱਚ ਦਾਖਲੇ ਵਾਸਤੇ ਵੀ, ਸਮੇਂ ਸੀਮਤ ਕਰ ਦਿੱਤੇ ਗਏ। ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖ ਕੌਮ ਅੰਦਰ ਇਕ ਨਵੀਂ ਜਾਗ੍ਰਿਤੀ ਲਿਆਂਦੀ। ਅਕਾਲੀ ਲਹਿਰ ਚਲਣ ਦਾ ਮੂਲ ਕਾਰਨ ਵੀ ਇਹੀ ਸੀ। 10 ਤੋਂ 12 ਅਕਤੂਬਰ 1920 ਨੂੰ ਜਾਗਰੂਕ ਗੁਰਸਿੱਖਾਂ ਦਾ ਇਕ ਗੁਰਮਤਿ ਸਮਾਗਮ, ਜਲ੍ਹਿਆਂ ਵਾਲੇ ਬਾਗ਼ ਵਿੱਚ ਹੋਇਆ ਅਤੇ 12 ਅਕਤੂਬਰ ਨੂੰ ਖੰਡੇ-ਬਾਟੇ ਦੀ ਪਾਹੁਲ ਦਾ ਬਾਟਾ ਤਿਆਰ ਕੀਤਾ ਗਿਆ। ਇਸ ਵਿੱਚ ਬਹੁਤ ਸਾਰੇ ਅਖੌਤੀ ਛੋਟੀਆਂ ਜਾਤਾਂ ਵਾਲੇ ਗੁਰਸਿੱਖਾਂ ਨੇ ਵੀ ਪਾਹੁਲ ਪ੍ਰਾਪਤ ਕੀਤੀ। ਇਹ ਗੁਰਮਤਾ ਕੀਤਾ ਗਿਆ ਕਿ ਇਹ ਸਾਰੇ ਸਿੰਘ ਜਥੇ ਦੇ ਰੂਪ ਵਿੱਚ ਦਰਬਾਰ ਸਾਹਿਬ ਪ੍ਰਸ਼ਾਦਿ ਕਰਾਉਣ ਲਈ ਜਾਣ। ਇਨ੍ਹਾਂ ਦੇ ਨਾਲ ਜਥੇਦਾਰ ਕਰਤਾਰ ਸਿੰਘ ਝੱਬਰ, ਜਥੇਦਾਰ ਤੇਜਾ ਸਿੰਘ ਭੁੱਚਰ, ਭਾਈ ਤੇਜਾ ਸਿੰਘ ਚੂਹੜਕਾਨਾ ਤੇ ਬਾਵਾ ਹਰਕ੍ਰਿਸ਼ਨ ਸਿੰਘ ਵੀ ਸਨ। ਜਦੋਂ ਇਹ ਸਿੰਘ ਦਰਬਾਰ ਸਾਹਿਬ ਪੁੱਜੇ ਤਾਂ ਪੁਜਾਰੀਆਂ ਨੇ ਉਨ੍ਹਾਂ ਦਾ ਪ੍ਰਸ਼ਾਦ ਕਬੂਲ ਕਰਨ ਤੋਂ ਨਾਂਹ ਕਰ ਦਿੱਤੀ। ਨਾਲ ਆਏ ਸਿੱਖ ਵਿਦਵਾਨਾਂ ਅਤੇ ਆਗੂਆਂ ਨੇ ਜਦੋਂ ਗੁਰਬਾਣੀ ਦੇ ਪ੍ਰਮਾਣ ਦੇਕੇ ਗੁਰਮਤਿ ਸਿਧਾਂਤਾਂ ਦੀ ਵਿਚਾਰ ਕੀਤੀ ਤਾਂ ਪੁਜਾਰੀਆਂ ਕੋਲ ਕੋਈ ਜੁਆਬ ਨਹੀਂ ਸੀ। ਗੁਰਮਤਿ ਸਿਧਾਂਤ ਸਪੱਸ਼ਟ ਹਨ ਕਿ ਗੁਰਮਤਿ ਵਿੱਚ ਕਿਸੇ ਤਰ੍ਹਾਂ ਦੀਆਂ ਜ਼ਾਤਪਾਤ ਦੀਆਂ ਵੰਡੀਆਂ ਨਹੀਂ ਹਨ ਅਤੇ ਸਾਰੇ ਮਨੁੱਖ ਬਰਾਬਰ

ਹਨ, ਫੇਰ ਸਿੱਖ ਕੌਮ ਵਿੱਚ ਜ਼ਾਤਪਾਤ ਦੀਆਂ ਵੰਡਾਂ ਕਿਵੇਂ ਹੋ ਸਕਦੀਆਂ ਹਨ, ਸੋ ਸਪੱਸ਼ਟ ਸੀ ਕਿ ਪ੍ਰਸ਼ਾਦ ਪ੍ਰਵਾਣ ਕਰ ਲਿਆ ਜਾਣਾ ਚਾਹੀਦਾ ਹੈ। ਅਖੀਰ ਉਨ੍ਹਾਂ ਦੇ ਲਿਆਂਦੇ ਪ੍ਰਸ਼ਾਦ ਦੀ ਅਰਦਾਸ ਕਰਕੇ ਵਰਤਾਇਆ ਗਿਆ। ਉਸ ਸਮੇਂ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲਿਆ ਗਿਆ, ਜੋ ਇਹ ਆਇਆ:

"ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥ ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥"

{ਸੋਰਠਿ ਮਹਲਾ ੩,ਪੰਨਾ ੬੩੮}

ਹੇ ਭਾਈ ! ਗੁਣਾਂ ਤੋਂ ਸੱਖਣੇ ਜੀਵਾਂ ਨੂੰ ਸਤਿਗੁਰੂ ਦੀ ਸੇਵਾ ਵਿਚ ਲਾ ਕੇ ਪਰਮਾਤਮਾ ਆਪ ਹੀ ਬਖ਼ਸ਼ ਲੈਂਦਾ ਹੈ । ਹੇ ਭਾਈ ! ਗੁਰੂ ਦੀ ਸ਼ਰਨ-ਸੇਵਾ ਬੜੀ ਸ੍ਰੇਸ਼ਟ ਹੈ, ਗੁਰੂ (ਸ਼ਰਨ ਪਏ ਮਨੁੱਖ ਦਾ) ਮਨ ਪਰਮਾਤਮਾ ਦੇ ਨਾਮ ਵਿਚ ਜੋੜ ਦੇਂਦਾ ਹੈ ।੧।

ਦਰਬਾਰ ਸਾਹਿਬ ਵਿੱਚ ਪ੍ਰਸ਼ਾਦ ਵਰਤਾਉਣ ਮਗਰੋਂ ਇਹ ਸਾਰੀਆਂ ਸੰਗਤਾਂ ਅਕਾਲ ਤਖ਼ਤ ਸਾਹਿਬ ਵੱਲ ਗਈਆਂ। ਸੰਗਤਾਂ ਨੂੰ ਉੱਧਰ ਆਉਂਦਾ ਵੇਖ ਕੇ ਤਖ਼ਤ ਸਾਹਿਬ ਦੇ ਪੁਜਾਰੀ ਉੱਥੋਂ ਖਿੱਸਕ ਗਏ। ਤਖ਼ਤ ਸਾਹਿਬ ਨੂੰ ਖਾਲੀ ਵੇਖ ਕੇ ਸਿੰਘਾਂ ਨੇ ਉਸ ਦੀ ਸੇਵਾ-ਸੰਭਾਲ ਵਾਸਤੇ 25 ਸਿੰਘਾਂ ਦਾ ਜਥਾ ਤਾਇਨਾਤ ਕਰਨ ਦਾ ਫ਼ੈਸਲਾ ਕੀਤਾ। ਇਸ ਸੇਵਾ-ਸੰਭਾਲ ਵਾਸਤੇ 17 ਸਿੰਘਾਂ ਨੇ ਉਸੇ ਵੇਲੇ ਆਪਣੇ ਆਪ ਨੂੰ ਪੇਸ਼ ਕੀਤਾ। ਇਸ ਸੇਵਾ ਸੰਭਾਲ ਵਾਲੇ ਜਥੇ ਦੇ ਜਥੇਦਾਰ ਭਾਈ ਤੇਜਾ ਸਿੰਘ ਭੁੱਚਰ, ਜੋ ਗੜਗਜ ਖਾਲਸਾ ਦੀਵਾਨ ਦੇ ਜਥੇਦਾਰ ਸਨ, ਬਣਾਏ ਗਏ। ਜਾਪਦਾ ਹੈ, ਇਸ ਨਾਲ ਹੀ ਅਕਾਲ ਤਖ਼ਤ ਸਾਹਿਬ ਤੇ ਸੇਵਾ ਨਿਭਾਉਣ ਵਾਲੇ ਜਥੇ ਦੇ ਮੁੱਖ ਸੇਵਾਦਾਰ ਨੂੰ, ਜਥੇਦਾਰ ਸਾਹਿਬ ਕਹਿਣ ਦੀ ਪਿਰਤ ਪੈ ਗਈ।

ਬੱਸ ਇਸ ਤੋਂ ਹੀ ਭੁਲੇਖਾ ਖਾਕੇ, ਜਾਂ ਬੇਸਮਝੀ ਨਾਲ, ਕੁਝ ਲੋਕਾਂ ਨੇ 'ਅਕਾਲ ਤਖ਼ਤ ਸਾਹਿਬ ਦਾ ਜਥੇਦਾਰ' ਨਾਂ ਦਾ ਅਹੁਦਾ ਖੜ੍ਹਾ ਕਰ ਲਿਆ। ਹਾਲਾਂਕਿ ਅਸੂਲੀ ਤੌਰ ਤੇ ਵੀ ਤਖ਼ਤ ਸਾਹਿਬ ਦਾ ਕੋਈ ਮੁੱਖੀ/ ਜਥੇਦਾਰ ਨਹੀਂ ਹੋ ਸਕਦਾ ਕਿਉਂਕਿ ਅਕਾਲ ਤਖ਼ਤ ਕੋਈ ਜਥਾ ਨਹੀਂ, ਜਿਸ ਦਾ ਕੋਈ ਜਥੇਦਾਰ ਬਣਾਇਆ ਜਾਵੇ। ਵੈਸੇ ਵੀ 12 ਅਕਤੂਬਰ 1920 ਤੱਕ ਇਹ ਪਿਰਤ ਨਹੀਂ ਸੀ ਪਈ ਕਿ ਇਸ ਨੂੰ ਅਹੁਦਾ ਮੰਨਿਆਂ ਜਾਂਦਾ। (ਸ੍ਰ. ਹਰਜਿੰਦਰ ਸਿੰਘ ਦਿਲਗੀਰ, ਅਕਾਲ ਤਖ਼ਤ ਸਾਹਿਬ ਕਾਨਸੈਪਟ ਅਤੇ ਰੋਲ, ਪੰਨਾ 128-29)।

ਦੋ ਮਹੀਨੇ ਮਗਰੋਂ ਅਕਾਲ ਤਖ਼ਤ ਸਾਹਿਬ ਤੇ ਹੋਈ ਇਕ ਮੀਟਿੰਗ ਵਿੱਚ ਜਥੇਦਾਰ ਤੇਜਾ ਸਿੰਘ ਭੁੱਚਰ ਨੇ ਕਿਹਾ ਕਿ ਮੈਨੂੰ ਦੋ ਮਹੀਨੇ ਸੇਵਾ ਕਰਦੇ ਨੂੰ ਹੋ ਗਏ ਹਨ, ਛੁੱਟੀਆਂ ਬਖਸ਼ੋ। ਇਸ ਤੇ ਭਾਈ ਦੀਦਾਰ ਸਿੰਘ ਮੱਟੂਭਾਈਕੇ ਦੇ ਜਥੇ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਸੌਂਪ ਦਿੱਤੀ ਗਈ।(ਸ੍ਰ. ਹਰਜਿੰਦਰ ਸਿੰਘ ਦਿਲਗੀਰ, ਸਿੱਖ ਤਵਾਰੀਖ਼ 'ਚ ਅਕਾਲ ਤਖ਼ਤ ਸਾਹਿਬ ਦਾ ਰੋਲ, ਪੰਨਾ 158-59)।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਆਪਣੀ ਛਾਪੀ ਲਿਸਟ ਵੀ ਸੰਨ 1920 ਤੋਂ ਸ਼ੁਰੂ ਹੁੰਦੀ ਹੈ।

- ਜਥੇਦਾਰ ਤੇਜਾ ਸਿੰਘ ਭੁੱਚਰ (1920-1921)
- ਤੇਜਾ ਸਿੰਘ ਅਕਰਪੁਰੀ(1921-1923) ਫ (1926-1930)
- ਉਧਮ ਸਿੰਘ ਨਾਗੋਕੀ (1923-1924)
- ਭਾਈ ਅੱਛਰ ਸਿੰਘ (1924-1925)

- ਦੀਦਾਰ ਸਿੰਘ (1926 ਵਿੱਚ ਕੇਵਲ ਮਹੀਨੇ ਕੁ ਵਾਸਤੇ)
- ਜਵਾਹਰਸਿੰਘ (1926 ਵਿੱਚ ਕੁਝ ਦਿਨਾਂ ਵਾਸਤੇ)
- ਗਿਆਨੀ ਗੁਰਮੁਖ ਸਿੰਘ ਮੁਸਾਫਿਰ
- ਮੋਹਨ ਸਿੰਘ ਨਾਗੋਕੀ
- ਗਿਆਨੀ ਪਰਤਾਪ ਸਿੰਘ
- ਸਾਧੂ ਸਿੰਘ ਭਉਰਾ
- ਗੁਰਦਿਆਲ ਸਿੰਘ ਅਜਨੋਹਾ
- ਭਾਈ ਕਿਰਪਾਲ ਸਿੰਘ
- ਪ੍ਰੋ. ਦਰਸ਼ਨ ਸਿੰਘ
- ਜਸਬੀਰ ਸਿੰਘ ਰੋਡੇ
- ਗੁਰਦੇਵ ਸਿੰਘ ਕਾਉਂਕੇ
- ਮਨਜੀਤ ਸਿੰਘ
- ਭਾਈ ਰਣਜੀਤ ਸਿੰਘ
- ਗਿਆਨੀ ਪੂਰਨ ਸਿੰਘ
- ਜੋਗਿੰਦਰ ਸਿੰਘ ਵੇਦਾਂਤੀ
- ਗੁਰਬਚਨ ਸਿੰਘ

ਇਹ ਸ਼ੁਰੂਆਤ ਜਥੇਦਾਰ ਤੇਜਾ ਸਿੰਘ ਭੁੱਚਰ ਦੇ ਨਾਂ ਨਾਲ ਕੀਤੀ ਗਈ ਹੈ, ਹਾਲਾਂਕਿ ਉਹ ਇਸ ਸ਼੍ਰੇਣੀ ਵਿੱਚ ਬਿਲਕੁਲ ਨਹੀਂ ਆਉਂਦੇ, ਉਹ ਤਾਂ ਸੇਵਾ ਸੰਭਾਲ ਵਾਲੇ ਜਥੇ ਦੇ ਜਥੇਦਾਰ ਸਨ। ਪਰ ਇਸ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਇਹ ਅਹੁਦਾ 1920 ਤੋਂ ਬਾਅਦ ਹੀ ਹੋਂਦ ਵਿੱਚ ਆਇਆ। ਇਸੇ ਭੁਲੇਖੇ ਵਿੱਚ ਹੀ ਅਕਸਰ ਇਹ ਆਖਿਆ ਜਾਂਦਾ ਹੈ ਕਿ ਜਥੇਦਾਰ ਅਕਾਲੀ ਫੂਲਾ ਸਿੰਘ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਹਾਲਾਂਕਿ ਸਚਾਈ ਇਹ ਹੈ ਕਿ ਅਕਾਲੀ ਫੂਲਾ ਸਿੰਘ ਜੀ ਬੁੱਢਾ ਦੱਲ ਦੇ ਜਥੇਦਾਰ ਸਨ ਅਤੇ ਉਸ ਸਮੇਂ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਬੁੱਢਾ ਦੱਲ ਕੋਲ ਸੀ। ਜਿਥੋਂ ਤਕ ਉਸ ਕਹਾਣੀ ਦਾ ਸੁਆਲ ਹੈ, ਜੋ ਬੜੇ ਮਾਣ ਨਾਲ ਸੁਣਾਈ ਜਾਂਦੀ ਹੈ, ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰਨ ਦੀ ਸਜਾ ਸੁਣਾਈ, ਅਤੇ ਮਹਾਰਾਜਾ ਰਣਜੀਤ ਸਿੰਘ ਪਿੱਠ ਨੰਗੀ ਕਰਕੇ ਖੜਾ ਹੋ ਗਿਆ, ਇਸ ਦੀ ਸਚਾਈ ਸਮਝਣ ਲਈ, ਇਤਨਾ ਜਾਣ ਲੈਣਾ ਹੀ ਕਾਫੀ ਹੈ ਕਿ ਮੋਰਾਂ ਨਾਂਅ ਦੀ ਮੁਸਲਮਾਨ ਵੇਸ਼ਵਾ, ਜਿਸ ਨਾਲ ਸੰਬਧ ਬਨਾਉਣ ਕਾਰਨ ਮਹਾਰਾਜਾ ਰਣਜੀਤ ਸਿੰਘ ਨੂੰ ਸਜ਼ਾ ਲਾਈ ਦਸੀ ਜਾਂਦੀ ਹੈ, ਆਖਿਰ ਤੱਕ ਮਹਾਰਾਜਾ ਰਣਜੀਤ ਸਿੰਘ ਨਾਲ ਰਹੀ, ਅਤੇ ਉਸ ਦੀ ਮੌਤ ਮਹਾਰਾਜਾ ਰਣਜੀਤ ਸਿੰਘ ਦੇ ਸਾਹਮਣੇ ਹੋਈ। ਉਸ ਦੀ ਮਸਜਿਦ ਲਾਹੌਰ ਦੇ ਕਿਲੇ ਵਿੱਚ ਬਣੀ ਹੋਈ, ਦਾਸ (ਲੇਖਕ) ਆਪਣੀਆਂ ਅੱਖਾਂ ਨਾਲ ਵੇਖ ਕੇ ਆਇਆ ਹੈ। ਇਥੋਂ ਤੱਕ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਦੇ ਨਾਂਅ ਤੇ ਸਿੱਕਾ ਵੀ ਜਾਰੀ ਕੀਤਾ।

ਕੀ ਪੰਥਕ ਫੈਸਲੇ ਕਰਨ ਲਈ ਜਥੇਦਾਰ ਹੀ ਪੰਜ ਪਿਆਰੇ ਹਨ ?

ਪੰਜ ਪਿਆਰਿਆਂ ਦੀ ਮਰਿਯਾਦਾ, ਖ਼ਾਲਸਾ ਸਾਜਣਾ ਦੇ ਨਾਲ ਹੋਂਦ ਵਿੱਚ ਆਈ, ਜਦੋਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ 30 ਮਾਰਚ, 1699 ਨੂੰ ਵਿਸਾਖੀ ਵਾਲੇ

ਦਿਨ, ਸਤਿਗੁਰੂ ਨਾਨਕ ਪਾਤਿਸ਼ਾਹ ਦੇ,

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥"

ਦੇ ਧਰਮ ਦੀ ਦੁਨੀਆਂ ਵਿੱਚ ਦਾਖਲ ਹੋਣ ਦੇ ਅਨਮੋਲ ਸਿਧਾਂਤ ਅਨੁਸਾਰ ਸਭ ਤੋਂ ਪਹਿਲਾਂ ਸੀਸ ਭੇਟ ਕਰਨ ਵਾਲੇ ਪੰਜ ਗੁਰਸਿੱਖਾਂ ਨੂੰ ਖੰਡੇ-ਬਾਟੇ ਦੀ ਪਾਹੁਲ ਬਖ਼ਸ਼ ਕੇ ਪੰਜ ਪਿਆਰੇ ਹੋਣ ਦਾ ਸਨਮਾਨ ਬਖ਼ਸ਼ਿਆ । ਕੁਝ ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਪਹਿਲੇ ਗੁਰੂ ਸਾਹਿਬਾਨ ਦੇ ਵੀ ਪੰਜ ਪਿਆਰੇ ਹੁੰਦੇ ਸਨ ਅਤੇ ਉਦੋਂ ਉਨ੍ਹਾਂ ਦਾ ਰੋਲ ਇਕ ਸਲਾਹਕਾਰ ਦੇ ਰੂਪ ਵਿੱਚ ਹੁੰਦਾ ਸੀ ।(ਭਾਈ ਕਾਨ੍ਹ ਸਿੰਘ ਨਾਭਾ- ਮਹਾਨਕੋਸ਼ ਪੰਨਾ 971) ਪਰ ਇਸ ਦਾ ਹੋਰ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਖ਼ਾਲਸਾ ਪੰਥ ਨੇ ਇਸ ਸੰਸਥਾ ਨੂੰ ਸਥਾਈ ਮਾਨਤਾ ਦੇਣ ਵਾਸਤੇ, ਇਹ ਰਿਵਾਇਤ ਬਣਾ ਲਈ, ਕਿ ਗੁਰਦੁਆਰੇ ਵਿੱਚ ਦੇਗ ਵਰਤਾਉਣ ਲਗਿਆਂ, ਪਹਿਲਾਂ ਪੰਜ ਪਿਆਰਿਆਂ ਦੀ ਦੇਗ ਕੱਢ ਕੇ ਵਰਤਾਈ ਜਾਵੇ। ਭਾਵੇਂ ਜਪੁ ਬਾਣੀ ਦੀ 16ਵੀਂ ਪਉੜੀ 'ਪੰਚ ਪਰਵਾਨ ਪੰਚ ਪਰਧਾਨ' ਦੇ ਸੰਕਲਪ ਵਿੱਚ ਤਾਂ ਗੱਲ ਪੰਜ ਦੀ ਗਿਣਤੀ ਨਾਲੋਂ ਵਧੇਰੇ, ਉਚੇ ਸੁੱਚੇ ਕਿਰਦਾਰ ਵਾਲੇ ਸ਼੍ਰੋਮਣੀ ਵਿਅਕਤੀਆਂ ਵਾਸਤੇ ਆਉਂਦੀ ਹੈ, ਉਨ੍ਹਾਂ ਗੁਰੂ ਪਿਆਰਿਆਂ ਦੀ ਜਿਨ੍ਹਾਂ ਇਸ ਬਾਣੀ ਦੀ 8ਵੀਂ ਤੋ 11ਵੀਂ ਪਉੜੀ ਦੇ 'ਸੁਣਿਐ' ਅਤੇ 12ਵੀਂ ਤੋਂ 15ਵੀਂ ਪਉੜੀ ਦੇ 'ਮੰਨੈ' ਦੇ ਗੁਣਾਂ ਨੂੰ ਜੀਵਨ ਵਿੱਚ ਧਾਰਨ ਕਰ ਲਿਆ ਹੈ। ਪਰ ਨਾਲ ਹੀ ਗੁਰਬਾਣੀ ਵਿੱਚ,

"ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥"
(ਮਾਰੂ ਮਹਲਾ ੧, ਪੰਨਾ ੧੦੪੨)

ਜਿਹੇ ਪ੍ਰਮਾਣਾਂ ਵਿੱਚੋਂ ਗਿਣਤੀ ਦੀ ਮਹਤੱਤਾ ਦਾ ਵੀ ਪਤਾ ਲਗਦਾ ਹੈ। ਸਿੱਖ ਸਾਹਿਤ ਦੀਆਂ ਬਹੁਤ ਸਾਰੀਆਂ ਲਿਖਤਾਂ ਵਿੱਚੋਂ ਵੀ, ਜਿੱਥੇ ਉਚੇ ਸੁੱਚੇ ਕਿਰਦਾਰ ਵਾਲੇ ਸ਼੍ਰੋਮਣੀ ਵਿਅਕਤੀਆਂ ਦੀ ਗੱਲ ਸਪੱਸ਼ਟ ਹੁੰਦੀ ਹੈ, ਉਥੇ ਕਈ ਜਗ੍ਹਾ ਤੇ ਪੰਜ ਦੀ ਗਿਣਤੀ ਦਾ ਅਭਾਸ ਵੀ ਜਾਪਦਾ ਹੈ, ਜਿਵੇਂ, "ਸਨਮੁਖਿ ਮਿਲਿ ਪੰਚ ਆਖੀਅਨਿ ਬਿਰਦੁ ਪੰਚ ਪਰਮੇਸੁਰੁ ਪਾਸੀ॥ ਗੁਰਮੁਖਿ ਮਿਲਿ ਪਰਵਾਣ ਪੰਚ ਸਾਧਸੰਗਤਿ ਸਚ ਖੰਡ ਬਿਲਾਸੀ॥" (ਭਾਈ ਗੁਰਦਾਸ ਜੀ- ਵਾਰਾਂ, 39-17-5) ਵਿੱਚ ਤਾਂ ਭਾਈ ਸਾਹਿਬ ਨੇ ਸ਼ੁਭ ਗੁਣਾਂ ਵਾਲੇ ਵਿਅਕਤੀਆਂ ਦੀ ਗੱਲ ਕੀਤੀ ਹੈ, ਪਰ "ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦਿ ਲਿਵ ਲਾਈ॥ ਸਾਧਸੰਗਤਿ ਸੋਹਨਿ ਗੁਰ ਭਾਈ ॥੬॥" (29-6-7) ਅਤੇ "ਸਬਦ ਸੁਰਤਿ ਲਿਵ ਗੁਰਸਿਖ ਸੰਧ ਮਿਲੇ ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ ।" (ਭਾਈ ਗੁਰਦਾਸ ਜੀ- ਕਬਿਤ, 29-2) ਅਤੇ "ਗੁਰੁਘਰ ਕੀ ਮਰਜਾਦਾ ਪੰਚਹੁ"(ਸੂਰਜ ਪ੍ਰਕਾਸ਼) ਆਦਿ ਵਿੱਚ ਸ਼ੁਭ ਗੁਣਾਂ ਦੇ ਨਾਲ ਪੰਜ ਦੀ ਗਿਣਤੀ ਦੀ ਗੱਲ ਸਪੱਸ਼ਟ ਹੁੰਦੀ ਹੈ। ਇਸ ਤਰ੍ਹਾਂ ਇਹ ਕਹਿ ਸਕਦੇ ਹਾਂ ਕਿ ਸਿੱਖੀ ਵਿੱਚ ਸ਼ੁਭ ਗੁਣਾਂ ਨਾਲ ਭਰਪੂਰ, ਉਚੇ ਸੁੱਚੇ ਅਮਲੀ ਜੀਵਨ ਵਾਲੇ ਪੰਜ ਗੁਰਸਿੱਖਾਂ ਦੀ ਅਗਵਾਈ ਦਾ ਵਿਧਾਨ ਹੈ। ਜਾਂ ਇਹ ਕਹਿ ਸਕਦੇ ਹਾਂ ਕਿ ਸਿੱਖ ਕੌਮ ਵਿੱਚ ਕਿਸੇ ਇਕ ਵਿਅਕਤੀ ਦੀ ਜਗ੍ਹਾ, ਉਤਮ ਗੁਣਾਂ ਵਾਲੇ ਗੁਰਸਿੱਖਾਂ ਦੀ ਸਮੂਹਿਕ ਅਗਵਾਈ ਦਾ ਸਿਧਾਂਤ ਹੈ।

ਇੱਥੇ ਸਾਡਾ ਵਿਸ਼ਾ ਵਧੇਰੇ ਇਸ ਗੱਲ ਨਾਲ ਸਬੰਧਤ ਹੈ ਕਿ ਕੀ ਅੱਜ ਸਿੱਖ ਕੌਮ

ਵਿੱਚ ਇਹ ਪੰਜ ਜਥੇਦਾਰ ਹੀ ਪੰਜ ਪਿਆਰੇ ਅਖਵਾਉਣ ਦਾ ਅਤੇ ਕੌਮੀ ਫੈਸਲੇ ਕਰਨ ਦਾ ਹੱਕ ਰਖਦੇ ਹਨ ? ਇਸ ਗੱਲ ਨੂੰ ਸਮਝਣ ਵਾਸਤੇ ਅਸੀਂ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਜੀਵਨ ਕਾਲ ਦੇ ਇਤਿਹਾਸ ਤੋਂ ਹੀ ਅਗਵਾਈ ਲੈਂਦੇ ਹਾਂ। ਪਾਹੁਲ ਛਕਾਉਣ ਤੋਂ ਇਲਾਵਾ, ਸਾਡੇ ਸਾਹਮਣੇ ਤਿੰਨ ਇਤਿਹਾਸਕ ਮੌਕੇ ਹਨ, ਜਿੱਥੇ ਇਸ ਸੰਸਥਾ ਦੀ ਜ਼ਾਹਿਰਾ ਵਰਤੋਂ ਕੀਤੀ ਮਿਲਦੀ ਹੈ।

ਪਹਿਲਾਂ ਚਮਕੌਰ ਦੀ ਗੜ੍ਹੀ ਵਿੱਚ, ਜਿੱਥੇ ਇਹ ਸਪੱਸ਼ਟ ਨਜ਼ਰ ਆਉਂਦਾ ਸੀ ਕਿ ਮੈਦਾਨੇ ਜੰਗ ਵਿੱਚੋਂ ਕਿਸੇ ਸਿੱਖ ਦਾ ਜੀਉਂਦੇ ਬੱਚ ਕੇ ਆਉਣਾ ਸੰਭਵ ਨਹੀਂ। ਜਿਸ ਵੇਲੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਜੇ ਸਤਿਗੁਰੂ ਇੱਥੇ ਸ਼ਹੀਦ ਹੋ ਗਏ ਤਾਂ ਖ਼ਾਲਸਾ ਪੰਥ ਨੂੰ, ਜੋ ਉਸ ਸਮੇਂ ਪੂਰੀ ਤਰ੍ਹਾਂ ਖੇਰੂੰ ਖੇਰੂੰ ਹੋਇਆ ਪਿਆ ਸੀ, ਮੁੜ ਸੰਗਠਤ ਕਰਨਾ ਮੁਸ਼ਕਿਲ ਹੋ ਜਾਵੇਗਾ। ਸਿੱਖਾਂ ਨੇ ਸਤਿਗੁਰੂ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਆਪ ਰਾਤ ਦੇ ਹਨੇਰੇ ਵਿੱਚ ਗੜ੍ਹੀ ਛੱਡ ਕੇ ਨਿਕਲ ਜਾਵੋ, ਪਰ ਸਤਿਗੁਰੂ ਨਹੀਂ ਮੰਨੇ, ਤਾਂ ਗੜ੍ਹੀ ਵਿੱਚ ਬਚੇ ਸਿੱਖਾਂ ਨੇ ਗੁਰਮਤਾ ਕਰਕੇ ਸਤਿਗੁਰੂ ਨੂੰ, ਗੜ੍ਹੀ ਛੱਡ ਜਾਣ ਦਾ ਪੰਥ ਦਾ ਫੈਸਲਾ ਸੁਣਾਇਆ। ਜਿਨ੍ਹਾਂ ਪੰਜਾਂ ਨੇ ਪੰਥ ਦਾ ਇਹ ਫੈਸਲਾ ਸਤਿਗੁਰੂ ਨੂੰ ਸੁਣਾਇਆ, ਉਹ ਭਾਈ ਸੰਗਤ ਸਿੰਘ ਦੀ ਅਗਵਾਈ ਵਿੱਚ ਅਲੱਗ ਪੰਜ ਸਿੰਘ ਸਨ।

ਦੂਸਰਾ ਜਦੋਂ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਸਿੱਖਾਂ ਦਾ ਇਮਤਿਹਾਨ ਲੈਣ ਲਈ, ਦਾਦੂ ਪੀਰ ਦੀ ਦਰਗਾਹ ਤੇ ਤੀਰ ਝੁਕਾ ਕੇ ਨਮਸਕਾਰ ਕੀਤੀ, ਤਾਂ ਸਿੱਖਾਂ ਨੇ ਇਮਤਿਹਾਨ ਚੋਂ ਪੂਰੀ ਤਰ੍ਹਾਂ ਪਾਸ ਹੁੰਦੇ ਹੋਏ, ਸਤਿਗੁਰੂ ਨੂੰ ਉਸੇ ਵੇਲੇ ਟੋਕ ਦਿੱਤਾ ਕਿ ਸਤਿਗੁਰੂ, ਸਾਨੂੰ ਤਾਂ ਸਿਖਾਉਂਦੇ ਹੋ ਕਿ ਮੜ੍ਹੀ ਮਸਾਣ ਪੂਜਣੀ ਨਹੀਂ ਪਰ ਆਪ ਤੁਸੀਂ ਮੜ੍ਹੀ ਤੇ ਤੀਰ ਨਿਵਾਂ ਕੇ ਨਮਸਕਾਰ ਕੀਤੀ ਹੈ। ਸਤਿਗੁਰੂ ਬਹੁਤ ਪ੍ਰਸੰਨ ਹੋਏ ਅਤੇ ਫੁਰਮਾਇਆ, ਮੈਂ ਇਹੀ ਵੇਖਣਾ ਚਾਹੁੰਦਾ ਸੀ ਕਿ ਤੁਸੀਂ ਕਿੰਨੇ ਕੁ ਸੁਚੇਤ ਹੋ? ਸਤਿਗੁਰੂ ਨੇ ਆਪ ਫੁਰਮਾਇਆ, ਭਾਵੇਂ ਮੈਂ ਇਹ ਤੁਹਾਡਾ ਇਮਤਿਹਾਨ ਲੈਣ ਵਾਸਤੇ ਕੀਤਾ ਹੈ, ਪਰ ਗੁਰਮਤਿ ਸਿਧਾਂਤਾਂ ਦੀ ਅਵੱਗਿਆ ਤਾਂ ਕੀਤੀ ਹੈ, ਇਸ ਵਾਸਤੇ ਮੈਨੂੰ ਤਨਖਾਹ ਜ਼ਰੂਰ ਲਾਈ ਜਾਵੇ। ਜਿਨ੍ਹਾਂ ਪੰਜ ਗੁਰਸਿੱਖਾਂ ਨੇ ਉਸ ਸਮੇਂ ਸਤਿਗੁਰੂ ਨੂੰ ਪੰਥ ਦਾ ਤਨਖਾਹ ਦਾ ਫੈਸਲਾ ਸੁਣਾਇਆ, ਉਹ ਸਭ ਤੋਂ ਪਹਿਲਾਂ ਪਾਹੁਲ ਛੱਕਣ ਵਾਲੇ ਪੰਜ ਪਿਆਰੇ ਨਹੀਂ ਸਨ।

ਤੀਸਰਾ ਮੌਕਾ ਜਦੋਂ ਸਤਿਗੁਰੂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਵਿੱਚੋਂ ਜ਼ੁਲਮ ਦਾ ਰਾਜ ਖ਼ਤਮ ਕਰਨ ਅਤੇ ਸਾਹਿਬਜ਼ਾਦਿਆਂ ਦੇ ਕਾਤਲ ਦੁਸ਼ਟਾਂ ਨੂੰ ਸਜ਼ਾ ਦੇਣ ਲਈ ਪੰਜਾਬ ਭੇਜਿਆ ਤਾਂ ਉਨ੍ਹਾਂ ਨਾਲ ਸਲਾਹਕਾਰ ਦੇ ਤੌਰ ਤੇ ਭੇਜੇ ਪੰਜ ਸਿੰਘਾਂ ਦੇ ਨਾ ਬਾਬਾ ਬਿਨੋਦ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ, ਬਿਜੈ ਸਿੰਘ, ਰਾਮ ਸਿੰਘ ਸਨ (ਭਾਈ ਕਾਨ੍ਹ ਸਿੰਘ ਨਾਭਾ- ਮਹਾਨਕੋਸ਼ ਪੰਨਾ ੮੯੪), ਜਦਕਿ ਉਸ ਸਮੇਂ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਵੀ ਉਥੇ ਨੰਦੇੜ ਵਿੱਖੇ ਹੀ ਸਨ।

ਇਥੇ ਇਕ ਹੋਰ ਅਤਿ ਮਹੱਤਵ ਪੂਰਨ ਗੱਲ ਸਮਝ ਲੈਣੀ ਜ਼ਰੂਰੀ ਹੈ। ਪੰਜਾਂ ਪਿਆਰਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਬਖਸ਼ਣ ਤੋਂ ਬਾਅਦ ਹੀ, ਗੁਰੂ ਪਾਤਿਸ਼ਾਹ ਨੇ ਪੰਜ ਸਿੱਖਾਂ ਨੂੰ ਗੁਰੂ ਰੂਪ ਹੋ ਕੇ ਖੰਡੇ ਬਾਟੇ ਦੀ ਪਾਹੁਲ ਛਕਾਉਣ ਦਾ ਅਧਿਕਾਰ ਦੇ ਦਿੱਤਾ ਸੀ। ਤਾਂ ਹੀ 1699 ਦੀ ਵਿਸਾਖੀ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ, ਖਾਲਸੇ ਸੱਜ ਗਏ ਸਨ। ਜੇ ਸਤਿਗੁਰੂ ਕੇਵਲ ਆਪ ਹੀ ਇਹ ਬਖ਼ਸ਼ਿਸ਼ ਕਰਦੇ ਜਾਂ ਕੇਵਲ ਪਹਿਲਾਂ ਪਾਹੁਲ ਪ੍ਰਾਪਤ ਕਰਨ ਵਾਲੇ ਪੰਜ ਪਿਆਰਿਆਂ ਨੂੰ ਹੀ ਇਹ ਅਧਿਕਾਰ ਦੇਂਦੇ, ਤਾਂ ਸ਼ਾਇਦ ਇਹ ਗਿਣਤੀ ਕੁਝ ਸੈਂਕੜਿਆਂ ਤੋਂ ਨਾ ਵੱਧ ਸਕਦੀ। ਉਦੋਂ ਤੋਂ ਹੀ ਇਹ ਮਰਿਯਾਦਾ ਚੱਲੀ ਆਉਂਦੀ ਹੈ

ਕਿ ਕੋਈ ਵੀ ਗੁਰਮਤਿ ਰਹਿਣੀ ਬਹਿਣੀ ਵਾਲੇ ਪੰਜ ਤਿਆਰ ਬਰ ਤਿਆਰ ਸਿੱਖ, ਖੰਡੇ-ਬਾਟੇ ਦੀ ਪਾਹੁਲ ਬਖਸ਼ਿਸ਼ ਕਰਨ ਵਿੱਚ ਪੰਜ ਪਿਆਰਿਆਂ ਦਾ ਰੋਲ ਨਿਭਾ ਸਕਦੇ ਹਨ। ਲੇਕਿਨ ਉਤਨੀ ਹੀ ਮਹੱਤਵ ਪੂਰਨ ਗੱਲ ਇਹ ਸਮਝਣ ਵਾਲੀ ਹੈ ਕਿ ਆਪਣਾ ਇਹ ਫਰਜ਼ ਨਿਭਾ ਲੈਣ ਤੋਂ ਬਾਅਦ ਉਹ ਆਮ ਸਿੱਖ ਬਣ ਜਾਂਦੇ ਹਨ। ਉਨ੍ਹਾਂ ਕੋਲ ਕੋਈ ਵਿਸ਼ੇਸ਼ ਅਧਿਕਾਰ ਨਹੀਂ ਰਹਿੰਦਾ। (ਸਾਡੀ ਗੁਰਮਤਿ ਸਿਧਾਂਤਾਂ ਤੋਂ ਅਗਿਆਨਤਾ ਅਤੇ ਨਾਸਮਝੀ ਕਾਰਨ, ਅੱਜ ਕਈ ਸਥਾਨਾਂ ਤੇ ਅੱਜ ਕਿਸੇ ਪੰਜ ਵਿਅਕਤੀਆਂ ਨੂੰ ਐਸਾ ਸਨਮਾਨ ਦੇਣਾ ਸ਼ੁਰੂ ਕਰ ਦਿੱਤਾ ਗਿਆ ਹੈ, ਜੋ ਗੁਰੂ ਆਸ਼ੇ ਤੋਂ ਉਲਟ ਹੋਣ ਕਾਰਨ, ਕੌਮ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ।)

ਇਨ੍ਹਾਂ ਇਤਿਹਾਸਕ ਪ੍ਰਮਾਣਾਂ ਤੋਂ ਗੱਲ ਸਪੱਸ਼ਟ ਹੈ ਕਿ ਜਿੱਥੇ ਇਹ ਸੰਸਥਾ ਸਥਾਈ ਹੈ, ਵਿਅਕਤੀ ਸਥਾਈ ਨਹੀਂ। ਵਿਅਕਤੀ ਸਮੇਂ, ਸਥਾਨ, ਹਾਲਾਤ ਅਤੇ ਲੋੜ ਅਨੁਸਾਰ ਚੁਣੇ ਜਾਂਦੇ ਸਨ ਅਤੇ ਹੁਣ ਵੀ ਉਸੇ ਅਨੁਸਾਰ ਚੁਣੇ ਜਾਣੇ ਚਾਹੀਦੇ ਹਨ।

ਪਰ ਅੱਜ ਪੰਜਾਂ ਤਖ਼ਤਾਂ ਦੇ ਅਖੌਤੀ ਜਥੇਦਾਰਾਂ ਨੂੰ ਪੱਕੀ ਤਰ੍ਹਾਂ ਸਿੱਖ ਕੌਮ 'ਤੇ ਗੁਰੂ ਪਾਤਿਸ਼ਾਹ ਤੋਂ ਵੱਧ ਤਾਕਤ ਦੇਕੇ, ਮੜ੍ਹ ਦਿੱਤਾ ਗਿਆ ਹੈ। ਇਨ੍ਹਾਂ ਵਲੋਂ ਅਕਸਰ ਆਖਿਆ ਜਾਂਦਾ ਹੈ ਕਿ ਅਸੀਂ ਸੁਪਰੀਮ ਹਾਂ, ਅਸੀਂ ਕਿਸੇ ਨੂੰ ਜੁਆਬ ਦੇਹ ਨਹੀਂ ਹਾਂ। ਨਾ ਸਾਡੇ ਫੈਸਲਿਆਂ ਤੇ ਕਿੰਤੂ ਕੀਤਾ ਜਾ ਸਕਦਾ ਹੈ, ਨਾ ਸਾਡੇ ਫੈਸਲੇ ਬਦਲੇ ਜਾ ਸਕਦੇ ਹਨ ਅਤੇ ਨਾ ਹੀ ਰੱਦ ਕੀਤੇ ਜਾ ਸਕਦੇ ਹਨ। ਜਦਕਿ ਉਪਰੋਕਤ ਇਤਿਹਾਸਕ ਘਟਨਾਵਾਂ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਆਪ ਪੰਥ ਨੂੰ ਜੁਆਬ ਦੇਹ ਸਨ ਅਤੇ ਪੰਥ ਦੇ ਫੈਸਲਿਆਂ ਦਾ ਪੂਰਾ ਸਤਿਕਾਰ ਕਰਦੇ ਸਨ।

ਇੱਥੇ ਇਹ ਕਿਹਾ ਜਾਵੇਗਾ, ਕਿ ਇਹ ਵੀ ਤਾਂ ਬਦਲਦੇ ਰਹਿੰਦੇ ਹਨ? ਇਹ ਕੇਵਲ ਹੇਠ ਲਿਖੇ ਹਾਲਾਤ ਵਿੱਚ ਬਦਲੇ ਜਾਂਦੇ ਹਨ:

- ਉਸ ਵੇਲੇ ਜਦੋਂ ਇਹ ਆਪਣੇ ਸਿਆਸੀ ਆਕਾਵਾਂ ਦੀ ਲੋੜ ਤੇ ਖਰੇ ਨਹੀਂ ਉਤਰਦੇ।
- ਜਦੋਂ ਇਨ੍ਹਾਂ ਦੇ ਸਿਆਸੀ ਆਕਾ ਇਹ ਮਹਿਸੂਸ ਕਰਨ ਲੱਗ ਜਾਂਦੇ ਹਨ ਕਿ ਕੁੱਝ ਉਨ੍ਹਾਂ ਦੁਆਰਾ ਕਰਵਾਏ ਗਏ ਅਤੇ ਕੁੱਝ ਆਪ ਕੀਤੇ ਪਾਪ ਕਰਮਾਂ ਨਾਲ ਕੋਈ ਜਥੇਦਾਰ ਇਤਨਾ ਬਦਨਾਮ ਹੋ ਗਿਆ ਹੈ ਕਿ ਹੁਣ ਕੌਮ ਨੂੰ ਹੋਰ ਮੂਰਖ ਬਨਾਉਣ ਲਈ ਉਹ ਪ੍ਰਭਾਵਸ਼ਾਲੀ ਨਹੀਂ ਰਿਹਾ।
- ਜਦੋਂ ਕੋਈ ਅਖੌਤੀ ਜਥੇਦਾਰ ਆਪਣੀ ਸਰਬਉੱਚਤਾ (supremacy) ਦੀ ਤਾਕਤ ਦੇ ਝੂਠੇ ਨਸ਼ੇ ਵਿੱਚ ਇਹ ਭੁੱਲ ਜਾਂਦਾ ਹੈ ਕਿ ਉਹ ਕੁਝ ਸਿਆਸਤਦਾਨਾਂ ਦਾ ਤਨਖਾਹਦਾਰ ਅਤੇ ਉਨ੍ਹਾਂ ਦੇ ਰਹਿਮੋ-ਕਰਮ ਤੇ ਹੈ ਅਤੇ ਇਸ ਨਸ਼ੇ ਵਿੱਚ ਆਪਹੁਦਰੀਆਂ ਕਰਨਾ ਸ਼ੁਰੂ ਕਰ ਦੇਂਦਾ ਹੈ।
- ਜਦੋਂ ਉਹ ਆਪਣੇ ਸਿਆਸੀ ਆਕਾਵਾਂ ਦੀ ਇੱਛਾ ਵਿਰੁਧ ਕੋਈ ਕਰਮ ਕਰ ਬੈਠਦਾ ਹੈ ਜਾਂ ਉਸ ਤੋਂ ਕੋਈ ਐਸਾ ਕਰਮ ਹੋ ਜਾਂਦਾ ਹੈ, ਜੋ ਉਸ ਦੇ ਸਿਆਸੀ ਆਕਾਵਾਂ ਨੂੰ ਰਾਸ ਨਹੀਂ ਆਉਂਦਾ ਅਤੇ ਉਨ੍ਹਾਂ ਦੇ ਹਿੱਤਾਂ ਵਿਰੁਧ ਜਾਂਦਾ ਹੋਵੇ।
- ਜਦੋਂ ਉਸ ਨੂੰ ਬਦਲਣ ਨਾਲ ਉਨ੍ਹਾਂ ਨੂੰ ਕੋਈ ਰਾਜਨੀਤਿਕ ਜਾਂ ਨਿਜੀ ਲਾਭ ਹੁੰਦਾ ਹੋਵੇ।

ਭਾਵ ਇਹ ਕਿ ਆਮ ਸਿੱਖਾਂ ਵਾਸਤੇ ਸਰਬ ਸ਼ਕਤੀਮਾਨ ਜਥੇਦਾਰ, ਸ਼੍ਰੋਮਣੀ ਕਮੇਟੀ ਤੇ ਕਾਬਜ਼ ਸਿਆਸਤਦਾਨਾਂ ਦੇ ਰਹਿਮੋ ਕਰਮ ਤੇ, ਉਨ੍ਹਾਂ ਦੇ ਹੱਥਾਂ ਦੀ ਮਮੂਲੀ ਜਿਹੀ

ਕਠਪੁਤਲੀ ਹਨ।

ਇਕ ਹੋਰ ਬੜੀ ਵਿਸ਼ੇਸ਼ ਗੱਲ ਸਮਝਣ ਅਤੇ ਵਿਚਾਰਨ ਵਾਲੀ ਹੈ। ਜੇ ਮੰਨ ਲਓ ਕੁਝ ਸਮੇਂ ਵਾਸਤੇ ਇਸ ਅਹੁਦੇ ਨੂੰ ਪ੍ਰਵਾਨ ਵੀ ਕਰ ਲਿਆ ਜਾਵੇ ਤਾਂ ਇਨ੍ਹਾਂ ਦਾ ਪ੍ਰਮੁਖ ਕੰਮ, ਗੁਰੂ ਗ੍ਰੰਥ ਸਾਹਿਬ ਵਿੱਚ ਦਰਜ, ਅਨਮੋਲ ਗੁਰਮਤਿ ਸਿਧਾਂਤਾਂ ਨੂੰ ਲਾਗੂ ਕਰਾਉਣਾ ਹੈ। ਇਨ੍ਹਾਂ ਗੁਰਮਤਿ ਸਿਧਾਂਤਾਂ ਦਾ ਅਮਲੀ ਨਿਚੋੜ, ਸਿੱਖ ਰਹਿਤ ਮਰਿਯਾਦਾ ਵਿੱਚ ਕਥਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਵੇਂ ਸਿੱਖ ਰਹਿਤ ਮਰਿਯਾਦਾ ਦੀਆਂ ਕੁਝ ਮੱਦਾਂ ਬਾਰੇ ਆਪਸੀ ਮਤਭੇਦ ਹੋ ਸਕਦੇ ਹਨ, ਪਰ ਜਿਵੇਂ ਕਿਸੇ ਵੀ ਦੇਸ਼ ਜਾਂ ਕੌਮ ਦੇ ਵਿਧਾਨ ਦੀ ਨਜ਼ਰਸਾਨੀ ਕੀਤੀ ਜਾ ਸਕਦੀ ਹੈ, ਤਿਵੇਂ ਰਹੁਰੀਤ ਕਮੇਟੀ ਦੇ ਪੱਧਰ ਦੀ ਇਕ ਕਮੇਟੀ ਬਣਾ ਕੇ ਸਾਡੀ ਰਹਿਤ ਮਰਿਯਾਦਾ ਦੀਆਂ ਇਤਰਾਜ਼ ਯੋਗ ਮੱਦਾਂ ਦੀ, ਗੁਰਮਤਿ ਦੀ ਕਸਵੱਟੀ ਤੇ ਪਰਖ ਕੇ, ਨਜ਼ਰਸਾਨੀ ਕੀਤੀ ਜਾ ਸਕਦੀ ਹੈ ਅਤੇ ਸਚਾਈ ਇਹ ਹੈ ਕਿ ਅੱਜ ਮੁੜ ਤੋਂ ਇਸ ਪੱਧਰ ਦੀ ਕਮੇਟੀ ਬਣਾਕੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਰੌਸ਼ਨੀ ਵਿੱਚ ਸਿੱਖ ਰਹਿਤ ਮਰਿਯਾਦਾ ਦੀ ਸੋਧ ਕਰਨੀ ਹੈ ਵੀ ਬਹੁਤ ਜ਼ਰੂਰੀ। ਪਰ ਜਿਵੇਂ ਸੋਧ ਹੋਣ ਤੱਕ ਉਹ ਮੱਦਾਂ ਵਿਧਾਨ ਦਾ ਹਿੱਸਾ ਰਹਿੰਦੀਆਂ ਹਨ, ਤਿਵੇਂ ਅਜ ਸਿੱਖ ਰਹਿਤ ਮਰਿਯਾਦਾ ਦਾ ਜੋ ਵੀ ਰੂਪ ਹੈ, ਤਖ਼ਤਾਂ ਦੇ ਅਖੌਤੀ ਜਥੇਦਾਰ ਉਸ ਦੇ ਪਹਿਰੇਦਾਰ ਹਨ, ਅਤੇ ਉਨ੍ਹਾਂ ਦਾ ਮੁੱਖ ਕੰਮ, ਗੁਰੂ ਗ੍ਰੰਥ ਸਾਹਿਬ ਦਾ ਪੂਰਨ ਅਦਬ-ਸਤਿਕਾਰ ਬਣਾ ਕੇ ਰਖਣਾ, ਸਤਿਗੁਰੂ ਦੀ ਪਾਵਨ ਬਾਣੀ ਅਨੁਸਾਰ ਗੁਰਮਤਿ ਦਾ ਪ੍ਰਚਾਰ, ਪ੍ਰਸਾਰ ਕਰਨਾ ਅਤੇ ਸਿੱਖ ਰਹਿਤ ਮਰਿਯਾਦਾ ਨੂੰ ਇਨ-ਬਿਨ ਲਾਗੂ ਕਰਾਉਣਾ ਹੈ। ਪਰ ਇੱਥੇ ਤਾਂ ਇਹ ਜਥੇਦਾਰ ਆਪ, ਨਾ ਹੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ ਅਤੇ ਨਾ ਹੀ ਸਿੱਖ ਰਹਿਤ ਮਰਿਯਾਦਾ ਦੇ ਪਾਬੰਦ ਹਨ।

ਗੁਰਮਤਿ ਸਿਧਾਂਤ ਅਤੇ ਸਿੱਖ ਰਹਿਤ ਮਰਿਯਾਦਾ, ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਦੇ ਹਜ਼ੂਰ ਵਿੱਚ, ਕਿਸੇ ਤਰ੍ਹਾਂ ਦੇ ਕਰਮ-ਕਾਂਡ ਕਰਨ, ਗੁਰਦੁਆਰੇ ਵਿੱਚ ਕੋਈ ਫੋਟੋ ਜਾਂ ਮੂਰਤੀ ਆਦਿ ਲਾਉਣ, ਟੱਲ ਖੜਕਾਉਣ, ਆਰਤੀ ਉਤਾਰਨ ਆਦਿ ਜਿਹੇ ਬ੍ਰਾਹਮਣੀ ਕਰਮਾਂ ਦੀ ਪੂਰਨ ਤੌਰ ਤੇ ਮਨਾਹੀ ਕਰਦੇ ਹਨ। (ਸਿੱਖ ਰਹਿਤ ਮਰਿਯਾਦਾ, ਭਾਗ-4, ਚੈਪਟਰ-ਗੁਰਦੁਆਰੇ, ਮੱਦ-ਸ) ਪਰ ਪੰਜਾਬ ਤੋਂ ਬਾਹਰਲੇ ਦੋਹਾਂ ਤਖ਼ਤਾਂ ਤੇ ਇਹ ਸਾਰੇ ਕਰਮ ਕਾਂਡ, ਰੋਜ਼ ਜ਼ੋਰ-ਸ਼ੋਰ ਨਾਲ ਕੀਤੇ ਜਾ ਰਹੇ ਹਨ। ਹੋਰ ਤਾਂ ਹੋਰ ਸਿੱਖ ਰਹਿਤ ਮਰਿਯਾਦਾ ਦੀ ਘੋਰ ਉਲੰਘਣਾ, ਕਿ ਗੁਰੂ ਗ੍ਰੰਥ ਸਾਹਿਬ ਜੀ ਵਾਕਰ(ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿੱਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, (ਸਿੱਖ ਰਹਿਤ ਮਰਿਯਾਦਾ, ਭਾਗ-4, ਚੈਪਟਰ-ਗੁਰਦੁਆਰੇ, ਮੱਦ-ਹ), ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਅੰਤਮ ਆਦੇਸ਼, "ਗੁਰੂ ਮਾਨਿਓ ਗ੍ਰੰਥ" ਦੀ ਹੁਕਮ ਅਦੂਲੀ ਅਤੇ ਮੌਜੂਦਾ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਦਾ ਘੋਰ ਅਪਮਾਨ ਕਰਦੇ ਹੋਏ, ਇੱਕ ਸਾਕਤੀ ਅਤੇ ਅਸ਼ਲੀਲ ਰਚਨਾਵਾਂ ਨਾਲ ਭਰਪੂਰ ਕਿਤਾਬ, ਬਚਿਤ੍ਰ ਨਾਟਕ (ਇਕ ਸ਼ਰਾਰਤ ਦੇ ਤੌਰ ਤੇ ਜਿਸ ਦਾ ਨਾਂ ਹੁਣ ਬਦਲ ਕੇ ਦਸਮ ਗ੍ਰੰਥ ਰੱਖ ਦਿਤਾ ਗਿਆ ਹੈ ਅਤੇ ਇਸ ਤੋਂ ਵੀ ਅੱਗੇ ਗੁਰੂ ਗ੍ਰੰਥ ਸਾਹਿਬ ਤੋਂ ਬੇਮੁੱਖ ਹੋਏ ਵਿਅਕਤੀਆਂ ਵਲੋਂ ਅੱਜਕਲ ਉਸਨੂੰ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਂ ਹੇਠ ਛਾਪਿਆ ਅਤੇ ਪ੍ਰਚਾਰਿਆ ਜਾ ਰਿਹਾ ਹੈ) ਦਾ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਤੇ ਬਿਲਕੁਲ ਉਸੇ ਤਰ੍ਹਾਂ ਪ੍ਰਕਾਸ਼ ਕੀਤਾ ਜਾਂਦਾ ਹੈ। ਉਸ ਅਗੇ ਵੀ ਸਤਿਗੁਰੂ ਵਾਂਗ ਅਰਦਾਸਾਂ ਕੀਤੀਆਂ ਜਾਂਦੀਆਂ ਹਨ, ਉਸ ਵਿੱਚੋਂ ਵੀ ਹੁਕਮਨਾਮੇ ਲਏ ਜਾਂਦੇ ਹਨ। ਗੁਰਮਤਿ ਸਿਧਾਂਤਾਂ ਅਤੇ ਸਿੱਖ ਰਹਿਤ ਮਰਿਯਾਦਾ ਨੂੰ ਇੰਝ ਪਿੱਠ ਦੇਣ ਵਾਲੇ, ਕੌਮ ਦੇ ਫੈਸਲੇ ਅਤੇ ਨਿਆਂ(?) ਕਰ

ਰਹੇ ਹਨ। ਜੋ ਆਪ ਗੁਰਮਤਿ ਸਿਧਾਂਤਾਂ ਅਤੇ ਸਿੱਖ ਰਹਿਤ ਮਰਿਯਾਦਾ ਨੂੰ ਪਿੱਠ ਦੇਈ ਬੈਠੇ ਹਨ, ਕੀ ਉਹ ਇਨ੍ਹਾਂ ਦੇ ਪਹਿਰੇਦਾਰ ਬਣਨ ਜਾਂ ਅਖਵਾਉਣ ਦੇ ਹੱਕਦਾਰ ਹਨ?

ਇੱਥੇ ਇਕ ਵਿਸ਼ੇਸ਼ ਗੱਲ ਨੋਟ ਕਰਨ ਵਾਲੀ ਹੈ ਕਿ ਨਵੰਬਰ, 2003 ਤੱਕ ਇਨ੍ਹਾਂ ਅਖੌਤੀ ਜਥੇਦਾਰਾਂ ਦੀ, ਫੈਸਲੇ ਕਰਨ ਵਾਲੀ ਮੀਟਿੰਗ ਵਿੱਚ, ਪੰਜਾਬ ਤੋਂ ਬਾਹਰਲੇ ਦੋ ਜਥੇਦਾਰਾਂ ਨੂੰ ਸ਼ਾਮਿਲ ਨਹੀਂ ਸੀ ਕੀਤਾ ਜਾਂਦਾ, ਅਤੇ ਪੰਜਾਬ ਵਿਚਲੇ ਤਿੰਨ ਜਥੇਦਾਰਾਂ ਦੇ ਨਾਲ, ਦਰਬਾਰ ਸਾਹਿਬ ਜਾਂ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀਆਂ ਨੂੰ ਸੱਦ ਕੇ ਕੋਰਮ ਪੂਰਾ ਕਰ ਲਿਆ ਜਾਂਦਾ ਸੀ। ਕਾਰਨ ਇਹੀ ਸੀ ਕਿ ਬਾਹਰਲੇ ਤਖਤਾਂ ਦੇ ਜਥੇਦਾਰ, ਸਿੱਖ ਰਹਿਤ ਮਰਿਯਾਦਾ ਨੂੰ ਨਹੀਂ ਸਨ ਮੰਨਦੇ। ਨਵੰਬਰ, 2003 ਤੋਂ, ਉਨ੍ਹਾਂ ਨੂੰ ਵੀ ਸੱਦਣਾ ਸ਼ੁਰੂ ਕਰ ਦਿੱਤਾ ਗਿਆ। ਪਹਿਲਾਂ ਤਾਂ ਕੋਈ ਇਹ ਪੁੱਛੇ ਕਿ ਕੀ ਹੁਣ ਉਹ ਮਰਿਆਦਾ ਨੂੰ ਮੰਨਣ ਲੱਗ ਪਏ ਹਨ? ਜੁਆਬ ਹੈ, ਬਿਲਕੁਲ ਨਹੀਂ। ਫੇਰ ਆਖਿਰ ਬਦਲਿਆ ਕੀ ਹੈ?

ਜੇ ਪੰਜਾਂ ਤਖ਼ਤਾਂ ਦੇ ਜਥੇਦਾਰ ਹੀ ਪੰਜ ਪਿਆਰੇ ਹਨ, ਤਾਂ ਫੇਰ ਉਸ ਤੋਂ ਪਹਿਲੋਂ ਦੇ ਕੀਤੇ ਸਾਰੇ ਫੈਸਲਿਆਂ ਦੀ ਕੋਈ ਮਹਤੱਤਾ ਨਾ ਹੋਈ। ਅਗੋਂ ਜੇ ਉਸ ਤੋਂ ਬਾਅਦ ਕੀਤੇ ਫੈਸਲਿਆਂ ਤੇ ਝਾਤੀ ਮਾਰੀਏ ਤਾਂ ਸਭ ਤੋਂ ਜ਼ਿਆਦਾ ਵਿਵਾਦ-ਪੂਰਨ, ਕੌਮ ਵਿੱਚ ਦੁਬਿਧਾ ਪੈਦਾ ਕਰਨ ਵਾਲੇ, ਪੰਥ ਵਿੱਚ ਵੰਡੀਆਂ ਪਾਉਣ ਵਾਲੇ, ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਦੇ ਅਦਬ ਸਤਿਕਾਰ ਨੂੰ ਘਟਾਉਣ ਵਾਲੇ, ਗੁਰਮਤਿ ਸਿਧਾਂਤਾਂ ਅਤੇ ਗੁਰਮਰਿਆਦਾ ਦਾ ਮਜ਼ਾਕ ਉਡਾਉਣ ਵਾਲੇ, ਅਕਾਲ-ਤਖ਼ਤ ਸਾਹਿਬ ਦੀ ਸੰਸਥਾ ਦੇ ਅਨਮੋਲ ਸਿਧਾਂਤਾਂ ਨੂੰ ਬਰਬਾਦ ਕਰਨ ਵਾਲੇ, ਹੁਕਮਨਾਮੇ ਉਸ ਤੋਂ ਬਾਅਦ ਵਧੇਰੇ ਆਏ ਹਨ। ਇਸ ਤੋਂ ਇਹ ਸਪੱਸ਼ਟ ਜਾਪਦਾ ਹੈ ਕਿ, ਕਿਉਂਕਿ ਸ਼੍ਰੋਮਣੀ ਕਮੇਟੀ ਤੇ ਕਾਬਜ਼ ਮੌਜੂਦਾ ਅਕਾਲੀ ਲੀਡਰਸ਼ਿਪ ਸਿੱਖ ਕੌਮ ਦੇ ਹਿੱਤਾਂ ਨੂੰ ਪੂਰਨ ਤੌਰ ਤੇ ਤਿਆਗ ਚੁੱਕੀ ਹੈ, ਅਤੇ ਇਸ ਸਮੇਂ ਕੇਵਲ ਰਾਜਨੀਤੀ ਅਤੇ ਰਾਜ ਸੱਤਾ ਦੀ ਖੇਡ, ਖੇਡ ਰਹੀ ਹੈ, ਵਲੋਂ, ਆਪਣੇ ਰਾਜਸੀ ਭਾਈਵਾਲਾਂ, ਆਰ. ਐਸ. ਐਸ. ਦੇ ਰਾਜਸੀ ਵਿੰਗ ਭਾਰਤੀ ਜਨਤਾ ਪਾਰਟੀ, ਜੋ ਕਿ ਸਿੱਖ ਕੌਮ ਦੀ ਅੱਡਰੀ ਹੋਂਦ ਨੂੰ ਮਲੀਆਮੇਟ ਕਰਕੇ, ਆਪਣੇ ਅੰਦਰ ਹੀ ਸਮੋ ਲੈਣ ਦੇ ਸੁਪਨੇ ਵੇਖ ਰਹੀ, ਅਤੇ ਤਾਣੇ-ਬਾਣੇ ਬੁਣ ਰਹੀ ਹੈ, ਨੂੰ ਖੁਸ਼ ਕਰਨ ਲਈ, ਇਨ੍ਹਾਂ ਬਾਹਰਲੇ ਤਖਤਾਂ ਦੇ ਅਖੌਤੀ ਜਥੇਦਾਰਾਂ ਨੂੰ ਸ਼ਾਮਿਲ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਹੈ। ਕਿਉਂਕਿ ਇਨ੍ਹਾਂ ਦੋਹਾਂ ਤਖ਼ਤਾਂ ਦਾ ਪ੍ਰਬੰਧ ਅਸਿੱਧੇ ਤੌਰ ਤੇ, ਇਨ੍ਹਾਂ ਪੰਥ ਦੋਖੀ ਤਾਕਤਾਂ ਕੋਲ ਹੀ ਹੈ, ਇਹ ਉਨ੍ਹਾਂ ਨੂੰ ਸਿੱਖੀ ਨੂੰ ਬਰਬਾਦ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਤ ਸਕਦੇ ਹਨ ਅਤੇ ਵਰਤ ਰਹੇ ਹਨ।

ਜੇ ਪੰਜਾਂ ਤੁਖਤਾਂ ਦੇ ਜਥੇਦਾਰ ਹੀ ਪੰਥਕ ਫੈਸਲੇ ਕਰਨ ਲਈ ਪੰਜ ਪਿਆਰੇ ਹਨ, ਤਾਂ ਉਦੋਂ ਕੀ ਹੁੰਦਾ ਹੋਵੇਗਾ ਜਦੋਂ ਤਖ਼ਤ ਹੀ ਚਾਰ ਸਨ ? ਜਿਵੇਂ ਉਪਰ ਲਿਖਿਆ ਜਾ ਚੁੱਕਾ ਹੈ ਦਮਦਮਾ ਸਾਹਿਬ ਨੂੰ ਤਾਂ ਤਖ਼ਤ ਹੀ 1968 ਵਿੱਚ ਐਲਾਨਿਆ ਗਿਆ। ਹੋਰ ਤਾਂ ਹੋਰ 23 ਅਗਸਤ, 1981 ਤੋਂ ਪਹਿਲਾਂ ਦੇ ਕਿਸੇ ਫੈਸਲੇ ਵਿੱਚ, ਤਖ਼ਤ ਐਲਾਨੇ ਜਾਣ ਤੋਂ ਬਾਅਦ ਵੀ ਦਮਦਮਾ ਸਾਹਿਬ ਦੇ ਕਿਸੇ ਜਥੇਦਾਰ ਦੀ ਸ਼ਮੂਲੀਅਤ ਨਹੀਂ ਜਾਪਦੀ। ਦਮਦਮਾ ਸਾਹਿਬ ਦੇ ਜਥੇਦਾਰ ਲੱਖਾ ਸਿੰਘ ਦੇ ਦਸਖਤ ਪਹਿਲੀ ਵਾਰ 23 ਅਗਸਤ, 1981 ਦੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਉਸ ਸਮੇਂ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਵਿਰੁਧ ਕੀਤੇ ਫੈਸਲੇ ਤੇ ਮਿਲਦੇ ਹਨ। ਇਸ ਫੈਸਲੇ ਤੋਂ ਪਹਿਲਾਂ ਜਥੇਦਾਰ ਸੰਤੋਖ ਸਿੰਘ ਨੇ ਜਿੱਥੇ ਇਨ੍ਹਾਂ ਜਥੇਦਾਰਾਂ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ, ਉੱਥੇ ਇਨ੍ਹਾਂ ਤੇ ਪੱਖਪਾਤ ਦਾ ਦੋਸ਼ ਵੀ ਲਾਇਆ। (ਰੂਪ ਸਿੰਘ, ਹੁਕਮਨਾਮੇ ਆਦੇਸ਼ ਸੰਦੇਸ਼...,ਜੂਨ 2003, ਪੰਨਾ 83-84) ਲੇਕਿਨ ਫੇਰ 10 ਸਤੰਬਰ 1981 ਨੂੰ ਜਥੇਦਾਰਾਂ ਅੱਗੇ ਗੋਡੇ ਟੇਕ ਕੇ

ਤਨਖਾਹ ਲੁਆ ਲਈ।

ਬਿਲਕੁਲ ਸਪੱਸ਼ਟ ਹੈ ਕਿ ਖਾਲਸਾ ਪੰਥ ਵਿੱਚ ਪੰਜ ਪਿਆਰਿਆਂ ਦੀ ਸੰਸਥਾ ਸਥਾਈ ਹੈ ਲੇਕਿਨ ਕੋਈ ਵੀ ਪੰਜ ਵਿਅਕਤੀ ਸਥਾਈ ਤੌਰ ਤੇ ਪੰਜ ਪਿਆਰੇ ਨਹੀਂ ਹੋ ਸਕਦੇ। ਇਸ ਲਈ ਨਾ ਤਾਂ ਸਿਧਾਂਤਕ ਤੌਰ ਤੇ ਇਹ ਅਖੌਤੀ ਜਥੇਦਾਰ ਯਾ ਕੋਈ ਗ੍ਰੰਥੀ, ਸਥਾਈ ਤੌਰ ਤੇ ਪੰਜ ਪਿਆਰੇ ਬਣਨ ਯਾ ਅਖਵਾਉਣ ਦੇ ਅਧਿਕਾਰੀ ਹਨ ਅਤੇ ਨਾ ਹੀ ਨੈਤਿਕ ਤੌਰ ਤੇ ਇਨ੍ਹਾਂ ਨੂੰ ਐਸਾ ਅਧਿਕਾਰ ਹੈ। ਇਹ ਕੇਵਲ ਇਨ੍ਹਾਂ ਗ੍ਰੰਥੀਆਂ ਅਤੇ ਰਾਜਨੀਤਿਕ ਆਗੂਆਂ ਦਾ ਇੱਕ ਸਾਜਸ਼ੀ ਗੱਠਜੋੜ ਹੈ, ਜੋ ਭੋਲੇ ਭਾਲੇ ਸਿੱਖਾਂ ਦਾ ਧਾਰਮਿਕ ਅਤੇ ਮਾਨਸਿਕ ਸ਼ੋਸ਼ਣ ਕਰਕੇ ਉਨ੍ਹਾਂ ਨੂੰ ਸਦੀਵ ਆਪਣੇ ਅਧੀਨ ਰੱਖਣ ਵਾਸਤੇ, ਇਸ ਨੂੰ ਕੌਮ ਤੇ ਠੋਸ ਰਿਹਾ ਹੈ। ਅਸਲ ਵਿੱਚ ਵਿਚਾਰਨ ਵਾਲੇ ਮੁੱਦੇ ਅਤੇ ਹਾਲਾਤ ਵੇਖ ਕੇ 'ਪੰਚ ਪਰਵਾਨ ਪੰਚ ਪਰਧਾਨ' ਦੇ ਗੁਣਾਂ ਵਾਲੇ, ਸਬੰਧਤ ਵਿਸ਼ੇ ਦੇ ਨਿਪੁੰਨ ਗੁਰਸਿੱਖ, ਸੰਗਤ ਵਿੱਚੋਂ ਚੁਣੇ ਜਾਣੇ ਚਾਹੀਦੇ ਹਨ।

ਹਰ ਦਿਨ ਨਿਘਾਰ ਵੱਲ:

ਜਦੋਂ ਤੋਂ ਇਹ ਜਥੇਦਾਰ ਦਾ ਅਹੁਦਾ ਹੋਂਦ ਵਿੱਚ ਆਇਆ ਹੈ, ਇਸ ਵਿੱਚ ਹਰ ਦਿਨ ਨਿਘਾਰ ਹੀ ਆਇਆ ਹੈ। ਪਹਿਲੇ ਪਹਿਲ ਇਸ ਅਹੁਦੇ ਤੇ ਕੁਝ ਪੰਥਕ ਸ਼ਖਸੀਅਤਾਂ ਨੂੰ ਲਾਇਆ ਜਾਂਦਾ ਸੀ: ਜਿਵੇਂ ਕਿ ਜਥੇਦਾਰ ਤੇਜਾ ਸਿੰਘ ਅਕਰਪੁਰੀ (1921-1923) ਅਤੇ (1926-1930),ਜਥੇਦਾਰ ਊਧਮ ਸਿੰਘ ਨਾਗੋਕੇ (1923-1924), ਭਾਈ ਅੱਛਰ ਸਿੰਘ(1924-1925), ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਜਥੇਦਾਰ ਮੋਹਨ ਸਿੰਘ ਨਾਗੋਕੇ ਆਦਿ। ਇਸ ਅਹੁਦੇ ਨਾਲ ਖਿਲਵਾੜ ਇਸ ਕਦਰ ਹੁੰਦਾ ਰਿਹਾ ਹੈ ਕਿ ਸ੍ਰ. ਦੀਦਾਰ ਸਿੰਘ ਨੂੰ ਮਹੀਨੇ ਕੁ ਵਾਸਤੇ ਜਥੇਦਾਰ ਬਣਾਇਆ ਗਿਆ, ਜਦਕਿ ਭਾਈ ਜਵਾਹਰ ਸਿੰਘ ਨੂੰ ਕੁਝ ਕੁ ਦਿਨਾਂ ਵਾਸਤੇ ਹੀ ਜਥੇਦਾਰ ਬਣਾਇਆ ਗਿਆ। ਇਹ ਸਭ ਪੰਥਕ ਸ਼ਖਸੀਅਤਾਂ ਸਨ, ਭਾਵੇਂ ਇਨ੍ਹਾਂ ਵਿੱਚੋਂ ਵੀ ਸਾਰੇ ਉਚੇ-ਸੱਚੇ ਕਿਰਦਾਰ ਦੇ ਨਹੀਂ ਸਨ। 1965 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੇਲੇ ਪੰਥ ਵਿੱਚ (ਸੰਤ) ਫਤਹਿ ਸਿੰਘ ਦੀ ਚੜ੍ਹਤ ਚੱਲ ਰਹੀ ਸੀ। ਉਨ੍ਹਾਂ ਦੀ ਸਾਧੂ ਸਿੰਘ ਭੌਰਾ ਨਾਲ ਨੇੜਤਾ ਸੀ, ਸੋ ਉਸ ਨੂੰ ਚੋਣ ਵਾਸਤੇ ਟਿਕਟ ਦੇ ਦਿੱਤੀ, ਭਾਈ ਸਾਧੂ ਸਿੰਘ ਭੌਰਾ ਚੋਣ ਹਾਰ ਗਏ। (ਸੰਤ) ਫਤਹਿ ਸਿੰਘ ਦੀ ਉਸ ਨਾਲ ਨੇੜਤਾ ਤਾਂ ਸੀ ਹੀ, ਉਹ ਉਸ ਦੀ ਕਮਜ਼ੋਰ ਸ਼ਖਸੀਅਤ ਤੋਂ ਵੀ ਜਾਣੂ ਸਨ। ਉਨ੍ਹਾਂ ਨੇ ਸਾਧੂ ਸਿੰਘ ਭੌਰਾ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਬਣਾ ਦਿੱਤਾ। ਜਦੋਂ ਫਤਹਿ ਸਿੰਘ ਨੇ ਆਪਣੀ ਲੀਡਰੀ ਚਮਕਾਉਣ ਲਈ, ਅਕਾਲ ਤਖ਼ਤ ਸਾਹਿਬ ਦੀ ਛੱਤ ਤੇ ਸੜ ਮਰਨ ਲਈ, ਹਵਨ ਕੁੰਡ ਬਣਵਾਏ, ਤਾਂ ਸਾਧੂ ਸਿੰਘ ਨੇ ਉਸਨੂੰ ਐਸਾ ਗੈਰ ਸਿਧਾਂਤਕ ਕੰਮ ਕਰਨ ਤੋਂ ਰੋਕਣ ਦੀ ਬਜਾਏ, ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ ਇਹ ਹਵਨ ਕੁੰਡ ਅਕਾਲ ਤਖਤ ਸਾਹਿਬ ਦੀ ਛੱਤ ਤੇ ਨਹੀਂ, ਨਾਲ ਦੀ ਛੱਤ ਤੇ ਹਨ।(ਫਤਹਿ ਸਿੰਘ ਸਮੇਤ ਕਈ ਅਕਾਲੀ ਆਗੂਆਂ ਨੇ ਇਨ੍ਹਾਂ ਹਵਨ ਕੁੰਡਾਂ ਵਿੱਚ ਸੜ ਮਰਨ ਦਾ ਐਲਾਨ ਕੀਤਾ, ਪਰ ਕੌਮ ਦੀ ਕੋਈ ਵੀ ਮੰਗ ਨਾ ਮੰਨੇ ਜਾਣ ਦੇ ਬਾਵਜੂਦ, ਕੋਈ ਅਕਾਲੀ ਆਗੂ ਇਨ੍ਹਾਂ ਵਿੱਚ ਸੜ ਕੇ ਨਹੀਂ ਮਰਿਆ, ਹਾਂ । ਇਨ੍ਹਾਂ ਨੇ ਪੰਥ ਦਾ ਮਾਣ-ਸਤਿਕਾਰ ਅਤੇ ਪਾਵਨ ਸਿਧਾਂਤਾਂ ਨੂੰ ਸਾੜਨ ਵਿੱਚ ਕੋਈ ਕਸਰ ਨਾ ਛੱਡੀ) ਮਾਸਟਰ ਤਾਰਾ ਸਿੰਘ, ਫਤਹਿ ਸਿੰਘ ਸਮੇਤ ਕਈ ਆਗੂਆਂ ਨੇ ਆਪਣੀ ਲੀਡਰੀ ਚਮਕਾਉਣ ਲਈ ਮਰਨ ਵਰਤ ਰੱਖੇ(ਹਾਲਾਂਕਿ ਕੋਈ ਮੰਗ ਨਾ ਮੰਨੇ ਜਾਣ ਦੇ ਬਾਵਜੂਦ, ਸਿਵਾਏ ਦਰਸ਼ਨ ਸਿੰਘ

ਫੇਰੂਮਾਨ ਦੇ ਕੋਈ ਮਰਿਆ ਨਹੀਂ, ਕੋਈ ਨਾ ਕੋਈ ਬਹਾਨਾ ਲੱਭ ਕੇ ਆਪਣੀ ਅਰਦਾਸ ਤੋੜ ਦੇਂਦੇ ਰਹੇ) ਪਰ ਕਿਸੇ ਜਥੇਦਾਰ ਨੇ ਕਦੀਂ ਸਮਝਾਉਣ ਯਾ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਗੁਰਮਤਿ ਅਨੁਸਾਰ, ਇਹ ਗੈਰ ਸਿਧਾਂਤਕ ਹੈ।

ਭਾਵੇਂ ਗੁਰਮਤਿ 'ਯੋਗ ਅਤੇ ਯੋਗਆਸਨਾਂ' ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ, ਗੁਰਮਤਿ ਸਿਧਾਂਤਾਂ ਤੋਂ ਸੱਖਣੇ ਸਾਧੂ ਸਿੰਘ ਨੇ, ਗੁਰਮਤਿ ਸਿਧਾਂਤਾਂ ਦੇ ਉਲਟ 'ਯੋਗਾ' ਦੁਆਰਾ ਵਿਦੇਸ਼ਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੇ, ਹਰਭਜਨ ਸਿੰਘ ਯੋਗੀ ਨੂੰ ਤਾਂ ਅਕਾਲ ਤਖ਼ਤ ਸਾਹਿਬ ਤੇ ਸਨਮਾਨਤ ਕੀਤਾ, ਪਰ ਆਪਣੇ ਸਮੇਂ ਦੇ ਉਘੇ ਕੌਮੀ ਵਿਦਵਾਨ ਗਿਆਨੀ ਭਾਗ ਸਿੰਘ ਨੂੰ, ਬਚਿਤ੍ਰ ਨਾਟਕ ਨਾਮੀਂ ਸਾਕਤੀ ਅਤੇ ਅਸ਼ਲੀਲ ਲਿਖਤਾਂ ਵਾਲੀ ਕਿਤਾਬ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖ ਕੇ 'ਦਸਮ ਗ੍ਰੰਥ ਨਿਰਣੈ' ਨਾਮਕ ਖੋਜ ਭਰਪੂਰ ਕਿਤਾਬ ਲਿੱਖਣ ਵਾਸਤੇ, ਤਨਖਾਹ ਲਾਈ।('ਹੁਕਮਨਾਮੇ ਆਦੇਸ਼ ਸੰਦੇਸ਼...ਸ੍ਰੀ ਅਕਾਲ ਤਖ਼ਤ ਸਾਹਿਬ',2003 ਕਰਤਾ ਸ੍ਰ. ਰੂਪ ਸਿੰਘ, ਪੰਨਾ 76-77) ਇਹ ਤਨਖਾਹ ਸੰਤ ਸਿੰਘ ਮਸਕੀਨ ਦੀ ਚੁੱਕ ਤੇ ਲਾਈ ਗਈ ਸੀ।

ਸਿੱਖ ਧਰਮ ਵਿੱਚ ਨਾ ਤਾਂ ਕੋਈ ਪੂਜਾ ਦਾ ਵਿਧਾਨ ਹੈ ਅਤੇ ਨਾ ਹੀ ਪੁਜਾਰੀ ਦਾ। ਗੁਰਦੁਆਰੇ ਵਿੱਚ ਪੇਸ਼ੇਵਰ ਗ੍ਰੰਥੀ ਅਤੇ ਪ੍ਰਚਾਰਕ ਦਾ ਅਹੁਦਾ, ਅਸੀਂ ਸਿੱਖਾਂ ਨੇ ਆਪਣੀ ਸਹੂਲੀਅਤ ਲਈ ਸਥਾਪਤ ਕਰ ਲਿਆ ਹੈ। ਗ੍ਰੰਥੀ ਦਾ ਕੰਮ ਹੈ, ਗੁਰਦੁਆਰੇ ਦੀਆਂ ਨਿੱਤ ਦੀਆਂ ਸੇਵਾਵਾਂ ਅਤੇ ਮਰਿਯਾਦਾ ਨਿਭਾਉਣੀਆਂ ਅਤੇ ਪ੍ਰਚਾਰਕ ਦਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨੀ ਅਤੇ ਗੁਰਬਾਣੀ ਤੇ ਅਧਾਰਤ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਕਰਨਾ। ਇਸ ਤੋਂ ਵੱਧ ਹੋਰ ਕੁਝ ਨਹੀਂ। ਕਿਉਂਕਿ ਪਦਾਰਥਵਾਦ ਦੇ ਵਧਦੇ ਜੋਰ ਕਾਰਨ ਸਿੱਖਾਂ ਨੇ ਆਪ ਗੁਰਬਾਣੀ ਪੜ੍ਹਨੀ ਬੰਦ ਕਰ ਦਿੱਤੀ ਹੈ, ਅਤੇ ਜੇ ਕੋਈ ਵਿਰਲੇ ਪੜ੍ਹ ਵੀ ਰਹੇ ਹਨ ਤਾਂ ਬਿਪਰਵਾਦੀ ਮਾਹੌਲ ਕਾਰਨ ਸਿਰਫ ਮੰਤਰ ਵਾਂਗੂ ਰੱਟ ਰਹੇ ਹਨ, ਵਿਚਾਰਨ, ਸਮਝਣ ਵਾਲਾ ਕੰਮ ਤਾਂ ਜਿਵੇਂ ਮੂਲੋਂ ਹੀ ਗੁਆਚ ਗਿਆ ਹੈ, ਆਮ ਸਿੱਖ ਹਰ ਦਿਨ ਗੁਰਮਤਿ ਸਿਧਾਂਤਾਂ ਤੋਂ ਟੁਟਦਾ ਜਾ ਰਿਹਾ ਹੈ। ਨਤੀਜਾ ਇਹ ਹੈ ਕਿ ਬਹੁਤਾਤ ਸਿੱਖ ਅੱਜ ਗੁਰਦੁਆਰੇ ਸਤਿਗੁਰੂ ਦਾ ਇਲਾਹੀ ਗਿਆਨ ਲੈਣ ਨਹੀਂ, ਬਲਕਿ ਪੂਜਾ ਕਰਨ ਜਾਂਦੇ ਹਨ। ਇਸੇ ਕਾਰਨ ਸਾਡੇ ਗ੍ਰੰਥੀਆਂ ਅਤੇ ਪਰਚਾਰਕਾਂ ਨੇ ਵੀ ਪੁਜਾਰੀਆਂ ਦਾ ਰੂਪ ਧਾਰਨ ਕਰ ਲਿਆ ਹੈ ਅਤੇ ਸਿੱਖ ਕੌਮ ਵਿੱਚ ਵੀ ਇੱਕ ਪੁਜਾਰੀ ਸ਼੍ਰੇਣੀ ਸਥਾਪਤ ਹੋਈ ਜਾ ਰਹੀ ਹੈ। ਇਨ੍ਹਾਂ ਨੂੰ ਆਮ ਤੌਰ ਤੇ ਧਾਰਮਿਕ ਆਗੂ ਆਖ ਕੇ ਪ੍ਰਚਾਰਿਆ ਅਤੇ ਵਿਸ਼ੇਸ਼ ਮਹੱਤਤਾ ਦਿਤੀ ਜਾਂਦੀ ਹੈ। ਇਨ੍ਹਾਂ ਦੇ ਨਾਲ ਹੀ ਪਖੰਡੀ ਸਾਧਾਂ, ਸੰਤਾਂ, ਬਾਬਿਆਂ ਦੇ ਰੂਪ ਵਿੱਚ ਵੀ ਇੱਕ ਪੁਜਾਰੀ ਸ਼੍ਰੇਣੀ ਸਥਾਪਤ ਹੋ ਗਈ ਹੈ। ਹਾਲਾਂਕਿ ਇਸ ਵਰਗ ਦੇ ਪਾਪ ਕਰਮਾਂ ਨੂੰ ਵੇਖਦੇ ਹੋਏ, ਗੁਰਬਾਣੀ ਹਰ ਤਰ੍ਹਾਂ ਦੇ ਪੁਜਾਰੀ ਵਾਦ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ:

"ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥"(ਧਨਾਸਰੀ ਮਹਲਾ ੧, ਪੰਨਾ ੬੬੨)

ਇੰਝ ਗੁਰੂ ਨਾਨਕ ਪਾਤਿਸ਼ਾਹ ਨੇ, ਉਸ ਸਮੇਂ ਦੇ ਹਰ ਸਮਾਜਿਕ ਵਰਗ ਦੇ ਪੁਜਾਰੀ ਜਾਂ ਧਾਰਮਿਕ ਆਗੂ ਨੂੰ ਮਨੁੱਖਤਾ ਦੇ ਸਮੂਹਿਕ ਘਾਣ ਦਾ ਕਾਰਨ ਦੱਸਿਆ ਹੈ। ਇਸੇ ਵਾਸਤੇ ਗੁਰੂ ਨਾਨਕ ਪਾਤਿਸ਼ਾਹ ਨੇ ਸਿੱਖ ਕੌਮ ਨੂੰ ਪੂਜਾ ਅਤੇ ਪੁਜਾਰੀਵਾਦ ਤੋਂ ਮੁਕਤ ਕੌਮ ਦੇ ਤੌਰ ਤੇ ਸਥਾਪਿਤ ਕੀਤਾ।

ਇਹ ਪੁਜਾਰੀ ਸ਼੍ਰੇਣੀ, ਸਮੇਂ ਦੇ ਹਾਕਮਾਂ ਅਤੇ ਰਾਜਨੀਤਿਕਾਂ ਨੂੰ ਸਦਾ ਬੜੀ ਰਾਸ ਆਈ ਹੈ। ਇਨ੍ਹਾਂ ਦੋਹਾਂ ਦੇ ਗਠਜੋੜ ਨੇ ਸਦਾ ਹੀ ਮਨੁੱਖਤਾ ਦਾ ਭਰਵਾਂ ਸੋਸ਼ਣ ਕੀਤਾ ਹੈ। ਸਾਧੂ ਸਿੰਘ ਭੌਰਾ ਤੋਂ ਅਗੋਂ ਇਹ ਜਥੇਦਾਰ ਦਾ ਗੈਰ ਸਿਧਾਂਤਕ ਅਹੁਦਾ ਵੀ ਕੌਮੀ ਸ਼ਖਸੀਅਤਾਂ ਦੀ ਬਜਾਏ ਸਿੱਖ ਕੌਮ ਦੀ ਨਵੀਂ ਸਥਾਪਤ ਹੋਈ ਇਸ ਪੁਜਾਰੀ ਸ਼੍ਰੇਣੀ ਕੋਲ ਪਹੁੰਚ ਗਿਆ। ਗੁਰਦਿਆਲ ਸਿੰਘ ਅਜਨੋਹਾ ਵੀ ਪਹਿਲਾਂ ਕੇਸਗੜ੍ਹ ਸਾਹਿਬ, ਆਨੰਦਪੁਰ ਸਾਹਿਬ ਦੇ ਗ੍ਰੰਥੀ ਸਨ ਅਤੇ ਭਾਈ ਕਿਰਪਾਲ ਸਿੰਘ ਦਰਬਾਰ ਸਾਹਿਬ ਦੇ। ਭਾਈ ਕਿਰਪਾਲ ਸਿੰਘ ਦੇ ਸਮੇਂ ਹੀ ਜੂਨ 1984 ਵਿੱਚ ਭਾਰਤੀ ਫੌਜ ਨੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ 36 ਹੋਰ ਗੁਰਧਾਮਾਂ ਤੇ ਟੈਂਕਾਂ-ਤੋਪਾਂ, ਨਾਲ ਹਮਲਾ ਕੀਤਾ। ਜਿਵੇਂ ਇਸ ਦੇ ਸਿਆਸੀ ਆਕਾ, ਹੱਥ ਖੜੇ ਕਰਕੇ ਸ਼ਹੀਦ ਸਿੰਘਾਂ-ਸਿੰਘਣੀਆਂ ਦੀਆਂ ਲੋਥਾਂ ਟੱਪ ਕੇ ਸਰਕਾਰੀ ਸ਼ਰਣ ਵਿੱਚ ਚਲੇ ਗਏ ਸਨ, ਤਿਵੇਂ ਇਸ ਮਹਾਨ ਜਥੇਦਾਰ ਨੇ ਲਹੂ ਲੁਹਾਨ ਪ੍ਰਕਰਮਾਂ ਵਿੱਚੋਂ ਢਹਿ-ਢੇਰੀ ਹੋ ਚੁਕੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਤੋਂ ਪਾਸੇ ਹੋ ਕੇ, ਟੈਲੀਵਿਜ਼ਨ ਸਾਹਮਣੇ ਇਹ ਬਿਆਨ ਦਿੱਤਾ, ਕਿ ਕੋਠਾ ਸਾਹਿਬ ਠੀਕ-ਠਾਕ ਹੈ। ਇਹ ਗ੍ਰੰਥੀ ਲਾਣਾ ਸਿਆਸੀ ਆਗੂਆਂ ਨੂੰ ਵੈਸੇ ਵੀ ਵਧੇਰੇ ਮਾਫ਼ਕ ਆਉਂਦਾ ਹੈ ਕਿਉਂਕਿ ਉਨ੍ਹਾਂ ਦੀ ਮਾਨਸਿਕਤਾ ਸਿਆਸੀ ਆਗੂਆਂ ਅਤੇ ਹਾਕਮਾਂ ਅੱਗੇ ਨਿਉਣ ਦੀ ਬਣ ਚੁੱਕੀ ਹੁੰਦੀ ਹੈ। ਉਂਜ ਤਾਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹੋਣ ਕਾਰਨ ਸਾਰੇ ਅਖੌਤੀ ਜਥੇਦਾਰ ਹੀ ਇਨ੍ਹਾਂ ਰਾਜਨੀਤਿਕਾਂ ਦੇ ਤਨਖਾਹਦਾਰ ਮੁਲਾਜ਼ਮ ਅਤੇ ਇਨ੍ਹਾਂ ਦੇ ਰਹਿਮੋਂ ਕਰਮ ਤੇ ਹੀ ਹੁੰਦੇ ਹਨ, ਜਦੋਂ ਜੀ ਕਰੇ, ਪਲ ਵਿੱਚ ਕੱਢਕੇ ਬਾਹਰ ਮਾਰਿਆ।

ਭਾਵੇਂ ਸ਼੍ਰੋਮਣੀ ਕਮੇਟੀ ਗ੍ਰੰਥੀਆਂ ਨੂੰ ਹੀ ਜਥੇਦਾਰ ਬਣਾਕੇ ਵਧੇਰੇ ਖੁਸ਼ ਸੀ, ਪਰ ਕਈ ਵਾਰੀ ਇਸ ਨੂੰ ਮਜਬੂਰੀ ਵਿੱਚ ਪੰਥਕ ਸ਼ਖਸੀਅਤ ਨੂੰ ਮੁੜ ਲਿਆਉਣਾ ਪਿਆ ਯਾ ਪਰਵਾਨ ਕਰਨਾ ਪਿਆ। ਜਿਵੇਂ, ਜੂਨ 1984 ਵਿੱਚ ਭਾਰਤੀ ਫੌਜ ਵਲੋਂ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ 36 ਹੋਰ ਗੁਰਧਾਮਾਂ ਤੇ ਕੀਤੇ ਹਮਲੇ ਤੋਂ ਬਾਅਦ, ਸਿੱਖ ਕੌਮ ਦੀਆਂ ਭੜਕੀਆਂ ਭਾਵਨਾਵਾਂ ਕਾਰਨ ਖਾੜਕੂ ਕਾਫੀ ਮਜਬੂਤ ਹੋ ਗਏ। ਉਤੋਂ ਇਸ ਹਮਲੇ ਤੋਂ ਬਾਅਦ ਉਸ ਸਮੇਂ ਦੇ ਜਥੇਦਾਰ ਕਿਰਪਾਲ ਸਿੰਘ ਵਲੋਂ ਦਿਖਾਈ ਬੁਜ਼ਦਿਲੀ ਨੇ ਜਿੱਥੇ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਅਪਮਾਨਿਤ ਕੀਤਾ ਉਥੇ ਸ਼੍ਰੋਮਣੀ ਕਮੇਟੀ ਨੂੰ ਵੀ ਹੋਰ ਜ਼ਲੀਲ ਕੀਤਾ ਸੀ। ਖਾੜਕੂਆਂ ਦੀ ਖੁਸ਼ੀ ਹਾਸਲ ਕਰਨ ਲਈ, ਪ੍ਰੋ ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪ੍ਰਵਾਨ ਕਰ ਲਿਆ ਗਿਆ, ਪਰ ਪ੍ਰੋ.ਦਰਸ਼ਨ ਸਿੰਘ ਦਾ ਨਾ ਤਾਂ ਅਕਾਲੀ ਆਗੂਆਂ ਨਾਲ ਮਾਨਸਿਕ ਤਾਲਮੇਲ ਬਣ ਸਕਿਆ ਅਤੇ ਨਾ ਹੀ ਉਹ ਖਾੜਕੂ ਜਥੇਬੰਦੀਆਂ ਦੀਆਂ ਆਸਾਂ ਤੇ ਖਰੇ ਉਤਰੇ।

ਭਾਰਤ ਸਰਕਾਰ ਵੀ ਕਿਸੇ ਐਸੇ ਵਿਅਕਤੀ ਦੀ ਭਾਲ ਵਿੱਚ ਸੀ, ਜੋ ਖਾੜਕੂ ਸਫ਼ਾਂ ਵਿੱਚ ਚੰਗਾ ਅਸਰ ਰਖਦਾ ਹੋਵੇ ਅਤੇ ਸਰਕਾਰ ਦੇ ਇਸ਼ਾਰਿਆਂ ਤੇ ਕੰਮ ਕਰੇ। ਭਾਈ ਜਸਬੀਰ ਸਿੰਘ ਰੋਡੇ ਨੂੰ ਜੇਲ੍ਹ ਵਿੱਚ ਹੀ ਜਥੇਦਾਰ ਪ੍ਰਵਾਨ ਕਰ ਲਿਆ ਗਿਆ, ਅਤੇ ਇਸ ਦਾ ਪ੍ਰਚਾਰ ਵੀ ਸਭ ਤੋਂ ਵੱਧ ਭਾਰਤੀ ਮੀਡੀਆ ਨੇ ਕੀਤਾ। ਅਕਾਲੀ ਆਗੂਆਂ ਨੇ ਇਹ ਜਾਣਦੇ ਹੋਏ ਵੀ ਕਿ ਭਾਈ ਜਸਬੀਰ ਸਿੰਘ ਰੋਡੇ ਦਾ ਸਰਕਾਰ ਨਾਲ ਤਾਲਮੇਲ ਹੈ, ਉਸ ਨੂੰ ਜਥੇਦਾਰ ਪ੍ਰਵਾਨ ਕਰ ਲਿਆ। ਕਿਉਂਕਿ ਅਕਾਲੀ ਆਗੂ ਵੀ ਉਹੋ ਚਾਹੁੰਦੇ ਸਨ, ਜੋ ਭਾਰਤ ਸਰਕਾਰ, ਕਿ ਖਾੜਕੂਆਂ ਦੀ ਸ਼ਕਤੀ ਆਪਸ ਵਿੱਚ ਲੜ ਕੇ ਹੀ ਖਤਮ ਹੋ ਜਾਵੇ।(ਮਾਲੋਆ ਕ੍ਰਿਸ਼ਨ ਧਰ: ਓਪਨ ਸੀਕਰਟਸ, ਮਾਨਸ ਪਬਲੀਕੇਸ਼ਨਜ਼ ਨਵੀਂ ਦਿੱਲੀ, 2005) ਅਤੇ (ਹਰਦੀਪ ਸਿੰਘ ਡਿਬਡਿਬਾ: ਸਾਕਾ ਨੀਲਾ ਤਾਰਾ ਤੋਂ ਬਾਅਦ, 2006)। ਭਾਈ ਜਸਬੀਰ ਸਿੰਘ ਰੋਡੇ ਨੇ ਜਥੇਦਾਰ ਬਣਦੇ ਹੀ ਸਰਕਾਰ ਨੂੰ ਜੇਲ੍ਹ ਵਿੱਚ ਬੰਦ ਕੁੱਝ ਉਨ੍ਹਾਂ

ਆਗੂਆਂ ਦੀ ਇਕ ਲਿਸਟ ਦਿੱਤੀ, ਜਿਨ੍ਹਾਂ ਨੂੰ ਉਹ ਸਮਝਦਾ ਸੀ ਕਿ ਇਹ ਆਗੂ ਉਸ ਸਮੇਂ ਖਾੜਕੂਆਂ ਦੀਆਂ ਸਰਗਰਮੀਆਂ ਨੂੰ ਨਰਮ ਪਾਉਣ ਲਈ ਉਸ ਦੇ ਸਹਾਈ ਹੋ ਸਕਦੇ ਹਨ। ਸਰਕਾਰ ਨੇ ਉਸ ਤੇ ਅਮਲ ਕਰਦੇ ਹੋਏ, ਉਨ੍ਹਾਂ ਆਗੂਆਂ ਨੂੰ ਫੌਰੀ ਤੌਰ ਤੇ ਰਿਹਾ ਕਰ ਦਿੱਤਾ। ਜਿਵੇਂ ਕਿ ਉਸ ਸਮੇਂ ਦਾਸ(ਲੇਖਕ) ਨਾਲ ਜੇਲ੍ਹ ਵਿੱਚ ਬੀਬੀ ਬਿਮਲ ਕੌਰ ਖਾਲਸਾ ਸਮੇਤ ਇਕੋ ਕੇਸ ਵਿੱਚ ਬੰਦ, ਚਾਰ ਬੰਦੀਆਂ ਵਿੱਚੋਂ ਇਕੱਲੇ ਜਨਰਲ ਨਰਿੰਦਰ ਸਿੰਘ ਨੂੰ, ਰਾਤੋ ਰਾਤ ਰਿਹਾ ਕਰ ਦਿੱਤਾ ਗਿਆ। ਹਾਲਾਂਕਿ ਜਨਰਲ ਨਰਿੰਦਰ ਸਿੰਘ ਸਮੇਤ ਬਹੁਤ ਸਾਰੇ ਇਹ ਆਗੂ ਉਸ ਦੇ ਪਾਪ ਕਰਮਾਂ ਦੇ ਭਾਗੀ ਨਹੀਂ ਬਣੇ। ਸਰਕਾਰੀ ਸਾਕਾ ਨੀਲਾ ਤਾਰਾ ਤੋਂ ਬਾਅਦ ਦੂਸਰਾ ਅਤਿ ਮੰਦਭਾਗਾ ਸਰਕਾਰੀ ਕਹਿਰ ਅਤੇ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਵਾਲਾ, ਅਪਰੇਸ਼ਨ ਬਲੈਕ ਥੰਡਰ ਇਸੇ ਦੇ ਸਮੇਂ ਹੋਇਆ, ਜਿਸ ਬਾਰੇ ਬਹੁਤੀਆਂ ਖਾੜਕੂ ਜਥੇਬੰਦੀਆਂ ਦਾ ਇਹ ਵਿਚਾਰ ਸੀ ਕਿ ਇਸ ਵਿੱਚ ਭਾਈ ਜਸਬੀਰ ਸਿੰਘ ਰੋਡੇ ਦੀ ਸਹਿਮਤੀ ਸੀ। ਇਸ ਤੋਂ ਬਾਅਦ ਖਾੜਕੂ ਲਹਿਰ ਹਰ ਦਿਨ ਨਿਘਾਰ ਵੱਲ ਜਾਂਦੀ ਰਹੀ। ਸੱਚ ਦੇ ਤਖ਼ਤ ਦਾ ਅਲੰਬਰਦਾਰ ਬਣਕੇ, ਇਹ ਵੀਹ ਸਾਲ ਇਸ ਵੱਡੇ ਝੂਠ ਦਾ ਭਾਗੀਦਾਰ ਰਿਹਾ ਅਤੇ ਜੋਰਾਂਸ਼ੋਰਾਂ ਨਾਲ ਪ੍ਰਚਾਰਦਾ ਰਿਹਾ, ਕਿ ਭਾਈ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾ ਹਨ।

ਇਥੇ ਇਕ ਔਖੀਂ ਵੇਖੀ, ਸੁਆਦਲੀ ਗੱਲ ਯਾਦ ਆਉਂਦੀ ਹੈ। ਦਿੱਲੀ ਦਾ ਅਕਾਲੀ ਆਗੂ ਜਥੇਦਾਰ ਹਰਚਰਨ ਸਿੰਘ, ਅਪਰੇਸ਼ਨ ਬਲੈਕ ਥੰਡਰ ਦੇ ਪਖੰਡ ਰੂਪੀ ਰੋਸ ਵਿੱਚ, ਬਾਦਲ ਮੰਡਲੀ ਦੇ ਨਾਲ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿੱਚ ਸੀ, ਜਿਥੇ ਦਾਸ (ਲੇਖਕ) ਵੀ 1985 ਤੋਂ ਬੰਦ ਸੀ। ਉਸ ਨੂੰ ਜੇਲ੍ਹ ਵਿੱਚ ਬੈਠੇ ਨੂੰ ਅਕਾਲ-ਤਖ਼ਤ ਸਾਹਿਬ ਦਾ ਜਥੇਦਾਰ ਐਲਾਨ ਦਿੱਤਾ ਗਿਆ। ਪ੍ਰੋ. ਦਰਸ਼ਨ ਸਿੰਘ ਜਿਨ੍ਹਾਂ ਇਸੇ ਸਿਲਸਿਲੇ ਵਿੱਚ ਹੀ ਕੁਝ ਰਾਗੀਆਂ ਨਾਲ ਗਿਰਫਤਾਰੀ ਦਿੱਤੀ ਸੀ, ਇਸੇ ਜੇਲ੍ਹ ਵਿੱਚ ਸੀ। ਜੇਲ੍ਹ ਦੇ ਸਾਡੀ ਬੈਰਕ ਵਿੱਚ ਬਣੇ ਛੋਟੇ ਜਿਹੇ ਗੁਰਦੁਆਰੇ ਵਿੱਚ ਹੀ, ਪ੍ਰੋ ਦਰਸ਼ਨ ਸਿੰਘ ਨੇ ਅਰਦਾਸ ਕਰਕੇ ਉਸ ਨੂੰ ਕਿਰਪਾਨ ਭੇਟ ਕੀਤੀ। ਇਕ ਦੋ ਦਿਨਾਂ ਬਾਅਦ ਉਹ ਜਥੇਦਾਰ ਸਾਹਿਬ ਸ਼ਾਮ ਨੂੰ ਇਸ਼ਨਾਨ ਕਰਕੇ ਬਾਹਰ ਟਹਿਲਣ ਵਾਸਤੇ ਆ ਗਏ, ਪਰ ਜਿਵੇਂ ਬਹੁਤੇ ਅਕਾਲੀ ਆਗੂਆਂ ਨਾਲ ਹੁੰਦਾ ਹੈ ਕਿ ਕਿਰਪਾਨ ਕੇਵਲ ਲੋਕਾਂ ਨੂੰ ਵਿਖਾਣ ਵਾਸਤੇ ਹੀ ਪਾਉਂਦੇ ਹਨ, ਅਤੇ ਆਮ ਤੌਰ ਤੇ ਕਿਰਪਾਨ ਕਿੱਲੀ ਨਾਲ ਹੀ ਟੰਗੀ ਰਹਿੰਦੀ ਹੈ, ਉਸ ਦਿਨ ਵੀ ਕਿਰਪਾਨ ਗੁਸਲਖਾਨੇ ਵਿੱਚ ਹੀ ਟੰਗੀ ਰਹਿ ਗਈ। ਜਦੋਂ ਕੁਝ ਨੌਜੁਆਨਾਂ ਨੇ ਜਥੇਦਾਰ ਨੂੰ ਬਗੈਰ ਕਿਰਪਾਨ ਘੁੰਮਦੇ ਵੇਖਿਆ, ਤਾਂ ਉਨ੍ਹਾਂ ਰੌਲਾ ਪਾ ਦਿੱਤਾ ਕਿ ਜਥੇਦਾਰ ਅਕਾਲ-ਤਖ਼ਤ ਨੇ ਕਿਰਪਾਨ ਨਹੀਂ ਪਾਈ ਹੋਈ। ਉਹ ਬੜਾ ਸ਼ਰਮਸਾਰ ਹੋਇਆ, ਭੱਜਾ ਗਿਆ ਅਤੇ ਜਾਕੇ ਕਿਰਪਾਨ ਪਾ ਆਇਆ। ਇਹ ਵਿਚਾਰਾ ਜੇਲ੍ਹ ਵਿੱਚ ਹੀ ਜਥੇਦਾਰ ਬਣਿਆ ਅਤੇ ਜੇਲ੍ਹ ਵਿੱਚ ਹੀ ਇਸ ਦੀ ਜਥੇਦਾਰੀ ਮੁਕ ਗਈ, ਇਸ ਨੂੰ ਰਾਜ ਗੱਦੀ ਮਿਲਕੇ ਵੀ ਉਸ ਦੇ ਝੂਟੇ ਨਸੀਬ ਨਹੀਂ ਹੋਏ।

ਭਾਈ ਗੁਰਦੇਵ ਸਿੰਘ ਕਉਂਕੇ ਨੂੰ ਐਕਟਿੰਗ ਜਥੇਦਾਰ ਪ੍ਰਵਾਨ ਕਰਨਾ ਵੀ ਅਕਾਲੀ ਆਗੂਆਂ ਦੀ ਮਜਬੂਰੀ ਹੀ ਸੀ। ਉਹ ਆਪ ਭਾਈ ਕਉਂਕੇ ਨੂੰ ਜਥੇਦਾਰ ਵਜੋਂ ਕਿਤਨੀ ਕੁ ਮਾਨਤਾ ਦੇਂਦੇ ਹਨ, ਇਹ ਇਸ ਗੱਲ ਤੋਂ ਵੀ ਸਪੱਸ਼ਟ ਹੈ ਕਿ ਜਥੇਦਾਰ ਨੂੰ ਸਰਵਉਚ ਅਤੇ ਸਰਵ-ਸ਼੍ਰੇਸਟ ਪ੍ਰਚਾਰਨ ਵਾਲੇ ਅਕਾਲੀਆਂ ਨੇ ਆਪਣੀ ਸਰਕਾਰ ਆਉਣ ਤੇ ਵੀ, ਗੁਰਦੇਵ ਸਿੰਘ ਕਉਂਕੇ ਦੇ ਕਾਤਲ ਪੁਲਿਸ ਅਫਸਰਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਹੋਰ ਤਾਂ ਹੋਰ ਉਸ ਦੇ ਕਤਲ ਬਾਰੇ ਸਚਾਈ ਜਾਨਣ ਲਈ ਬਣਾਈ ਕਮੇਟੀ ਦੀ ਰਿਪੋਰਟ ਵੀ ਅੱਜ ਤੱਕ ਜੱਗ ਜ਼ਾਹਿਰ ਨਹੀਂ ਹੋਣ ਦਿੱਤੀ ।

ਜਥੇਦਾਰ ਗੁਰਚਰਨ ਸਿੰਘ ਟੋਹੜਾ ਨੂੰ ਕੌਮ ਨੂੰ ਮੂਰਖ ਬਨਾਉਣ ਦੀ ਚੰਗੀ ਜਾਚ ਸੀ। ਉਹ ਸਮਝਦਾ ਸੀ ਕਿ ਭਾਈ ਰਣਜੀਤ ਸਿੰਘ ਦਾ ਨਾਂ ਨਿਰੰਕਾਰੀ ਗੁਰਬਚਨ ਸਿੰਘ ਦੇ ਕਤਲ ਕੇਸ ਨਾਲ ਜੁੜੇ ਹੋਣ ਕਾਰਨ ਕੌਮ ਵਿੱਚ ਉਸ ਦਾ ਵਾਹਵਾ ਸਤਿਕਾਰ ਅਤੇ ਮਾਨਤਾ ਹੈ, ਅਤੇ ਖਾੜਕੂ ਵੀ ਉਸ ਦੇ ਨਾਂ ਬਾਰੇ ਕਿੰਤੂ ਨਹੀਂ ਕਰ ਸਕਣਗੇ। ਭਾਈ ਰਣਜੀਤ ਸਿੰਘ ਨੂੰ ਵੀ ਜੇਲ੍ਹ ਵਿੱਚ ਬੈਠੇ ਨੂੰ ਹੀ ਜਥੇਦਾਰ ਬਣਾ ਦਿੱਤਾ ਗਿਆ। ਜਥੇਦਾਰ ਟੋਹੜਾ ਨੇ ਇਹ ਵੀ ਪ੍ਰਚਾਰਿਆ ਕਿ ਇਸ ਨਾਲ ਭਾਈ ਰਣਜੀਤ ਸਿੰਘ ਦੀ ਜਾਨ ਬਚਾਉਣ ਅਤੇ ਬੰਦ ਖਲਾਸੀ ਕਰਾਉਣ ਵਿੱਚ ਸਹਾਇਤਾ ਮਿਲੇਗੀ। ਸ਼ਾਇਦ ਇਹ ਗੱਲ ਕੁੱਝ ਹੱਦ ਤੱਕ ਸਹੀ ਵੀ ਸਾਬਤ ਹੋਈ। ਪਰ ਸਾਰਿਆਂ ਤੋਂ ਵੱਡੀ ਗੱਲ ਇਹ ਜਾਪਦੀ ਹੈ, ਕਿ ਜਥੇਦਾਰ ਟੋਹੜਾ ਜਾਣਦਾ ਸੀ ਕਿ ਭਾਈ ਰਣਜੀਤ ਸਿੰਘ ਦੇ ਭਾਈ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਆਪਣੇ ਸਮੇਂ ਸਬੰਧ ਸੁਖਾਵੇਂ ਨਹੀਂ ਸਨ। ਉਹ ਉਸ ਨੂੰ ਵਰਤ ਕੇ ਟਕਸਾਲੀਆਂ ਦੇ ਪ੍ਰਭਾਵ ਨੂੰ ਘਟਾਉਣਾ ਚਾਹੁੰਦਾ ਸੀ। ਭਾਈ ਰਣਜੀਤ ਸਿੰਘ ਦੇ ਜੇਲ੍ਹ ਵਿੱਚ ਹੋਣ ਕਾਰਨ, ਮਨਜੀਤ ਸਿੰਘ ਨੂੰ ਕੇਸਗੜ੍ਹ ਸਾਹਿਬ ਤੋਂ ਬਦਲ ਕੇ ਅਕਾਲ ਤਖ਼ਤ ਸਾਹਿਬ ਦਾ ਡੰਗ-ਟਪਾਊ ਜਥੇਦਾਰ ਲਾ ਦਿੱਤਾ ਗਿਆ। ਇਸ ਨੇ ਆਪਣੀ ਜਥੇਦਾਰੀ ਦੇ ਨਸ਼ੇ ਵਿੱਚ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ ਤੇ ਸੱਦਣ ਦੀ ਜੁਰਅੱਤ ਕਰ ਲਈ। ਇਸ ਤੋਂ ਖਫ਼ਾ ਹੋਕੇ ਪ੍ਰਕਾਸ਼ ਸਿੰਘ ਬਾਦਲ ਦੇ ਚਮਚਿਆਂ ਨੇ ਅਕਾਲ ਤਖ਼ਤ ਸਾਹਿਬ ਤੇ ਹਮਲਾ ਬੋਲ ਦਿੱਤਾ। ਗੰਦੀਆਂ ਗਾਲ੍ਹਾਂ ਕਢੀਆਂ, ਹੁੜਦੰਗ ਮਚਾਇਆ। ਮਨਜੀਤ ਸਿੰਘ ਨੇ ਇਕ ਕਮਰੇ ਵਿੱਚ ਲੁੱਕ ਕੇ ਅੰਦਰੋਂ ਕੁੰਡੀ ਲਾਕੇ ਆਪਣੀ ਜਾਨ ਬਚਾਈ। ਉਸ ਬੰਦ ਕਮਰੇ ਦੇ ਦਰਵਾਜ਼ੇ ਤੇ ਵੀ ਠੋਕਰਾਂ, ਠੁੱਡੇ ਮਾਰੇ ਗਏ। ਭਾਈ ਰਣਜੀਤ ਸਿੰਘ ਦੇ ਜੇਲੋਂ ਛੁੱਟਣ ਤੋਂ ਬਾਅਦ ਇਸ ਨੂੰ ਵਾਪਸ ਕੇਸਗੜ੍ਹ ਸਾਹਿਬ ਭੇਜ ਦਿੱਤਾ ਗਿਆ। ਪ੍ਰੋ. ਮਨਜੀਤ ਸਿੰਘ ਜਥੇਦਾਰ ਦੇ ਅਹੁਦੇ ਨੂੰ ਕਿਸ ਨਿਵਾਣ ਤੱਕ ਲੈ ਗਿਆ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਸ਼੍ਰੋਮਣੀ ਖਾਲਸਾ ਪੰਚਾਇਤ ਦੀ ਐਜੀਟੇਸ਼ਨ ਕਾਰਣ 22 ਫਰਵਰੀ 2003 ਨੂੰ, ਇਸ ਨੂੰ ਜਥੇਦਾਰ ਦੇ ਅਹੁਦੇ ਤੋਂ ਉਤਾਰਿਆ ਗਿਆ, ਤਾਂ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ, ਅਹੁਦੇ ਤੋਂ ਬਰਖਾਸਤ ਕਰਨ ਦੇ ਕਾਰਣ ਦਸਦਿਆਂ, ਇਹ ਆਖਿਆ, ਕਿ ਮਨਜੀਤ ਸਿੰਘ ਦੇ ਆਚਰਣ ਬਾਰੇ ਗੱਲ ਕਰਦਿਆਂ ਵੀ ਸ਼ਰਮ ਆਉਂਦੀ ਹੈ।

ਜਦੋਂ ਕਿ ਗੁਰਬਾਣੀ, "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥" (ਸਲੋਕੁ ਮਃ ੧, ਪੰਨਾ ੪੭੦), ਜਿਹੇ ਅਨਮੋਲ ਗੁਣ ਦ੍ਰਿੜ ਕਰਾਉਂਦੀ ਹੈ, ਭਾਈ ਰਣਜੀਤ ਸਿੰਘ ਦਾ ਜਥੇਦਾਰ ਬਣਨ ਤੋਂ ਬਾਅਦ ਰਵੱਈਆ ਇਤਨਾ ਕੁਰੱਖਤ ਸੀ ਕਿ ਇਹ ਸਾਰੀ ਕੌਮ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਥੋਂ ਤੱਕ ਕਿ ਇੱਕ ਵਾਰੀ ਇਸ ਨੇ ਅਕਾਲ ਤਖ਼ਤ ਸਾਹਿਬ ਤੇ ਹੋ ਰਹੀ ਇੱਕ ਮੀਟਿੰਗ ਵਿੱਚ, ਇੱਕ ਉੱਘੇ ਕੌਮੀ ਵਿਦਵਾਨ ਦੀ ਬਾਂਹ ਮਰੋੜ ਦਿੱਤੀ। ਜਥੇਦਾਰ ਬਨਾਉਣ ਲਈ , ਜਥੇਦਾਰ ਗੁਰਚਰਨ ਸਿੰਘ ਟੋਹੜਾ ਦਾ ਅਹਿਸਾਨ ਚੁਕਾਉਣ ਬਦਲੇ, ਸਾਰੇ ਤੱਥ ਅੱਖੋਂ ਪਰੋਖੇ ਕਰਕੇ, ਉਸ ਨੂੰ ਨਿਰੰਕਾਰੀ ਕੇਸ ਵਿੱਚੋਂ ਬਰੀ ਕਰ ਦਿੱਤਾ। ਗੁਰਮਤਿ ਸਿਧਾਂਤਾਂ ਨੂੰ ਵਿਚਾਰੇ ਬਗੈਰ ਅਤੇ ਪਹਿਲਾਂ ਹੋਏ ਪੰਥਕ ਫੈਸਲੇ ਵਿਰੁਧ, ਵਿਦੇਸ਼ੀ ਸਿੱਖਾਂ ਵਾਸਤੇ, ਕੇਵਲ ਭੁੰਜੇ ਬੈਠ ਕੇ ਲੰਗਰ ਛੱਕਣ ਦਾ ਵਿਵਾਦਮਈ ਹੁਕਮਨਾਮਾ ਜਾਰੀ ਕੀਤਾ। ਸਮੂਹਿਕ ਤੌਰ ਤੇ ਇਸ ਨੇ ਆਪਣੇ ਕਾਰਜਕਾਲ ਵਿੱਚ ਹੁਕਮਨਾਮਿਆਂ ਦੀ ਝੜੀ ਲਾ ਦਿੱਤੀ। ਜਥੇਦਾਰ ਬਣ ਕੇ ਭਾਈ ਰਣਜੀਤ ਸਿੰਘ ਨੇ ਨਿੱਜੀ ਤੌਰ ਤੇ ਕੀ ਖੱਟਿਆ, ਕੀ ਗੁਆਇਆ? ਇਹ ਤਾਂ ਪਤਾ ਨਹੀਂ, ਪਰ ਉਸ ਦੀ ਕੁਰਬਾਨੀ ਕਾਰਨ ਕੌਮ ਵਿੱਚ ਬਣਿਆ ਉਸ ਦਾ ਸਤਿਕਾਰ, ਬਹੁਤ ਘੱਟ ਗਿਆ ਅਤੇ 1999 ਵਿੱਚ

ਖਾਲਸਾ ਸਾਜਨਾ ਦਿਵਸ ਦੀ ਤੀਸਰੀ ਸ਼ਤਾਬਦੀ ਤੋਂ ਪਹਿਲਾਂ, ਪ੍ਰਕਾਸ਼ ਸਿੰਘ ਬਾਦਲ ਦੇ ਮੁਕਾਬਲੇ ਗੁਰਚਰਨ ਸਿੰਘ ਟੌਹੜਾ ਦਾ ਪੱਖ ਪੂਰਨ ਕਾਰਣ ਇਸ ਨੂੰ ਅਪਮਾਨਿਤ ਕਰਕੇ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ।

ਇੱਕ ਵਾਰ ਫੇਰ ਗ੍ਰੰਥੀਆਂ ਦਾ ਦੌਰ ਸ਼ੁਰੂ ਹੋ ਗਿਆ। ਕਾਹਲੀ ਕਾਹਲੀ ਵਿੱਚ ਗਿਆਨੀ ਪੂਰਨ ਸਿੰਘ ਨੂੰ ਦਰਬਾਰ ਸਾਹਿਬ ਦੇ ਗ੍ਰੰਥੀ ਤੋਂ ਚੁਕ ਕੇ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਲਾ ਦਿੱਤਾ ਗਿਆ। ਗਿਆਨੀ ਪੂਰਨ ਸਿੰਘ ਨੇ ਸਮਝਿਆ ਕੇ ਜਿਵੇਂ ਆਮ ਸਿੱਖਾਂ ਵਿੱਚ ਪ੍ਰਚਾਰਿਆ ਜਾਂਦਾ ਹੈ, ਕਿ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸਰਵਉੱਚ ਹੈ, ਉਹ ਸੱਚਮੁੱਚ ਹੀ ਸਰਵਉੱਚ ਬਣ ਗਿਆ ਹੈ। ਉਸ ਨੇ ਦਿਨਾਂ ਵਿੱਚ ਹੀ ਆਪਣੀ ਸਰਵਉੱਚਤਾ ਦੇ ਸਿੱਕੇ ਜਮਾਂਉਣੇ ਸ਼ੁਰੂ ਕਰ ਦਿੱਤੇ। ਹੋਰ ਤਾਂ ਹੋਰ ਆਪਣੇ ਸਾਥੀ ਜਥੇਦਾਰਾਂ ਨੂੰ ਵੀ ਨਹੀਂ ਬਖਸ਼ਿਆ। ਹੱਦ ਤਾਂ ਉਦੋਂ ਹੋ ਗਈ, ਜਦੋਂ ਉਸ ਨੇ ਆਰ. ਐਸ. ਐਸ. ਦੇ ਕੇਂਦਰ, ਗੁਣਾ (ਮੱਧ ਪ੍ਰਦੇਸ਼) ਤੋਂ, ਉਥੋਂ ਦੇ ਕੁਝ ਗ੍ਰੰਥੀਆਂ ਨੂੰ ਨਾਲ ਮਿਲਾਕੇ, ਫੈਕਸ ਰਾਹੀਂ ਇਕ ਹੁਕਮਨਾਮਾ ਜਾਰੀ ਕਰ ਕੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ, ਸ਼੍ਰੋਮਣੀ ਕਮੇਟੀ ਦੇ ਉਚ ਅਹੁਦੇਦਾਰਾਂ ਨੂੰ ਹੀ ਪੰਥ ਵਿੱਚੋਂ ਛੇਕ ਦਿੱਤਾ। ਜਦੋਂ ਕੇਸਗੜ੍ਹ ਸਾਹਿਬ ਅਤੇ ਦਮਦਮਾ ਸਾਹਿਬ ਦੇ ਜੱਥੇਦਾਰਾਂ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਉਸਨੇ ਹੋਰ ਚਾਰ ਗ੍ਰੰਥੀ ਇਕੱਠੇ ਕਰਕੇ ਇਨ੍ਹਾਂ ਜੱਥੇਦਾਰਾਂ ਨੂੰ ਵੀ ਪੰਥ ਵਿੱਚੋਂ ਛੇਕ ਦਿੱਤਾ। ਗਿਆਨੀ ਪੂਰਨ ਸਿੰਘ ਨੂੰ ਆਪਣੀ ਅਸਲੀ ਔਕਾਤ ਦਾ ਉਸ ਵੇਲੇ ਪਤਾ ਲੱਗਾ, ਜਦੋਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ, ਉਸ ਨੂੰ ਹੀ ਬਾਹਰ ਦਾ ਰਾਹ ਵਿਖਾ ਦਿੱਤਾ।

ਵੈਸੇ ਤਾਂ ਕਿਸੇ ਵੀ ਅਖੌਤੀ ਜਥੇਦਾਰ ਨੇ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਨਾਲ ਖਿਲਵਾੜ ਕਰਨ ਅਤੇ ਇਸ ਮਹਾਨ ਸੰਸਥਾ ਦਾ ਨਿਰਾਦਰ ਦਾ ਕਾਰਨ ਬਨਣ ਵਿੱਚ ਕੋਈ ਕਸਰ ਨਹੀਂ ਛੱਡੀ, ਪਰ ਜੋਗਿੰਦਰ ਸਿੰਘ ਵੇਦਾਂਤੀ ਦੇ ਸਮੇਂ ਦਾ ਵੇਰਵਾ ਤਾਂ ਇਤਿਹਾਸ ਵਿੱਚ ਕੋਲੇ ਨਾਲ ਲਿਖਿਆ ਜਾਵੇਗਾ। ਪਹਿਲਾਂ ਤਾਂ ਇਹੀ ਅਤਿ ਦੁਖਦਾਇਕ ਗੱਲ ਹੈ ਕਿ ਗੁਰਮਤਿ ਸਿਧਾਂਤਾਂ ਦੇ ਬਿਲਕੁਲ ਉਲਟ, ਬਿਪਰਵਾਦੀ ਸੋਚ ਦੇ ਲਖਾਇਕ ਵੇਦਾਂਤੀ ਨੂੰ, ਅਕਾਲ ਤਖ਼ਤ ਸਾਹਿਬ ਦਾ ਅਖੌਤੀ ਜਥੇਦਾਰ ਲਾਇਆ ਗਿਆ। ਲੰਬੇ ਸਮੇਂ ਤੋਂ ਇਹ ਪ੍ਰਚਾਰਿਆ ਜਾਂਦਾ ਰਿਹਾ ਹੈ, ਕਿ ਇਨ੍ਹਾਂ ਜਥੇਦਾਰਾਂ ਦੁਆਰਾ ਜਾਰੀ ਕੀਤੇ ਹੁਕਮਨਾਮੇ ਰੱਦ ਨਹੀਂ ਕੀਤੇ ਜਾ ਸਕਦੇ। ਜੋਗਿੰਦਰ ਸਿੰਘ ਵੇਦਾਂਤੀ ਨੇ ਜਥੇਦਾਰ ਬਣਦੇ ਹੀ ਪਹਿਲਾ ਕੰਮ ਇਹ ਕੀਤਾ ਕਿ ਪੂਰਨ ਸਿੰਘ ਦੁਆਰਾ ਜਾਰੀ ਕੀਤੇ ਹੁਕਮਨਾਮੇ ਰੱਦ ਕੀਤੇ। ਇਹ ਉਹ ਦੌਰ ਹੈ ਜਦੋਂ ਮਹਾਨ ਜਥੇਦਾਰ ਸਾਹਿਬ ਉਤੇ ਛੋਟੀਆਂ ਛੋਟੀਆਂ ਗੱਲਾਂ ਪਿੱਛੇ, ਛੋਟੀਆਂ ਛੋਟੀਆਂ ਰਕਮਾਂ ਤੋਂ ਲੈਕੇ ਵੱਡੀਆਂ ਵੱਡੀਆਂ ਰਿਸ਼ਵਤਾਂ ਲੈਣ ਦੀਆਂ ਤੋਹਮਤਾਂ ਲਗੀਆਂ। ਇੱਕ ਪਖੰਡੀ ਸਾਧ ਧਨਵੰਤ ਸਿੰਘ ਜਿਸਨੇ ਆਪਣੇ ਹੀ ਇਕ ਸੇਵਕ ਦੀ ਨਾਬਾਲਿਗ ਲੜਕੀ ਦੀ ਇਜ਼ਤ ਲੁੱਟ ਲਈ ਸੀ, ਨੂੰ ਅਕਾਲ ਤਖਤ ਤੋਂ ਬਲਾਤਕਾਰ ਦੇ ਕੇਸ ਵਿੱਚੋਂ ਬਰੀ ਕਰ ਦਿੱਤਾ। ਜਦੋਂ ਇਹ ਕੇਸ ਪੁਲੀਸ ਕੋਲ ਗਿਆ ਤਾਂ ਉਸ ਸਾਧ ਨੇ ਪੁਲੀਸ ਦੀ ਪੁੱਛ-ਗਿੱਛ ਦੌਰਾਨ, ਜਿੱਥੇ ਹੋਰ ਕਈ ਬੀਬੀਆਂ ਦੀ ਪੱਤ ਲੁਟਣ ਦੀ ਗੱਲ ਮੰਨੀ, ਉੱਥੇ ਇਹ ਵੀ ਮੰਨਿਆਂ ਕਿ ਉਸ ਨੇ ਜਥੇਦਾਰ ਨੂੰ, ਇਸ ਇਜ਼ੱਤ ਲੁੱਟਣ ਦੇ ਕੇਸ ਨੂੰ ਰਫਾ-ਦਫਾ ਕਰਨ ਲਈ, ਉਸ ਦੇ ਪੀ. ਏ. ਪ੍ਰਿਥੀਪਾਲ ਸਿੰਘ ਜੋ ਵੇਦਾਂਤੀ ਦਾ ਸਾਲਾ ਹੀ ਸੀ, ਰਾਹੀਂ 70 ਹਜ਼ਾਰ ਰੁਪਏ ਰਿਸ਼ਵਤ ਦਿੱਤੀ।(ਟਾਈਮਜ਼ ਆਫ ਇੰਡੀਆ, ਮਿਤੀ 2 ਸਤੰਬਰ 2002) ਜਿਸ ਸਾਧ ਨੂੰ ਇਸ ਨੇ ਅਕਾਲ ਤਖ਼ਤ ਸਾਹਿਬ ਤੋਂ ਬਰੀ ਕੀਤਾ ਸੀ, ਦੁਨਿਆਵੀ ਅਦਾਲਤ ਵਿੱਚ ਉਸ ਨੂੰ ਦੱਸ ਸਾਲ ਦੀ ਕੈਦ ਦੀ ਸਜ਼ਾ ਹੋਈ। ਇਸ ਦੇ ਸਾਲੇ ਪੀ ਏ ਦੇ ਕਈ ਦੁਸ਼ਕਰਮ ਨੰਗੇ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਪਰ ਕਿਉਂਕਿ ਉਸ ਨਾਲ,

ਇਸ ਜਥੇਦਾਰ ਸਾਹਿਬ ਦੀ ਪਾਪ ਕਰਮਾਂ ਵਿੱਚ ਭਾਗੀਦਾਰੀ ਦੀ, ਪੂਰੀ ਸੁਰ ਮਿਲੀ ਹੋਈ ਸੀ, ਅਨ-ਅਧਿਕਾਰਤ ਤਰੀਕੇ ਨਾਲ ਉਹ ਇਸ ਦੇ ਪੀ. ਏ. ਦੀ ਡਿਊਟੀ ਨਿਭਾਂਉਂਦਾ ਰਿਹਾ। 'ਗੁਰਬਿਲਾਸ ਪਾ: 6', ਨਾਂ ਦੀ ਇਕ ਸਾਕਤੀ ਕਿਤਾਬ, ਇਕ ਸ਼ਰਾਰਤ ਅਧੀਨ, ਜਿਸ ਦੇ ਲੇਖਕ ਦਾ ਕੋਈ ਨਾਂ ਨਹੀਂ ਛਾਪਿਆ ਗਿਆ ਅਤੇ ਜਿਸ ਵਿੱਚ ਬੜੇ ਭਾਵੁਕ ਅਤੇ ਮਿੱਠੇ ਸ਼ਬਦ ਵਰਤ ਕੇ ਗੁਰੂ ਸਾਹਿਬਾਨ ਦੀ ਭਰਪੂਰ ਨਿੰਦਾ ਤੇ ਬੇਅਦਬੀ ਕੀਤੀ ਗਈ ਹੈ ਅਤੇ ਸਿੱਖ ਕੌਮ ਨੂੰ ਬ੍ਰਾਹਮਣੀ ਰੰਗ ਵਿੱਚ ਰੰਗਣ, ਸਿੱਖ ਸੰਸਥਾਵਾਂ ਤੇ ਮਰਿਯਾਦਾ ਬਾਰੇ ਕਈ ਤਰ੍ਹਾਂ ਦੇ ਭੁਲੇਖੇ ਖੜੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਇਕ ਸਾਜਸ਼ ਅਧੀਨ ਸਿੱਖ ਕੌਮ ਵਿੱਚ ਵਾੜ ਦਿੱਤੀ ਗਈ ਸੀ। ਸਿੱਖ ਵਿਦਵਾਨਾਂ ਨੇ ਇਸ ਦੀ ਪਹਿਚਾਣ ਕਰਕੇ ਇਸ ਗੰਦ ਨੂੰ ਕੌਮ ਦੇ ਵਿਹੜੇ 'ਚੋਂ ਹੂੰਝ ਕੇ ਬਾਹਰ ਸੁੱਟ ਦਿੱਤਾ ਸੀ। ਵੇਦਾਂਤੀ ਜੀ ਨੇ ਉਸ ਕਿਤਾਬ ਦਾ ਮੁੜ ਸੰਪਾਦਨ ਕਰਕੇ, ਆਪਣਾ ਪ੍ਰਭਾਵ ਵਰਤ ਕੇ ਇਸ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਛਪਵਾਕੇ, ਇਸ ਨੂੰ ਫਿਰ ਸਿੱਖ ਕੌਮ ਵਿੱਚ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਇਥੋਂ ਤੱਕ ਕੁਫਰ ਤੋਲਿਆ ਕਿ ਇਸ ਕਿਤਾਬ ਦੀ ਕਥਾ ਗੁਰਦੁਆਰਿਆਂ ਵਿੱਚ ਹੋਣੀ ਚਾਹੀਦੀ ਹੈ। ਵੇਦਾਂ ਦੇ ਗਿਆਤਾ(?) ਵੇਦਾਂਤੀ ਜੀ ਕੋਲੋਂ ਹੋਰ ਆਸ ਵੀ ਕੀ ਕੀਤੀ ਜਾ ਸਕਦੀ ਹੈ? ਇਨ੍ਹਾਂ ਅਖੌਤੀ ਸਿੰਘ ਸਾਹਿਬ ਦੀ ਬੇਸ਼ਰਮੀ ਦੀ ਇਹ ਹੱਦ ਸੀ, ਕਿ ਕੌਮ ਵਿੱਚੋਂ ਭਰਪੂਰ ਰੋਸ ਉਠਣ ਅਤੇ ਅਨਗਿਣਤ ਲਾਹਨਤਾਂ ਪੈਣ ਦੇ ਬਾਵਜੂਦ ਵੀ, ਇਹ ਆਪਣੇ ਅਹੁਦੇ ਨਾਲ ਚਿਪਕੇ ਰਹੇ। ਅਕਾਲੀ ਆਗੂ ਵੀ ਇਹ ਸਮਝਦੇ ਸਨ, ਕਿ ਉਨ੍ਹਾਂ ਨੂੰ ਇਸ ਤੋਂ ਵਧੇਰੇ ਘਟੀਆ, ਸੁਆਰਥੀ ਅਤੇ ਜੀ ਹਜ਼ੂਰੀਆ ਵਿਅਕਤੀ ਹੋਰ ਨਹੀਂ ਮਿਲ ਸਕਦਾ, ਇਸ ਲਈ ਉਹ ਸਦਾ ਉਸ ਦਾ ਪੱਖ ਪੂਰਦੇ ਅਤੇ ਉਸ ਦੇ ਬਚਾ ਤੇ ਆਉਂਦੇ ਰਹੇ। ਜਿਉਂ ਹੀ ਜੋਗਿੰਦਰ ਸਿੰਘ ਵੇਦਾਂਤੀ ਨੇ ਥੋੜ੍ਹੇ ਜਿਹੇ ਪਰ ਫੜਫੜਾਉਣ ਦੀ ਕੋਸ਼ਿਸ਼ ਕੀਤੀ, ਰਾਤੋ ਰਾਤ ਉਸ ਦੇ ਪਰ ਕੁਤਰ ਕੇ, ਉਸ ਨੂੰ ਘਰ ਬਿਠਾ ਦਿੱਤਾ ਗਿਆ।

ਜਾਪਦਾ ਹੈ ਕਿ ਗਿਆਨੀ ਗੁਰਬਚਨ ਸਿੰਘ ਨੇ ਆਪਣੇ ਕੁੜਮ ਦੀ ਦੁਰਗਤਿ ਤੋਂ ਇਹ ਸਿੱਖਣ ਦੀ ਬਜਾਏ, ਕਿ ਮੈਂ ਕੋਲਿਆਂ ਦੀ ਖਾਣ ਵਿੱਚ ਨਾ ਵੜਾਂ, ਜਿਤਨੇ ਦਿਨ ਰਾਜ ਗੱਦੀ ਦੇ ਝੂਟੇ ਮਿਲਦੇ ਹਨ, ਮਾਣ ਲੈਣ ਦਾ ਮਨ ਬਣਾਇਆ ਹੈ। ਸਿੱਖ ਕੌਮ ਵਿੱਚ ਲੰਬੇ ਸਮੇਂ ਤੋਂ ਨਾਨਕਸ਼ਾਹੀ ਕੈਲੰਡਰ ਦੀ ਮੰਗ ਚਲਦੀ ਆ ਰਹੀ ਸੀ, ਅਤੇ ਸੰਨ 2003 ਵਿੱਚ ਉਸ ਨੂੰ ਲੰਗੜੇ ਰੂਪ ਵਿੱਚ ਲਾਗੂ ਕਰ ਦਿੱਤਾ ਗਿਆ ਸੀ। ਲੰਗੜੇ ਰੂਪ ਵਿੱਚ ਇਸ ਲਈ ਕਿਉਂਕਿ ਇਸ ਵਿੱਚ ਗੁਰਮਤਿ ਵਿਰੋਧੀ ਅਤੇ ਬ੍ਰਾਹਮਣਵਾਦੀ ਸੋਚ ਦੀਆਂ ਪ੍ਰਤੀਕ ਸੰਗ੍ਰਾਂਦ, ਮੱਸਿਆ, ਪੂਰਨਮਾਸ਼ੀ ਆਦਿ ਨੂੰ ਬਿਕ੍ਰਮੀ ਕੈਲੰਡਰ ਵਾਂਗ ਹੀ ਮਾਨਤਾ ਦੇ ਦਿੱਤੀ ਗਈ ਅਤੇ ਸਾਰੇ ਪੁਰਬਾਂ ਦੀਆਂ ਤਰੀਕਾਂ ਵੀ ਸਿੱਖ ਇਤਿਹਾਸ ਅਨੁਸਾਰ ਨਹੀਂ ਮਿਥੀਆਂ ਗਈਆਂ। ਸਿੱਖ ਕੌਮ ਨੇ ਸ਼ੁਕਰ ਮਨਾਇਆ ਕਿ ਚਲੋ ਨਾਨਕ ਸ਼ਾਹੀ ਕੈਲੰਡਰ ਹੋਂਦ ਵਿੱਚ ਤਾਂ ਆਇਆ ਹੈ, ਅਗੋਂ ਜ਼ੋਰ ਪਾਕੇ ਸੋਧਾਂ ਵੀ ਕਰਾ ਲਈਆਂ ਜਾਣਗੀਆਂ। ਜਦ ਕਿ ਲੋੜ ਤਾਂ ਇਹ ਸੀ ਕਿ ਇਕ ਯੋਗ ਵਿਦਵਾਨਾਂ ਦੀ ਕਮੇਟੀ ਬਣਾ ਕੇ ਇਸ ਕੈਲੰਡਰ ਨੂੰ ਪੂਰੀ ਤਰ੍ਹਾਂ ਗੁਰਮਤਿ ਤੇ ਅਧਾਰਤ, ਖਾਲਸਾਈ ਰੰਗ ਵਿੱਚ ਰੰਗਿਆ ਜਾਂਦਾ, ਆਉਂਦਿਆਂ ਹੀ ਗੁਰਬਚਨ ਸਿੰਘ ਨੇ, ਸੰਪਰਦਾਈ ਸੋਚ ਦੇ ਡੇਰੇਦਾਰ, ਜਿਨ੍ਹਾਂ ਦੀ ਅੱਜਕਲ ਬਾਦਲ ਦਲ ਨਾਲ ਵਿਸ਼ੇਸ਼ ਨੇੜਤਾ ਹੈ ਅਤੇ ਗੁਰਬਚਨ ਸਿੰਘ ਆਪ ਵੀ ਉਨ੍ਹਾਂ ਵਿੱਚੋਂ ਹੀ ਆਇਆ ਹੈ, ਨੂੰ ਖੁਸ਼ ਕਰਨ ਲਈ, ਇਸ ਨੂੰ ਸੋਧਣ ਦੇ ਨਾਂ ਤੇ, ਉਸ ਨਾਨਕਸ਼ਾਹੀ ਕੈਲੰਡਰ ਦਾ ਪੂਰੀ ਤਰ੍ਹਾਂ ਕਤਲ ਕਰ ਕੇ ਕੌਮ ਨੂੰ ਮੁੜ ਬਿਪਰਵਾਦੀ ਬਿਕਰਮੀ ਕਲੰਡਰ ਦਾ ਗ਼ੁਲਾਮ ਬਣਾ ਦਿੱਤਾ ਹੈ। ਕੌਮ ਨੂੰ ਗੁਮਰਾਹ ਕਰਨ ਲਈ ਨਾਂ ਭਾਵੇਂ ਅਜੇ ਵੀ ਨਾਨਕਸ਼ਾਹੀ ਕੈਲੰਡਰ ਹੈ।

ਪਹਿਲੇ ਅਖੌਤੀ ਜਥੇਦਾਰਾਂ ਵਲੋਂ ਇਹ ਪ੍ਰਚਾਰਿਆ ਜਾਂਦਾ ਰਿਹਾ ਹੈ ਕਿ ਕਿਸੇ

ਮੌਜੂਦਾ ਯਾ ਸਾਬਕਾ ਜਥੇਦਾਰ ਨੂੰ ਤਖ਼ਤ ਸਾਹਿਬ ਤੇ ਨਹੀਂ ਸਦਿਆ ਜਾ ਸਕਦਾ। ਦੂਸਰਾ ਮਹਾਨ ਕਾਰਜ ਜੋ ਇਨ੍ਹਾਂ ਕੀਤਾ ਹੈ, ਉਹ ਹੈ, ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿੱਚੋਂ ਛੇਕਣਾ। ਪ੍ਰੋ. ਦਰਸ਼ਨ ਸਿੰਘ ਨੇ ਆਪਣੇ ਕੀਰਤਨ ਅਤੇ ਗੁਰਬਾਣੀ ਦੀ ਸਹੀ ਵਿਆਖਿਆ ਦੁਆਰਾ ਗੁਰਮਤਿ ਪ੍ਰਚਾਰ ਵਿੱਚ ਜੋ ਅਹਿਮ ਯੋਗਦਾਨ ਪਾਇਆ ਹੈ, ਉਸ ਤੋਂ ਦੁਨੀਆਂ ਦਾ ਕੋਈ ਸਿੱਖ ਅਨਜਾਣ ਨਹੀਂ। ਵਿਸ਼ੇਸ਼ ਕਰ ਕੇ ਜੂਨ 1984 ਵਿੱਚ ਭਾਰਤੀ ਫੌਜ ਦੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਹੋਰ 36 ਗੁਰਧਾਮਾਂ ਤੇ ਹੋਏ ਹਮਲੇ ਤੋਂ ਬਾਅਦ, ਉਨ੍ਹਾਂ ਸਾਹ-ਸੱਤ ਹੀਣ ਹੋਈ ਕੌਮ ਅੰਦਰ ਇਕ ਨਵੀਂ ਰੂਹ ਫੂਕਣ ਲਈ ਜੋ ਵਿਸ਼ੇਸ਼ ਯੋਗਦਾਨ ਪਾਇਆ, ਉਸ ਵਾਸਤੇ ਉਹ ਕੌਮ ਵਲੋਂ ਕਿਸੇ ਵਿਸ਼ੇਸ਼ ਸਨਮਾਨ ਦੇ ਹੱਕਦਾਰ ਹਨ, ਸੋ ਉਨ੍ਹਾਂ ਨੂੰ ਪੰਥ ਵਿੱਚੋਂ ਛੇਕ ਕੇ 'ਸਨਮਾਨਣ' ਦਾ ਇਹ ਮਹਾਨ ਕਾਰਜ ਅਕ੍ਰਿਤਘਣ ਗਿਆਨੀ ਗੁਰਬਚਨ ਸਿੰਘ ਨੇ ਕੀਤਾ ਹੈ। ਅਸਲ ਵਿੱਚ ਇਹ ਕੁਝ ਡੇਰੇਦਾਰ, ਜਿਨ੍ਹਾਂ ਦੀ ਅੱਜ-ਕੱਲ ਬਾਦਲ ਦਲ ਨਾਲ ਮਿਲੀ ਭੁਗਤ ਚਲ ਰਹੀ ਹੈ, ਦੀ ਸ਼ਹਿ ਤੇ ਪ੍ਰੋ. ਦਰਸ਼ਨ ਸਿੰਘ ਵਲੋਂ, ਜੋ ਬਚਿਤ੍ਰ ਨਾਟਕ(ਅਖੌਤੀ ਦਸਮ ਗ੍ਰੰਥ) ਬਾਰੇ, ਸਿੱਖ ਸੰਗਤਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਚੱਲ ਰਹੀ ਹੈ, ਉਸ ਨੂੰ ਬੰਦ ਕਰਾਉਣਾ ਚਾਹੁੰਦੇ ਸਨ ਅਤੇ ਨਾਲ ਹੀ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਵਿਰੋਧੀ ਪਰਮਜੀਤ ਸਿੰਘ ਸਰਨਾ ਨੂੰ ਮਾਤ ਦੇਣਾ ਚਾਹੁੰਦੇ ਸਨ। ਪਰ ਜਿਵੇਂ ਪ੍ਰੋ. ਗੁਰਮੁਖ ਸਿੰਘ ਨੂੰ, ਉਸ ਸਮੇਂ ਦੇ ਪੁਜਾਰੀਆਂ ਵਲੋਂ ਪੰਥ ਚੋਂ ਛੇਕਣ ਦਾ ਕੋਈ ਅਸਰ ਨਹੀਂ ਸੀ ਹੋਇਆ, ਇਸੇ ਤਰ੍ਹਾਂ ਬਹੁਗਿਣਤੀ ਸਿੱਖਾਂ ਨੇ, ਇਨ੍ਹਾਂ ਦੇ ਇਸ ਅਖੌਤੀ ਹੁਕਮਨਾਮੇ(ਕੂੜਨਾਮੇ) ਦੀ ਉੱਕਾ ਹੀ ਕੋਈ ਪਰਵਾਹ ਨਹੀਂ ਕੀਤੀ। ਇਸ ਜਥੇਦਾਰ ਸਾਹਿਬ ਦੇ ਐਸੇ ਗੈਰ ਸਿਧਾਂਤਕ, ਪੱਖਪਾਤੀ, ਸੁਆਰਥੀ ਅਤੇ ਈਰਖਾ ਨਾਲ ਭਰੇ ਫੈਸਲਿਆਂ ਨੇ ਅੱਜ ਕੌਮ ਅੰਦਰ, ਪਾੜ ਪਾਉਣ ਵਾਲੀਆਂ ਲਕੀਰਾਂ ਖਿੱਚ ਦਿਤੀਆਂ ਹਨ। ਇਸ ਸਮੇਂ ਉਹ ਹਰ ਜਾਇਜ਼, ਨਾਜਾਇਜ਼, ਪੰਥ ਮਾਰੂ ਹੁਕਮ ਮੰਨ ਕੇ ਵੀ, ਆਪਣੇ ਆਕਾਵਾਂ ਦੀ ਖ਼ੁਸ਼ੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਵੇਖੋ ਬਕਰੇ ਦੀ ਮਾਂ ਕਿਤਨੇ ਦਿਨ ਖੈਰ ਮਨਾਉਂਦੀ ਹੈ?

ਕੋਈ ਦੁਨਿਆਵੀ ਅਦਾਲਤ ਹੋਵੇ, ਵੱਡੀ ਜਾਂ ਛੋਟੀ, ਜੇ ਉਸ ਅਗੇ ਕੋਈ ਐਸਾ ਤਕਨੀਕੀ ਕੇਸ ਆ ਜਾਵੇ, ਜੋ ਉਸ ਜੱਜ ਦੀ ਕਾਬਲੀਅਤ ਤੋਂ ਬਾਹਰ ਹੋਵੇ, ਉਹ ਉਸ ਨੂੰ ਨੈਤਿਕ ਤੌਰ ਤੇ ਸੁਣਣ ਤੋਂ ਇਨਕਾਰ ਕਰ ਦੇਂਦਾ ਹੈ। ਪਰ ਇਨ੍ਹਾਂ ਦੀ ਕੋਈ ਕਾਬਲੀਅਤ ਨਾ ਹੋਣ ਦੇ ਬਾਵਜੂਦ, ਇਹ ਕਾਨੂੰਨੀ, ਵਿਦਿਅਕ, ਵਿਗਿਆਨਕ, ਭਾਵ ਕੋਈ ਵੀ ਕੇਸ ਸੁਣਣ ਲਈ ਘੜੱਮ ਚੌਧਰੀ ਹਨ। ਕੋਈ ਵੀ ਜੱਜ, ਅਗਰ ਉਸ ਦਾ ਕੇਸ ਨਾਲ ਕਿਸੇ ਤਰ੍ਹਾਂ ਦਾ ਵੀ ਮਾੜਾ ਮੋਟਾ ਸਬੰਧ ਬਣਦਾ ਹੋਵੇ, ਉਸ ਕੇਸ ਤੋਂ ਪਾਸੇ ਹੋ ਜਾਂਦਾ ਹੈ, ਜਿਵੇਂ ਪਿੱਛੇ ਜਿਹੇ ਹੀ ਭਾਰਤੀ ਸੁਪਰੀਮ ਕੋਰਟ ਦੇ ਇੱਕ ਜੱਜ ਨੇ ਇੱਕ ਕੰਪਨੀ ਦਾ ਕੇਸ ਸੁਣਣ ਤੋਂ ਇਸ ਵਾਸਤੇ ਨਾਂਹ ਕਰ ਦਿੱਤੀ, ਕਿਉਂਕਿ ਉਸ ਕੰਪਨੀ ਵਿੱਚ ਉਸ ਦੇ ਕਿਸੇ ਰਿਸ਼ਤੇਦਾਰ ਦੇ ਸ਼ੇਅਰ ਸਨ। ਐਸੇ ਬਹੁਤ ਪ੍ਰਮਾਣ ਭਾਰਤੀ ਅਦਾਲਤਾਂ ਵਿੱਚੋਂ ਮਿਲ ਸਕਦੇ ਹਨ। ਇੱਥੇ ਨੈਤਿਕਤਾ ਦਾ ਇਹ ਹਾਲ ਹੈ ਕਿ, ਉਹ ਦੋ ਜਥੇਦਾਰ ਜੋ ਆਪ ਸਿੱਖ ਰਹਿਤ ਮਰਿਯਾਦਾ ਦੀ ਉਲੰਘਣਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਘੋਰ ਬੇਅਦਬੀ ਕਰਕੇ ਆਪਣੇ ਤਖ਼ਤਾਂ ਤੇ ਬਚਿਤ੍ਰ ਨਾਟਕ ਦਾ ਸਤਿਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕਰਦੇ ਹਨ, ਬਚਿਤ੍ਰ ਨਾਟਕ ਨਾਲ ਸਬੰਧਤ ਕੇਸ ਵਿਚ ਪ੍ਰੋ. ਦਰਸ਼ਨ ਸਿੰਘ ਦੇ ਖਿਲਾਫ ਫਤਵਾ ਜਾਰੀ ਕਰਨ ਵਿੱਚ ਸ਼ਾਮਲ ਸਨ।

12 ਅਕਤੂਬਰ, 1920 ਨੂੰ ਜਦੋਂ ਭਾਈ ਤੇਜਾ ਸਿੰਘ ਭੁੱਚਰ ਦੀ ਅਗਵਾਈ ਵਿੱਚ 25 ਮੈਂਬਰਾਂ ਦੇ ਜਥੇ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਸੌਂਪੀ ਗਈ, ਇਹ ਫੈਸਲਾ

ਪੰਥਕ ਸ਼ਖਸੀਅਤਾਂ, ਜਥੇਬੰਦੀਆਂ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਲਿਆ ਗਿਆ ਸੀ। ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਗੈਰ ਸਿਧਾਂਤਕ ਅਹੁਦਾ ਕਾਇਮ ਕਰ ਲਿਆ ਗਿਆ, ਉਦੋਂ ਵੀ ਪਹਿਲਾਂ ਤਿੰਨ ਨਾਵਾਂ ਦਾ ਪੈਨਲ ਸਮੂਹ ਪੰਥਕ ਜਥੇਬੰਦੀਆਂ ਨੂੰ ਭੇਜਿਆ ਜਾਂਦਾ ਸੀ, ਅਤੇ ਜਿਸ ਨਾਂ ਦੀ ਪ੍ਰਵਾਨਗੀ ਬਹੁਤੀਆਂ ਜਥੇਬੰਦੀਆਂ ਤੋਂ ਆਉਂਦੀ, ਉਸ ਨੂੰ ਜਥੇਦਾਰ ਥਾਪ ਦਿੱਤਾ ਜਾਂਦਾ ਸੀ। ਆਮ ਤੌਰ ਤੇ ਉਸ ਦੇ ਅਹੁਦਾ ਸੰਭਾਲਣ ਸਮੇਂ ਸਾਰੀਆਂ ਜਥੇਬੰਦੀਆਂ ਅਤੇ ਪੰਥਕ ਸ਼ਖਸੀਅਤਾਂ ਉਸ ਨੂੰ ਸਰੋਪਾ ਦੇਕੇ, ਉਸ ਦੀ ਮਾਨਤਾ ਤੇ ਮੋਹਰ ਲਾਉਂਦੀਆਂ ਸਨ। ਬਾਅਦ ਵਿੱਚ 1988 ਵਿੱਚ ਜਸਬੀਰ ਸਿੰਘ ਰੋਡੇ ਵੇਲੇ, ਇਸ ਨੂੰ ਜਥੇਦਾਰ ਦੀ ਤਾਜਪੋਸ਼ੀ ਦਾ ਗੈਰ ਸਿਧਾਂਤਕ ਨਾਂ ਦੇ ਦਿੱਤਾ ਗਿਆ। ਤਕਰੀਬਨ 1965 ਵਿੱਚ, ਸ਼੍ਰੋਮਣੀ ਕਮੇਟੀ ਦੀ ਕਾਰਜ ਕਾਰਨੀ ਵਿੱਚ ਇਹ ਵਿਚਾਰਿਆ ਗਿਆ ਕਿ ਸ਼੍ਰੋਮਣੀ ਕਮੇਟੀ ਕਿਉਂਕਿ ਵੋਟਾਂ ਨਾਲ ਚੁਣ ਕੇ ਆਉਂਦੀ ਹੈ, ਇਹੀ ਸਰਬੱਤ ਖਾਲਸਾ ਹੈ ਅਤੇ ਜਥੇਦਾਰ ਬਾਰੇ ਫੈਸਲਾ ਕਰਨ ਦਾ ਹੱਕ ਵੀ ਇਸੇ ਨੂੰ ਹੀ ਹੈ। ਅਗੋਂ ਕਾਰਜ ਕਾਰਨੀ ਆਪ ਹੀ ਕਿਸੇ ਇਕ ਨਾਂ ਤੇ ਫੈਸਲਾ ਕਰ ਲੈਂਦੀ ਅਤੇ ਇਹ ਨਾਂ ਸਾਰੀਆਂ ਜਥੇਬੰਦੀਆਂ ਨੂੰ ਭੇਜ ਦਿੱਤਾ ਜਾਂਦਾ, ਜੋ ਜਥੇਦਾਰ ਦੀ ਨਿਯੁਕਤੀ ਤੇ ਦਸਤਾਰ ਭੇਟ ਕਰਕੇ ਪ੍ਰਵਾਨਗੀ ਤੇ ਮੋਹਰ ਲਾ ਦੇਂਦੀਆਂ। 1984 ਤੋਂ ਬਾਅਦ ਤਾਂ ਇਹ ਅਧਿਕਾਰ ਪਹਿਲਾਂ ਬਤੌਰ ਸ਼੍ਰੋਮਣੀ ਕਮੇਟੀ ਪ੍ਰਧਾਨ, ਗੁਰਚਰਨ ਸਿੰਘ ਟੋਹੜਾ ਕੋਲ ਰਿਹਾ ਪਰ ਜਦੋਂ ਸ਼੍ਰੋਮਣੀ ਕਮੇਟੀ ਦੀ ਸਿਆਸਤ ਦੀ ਸ਼ਤਰੰਜ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਗੁਰਚਰਨ ਸਿੰਘ ਟੋਹੜਾ ਨੂੰ ਮਾਤ ਦੇ ਦਿੱਤੀ, ਇਹ ਅਧਿਕਾਰ ਹੁਣ ਪ੍ਰਕਾਸ਼ ਸਿੰਘ ਬਾਦਲ ਕੋਲ ਰਾਖਵਾਂ ਹੋ ਗਿਆ ਹੈ। ਉਹ ਜਿਸ ਨੂੰ, ਜਦੋਂ ਚਾਹੇ, ਅਕਾਲ ਤਖ਼ਤ ਤੋਂ ਲਾਹ ਦੇਵੇ ਅਤੇ ਜਦੋਂ ਚਾਹੇ, ਜਿਸ ਨੂੰ ਚਾਹੇ, ਅਕਾਲ ਤਖ਼ਤ ਤੇ ਬਿਠਾ ਦੇਵੇ। ਉਹ ਅਗੋਂ ਆਪਣਾ ਇਹ ਹੱਕ, ਜੱਦੀ ਜਾਇਦਾਦ ਤੇ ਤੌਰ ਤੇ, ਆਪਣੇ ਪੁੱਤਰ ਨੂੰ ਸੌਂਪਣ ਦੇ ਆਹਰ ਵਿੱਚ ਲੱਗਾ ਹੋਇਆ ਹੈ। ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਤਰ੍ਹਾਂ, ਜਥੇਦਾਰ ਵੀ ਪ੍ਰਕਾਸ਼ ਸਿੰਘ ਬਾਦਲ ਦੀ ਜੇਬ ਵਿੱਚੋਂ ਨਿਕਲਦਾ ਹੈ। ਜੋ ਜਥੇਬੰਦੀਆਂ, ਇਸ ਜਥੇਦਾਰ ਜਾਂ ਸ਼੍ਰੋਮਣੀ ਕਮੇਟੀ ਦੀ ਨਜ਼ਰ ਵਿੱਚ ਆਪਣੇ ਪੰਥਕ ਹੋਣ ਦੀ ਮੋਹਰ ਲੁਆਉਣਾ ਚਾਹੁੰਦੀਆਂ ਹਨ, ਉਹ ਸਰੋਪੇ ਦੇਕੇ ਉਸ ਨੂੰ ਮਾਨਤਾ ਦੇ ਦੇਂਦੀਆਂ ਹਨ।

ਹੈਰਾਨਗੀ ਦੀ ਗੱਲ ਹੈ ਕਿ ਇੰਝ ਇੱਕ ਵਿਅਕਤੀ ਦੁਆਰਾ ਨਿਯੁਕਤ ਕੀਤੇ, ਸ਼੍ਰੋਮਣੀ ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਨੂੰ ਅਸੀਂ ਅਕਾਲ ਤਖ਼ਤ ਦਾ ਜਥੇਦਾਰ ਮੰਨ ਕੇ, ਸਾਰੇ ਪੰਥ ਉਤੇ ਹੁਕਮ ਚਲਾਉਣ ਦਾ ਅਧਿਕਾਰੀ ਮੰਨ ਰਹੇ ਹਾਂ। ਇਸ ਸਬੰਧ ਵਿੱਚ, ਮੇਰੀ ਇੱਕ ਮੋਹਰੀ ਪੰਥਕ ਜਥੇਬੰਦੀ ਦੇ ਸਿਰਮੌਰ ਆਗੂ ਨਾਲ ਹੋਈ ਗੱਲਬਾਤ ਦਾ ਵੇਰਵਾ, ਇਥੇ ਦੇਣਾ ਜ਼ਰੂਰੀ ਸਮਝਦਾ ਹਾਂ। ਇੱਥੇ ਨਾਂ ਲੈਣਾ ਜਾਇਜ਼ ਨਹੀਂ ਹੋਵੇਗਾ, ਕਿਉਂਕਿ ਗੱਲ ਵਿਅਕਤੀ ਦੀ ਨਹੀਂ ਸਿਧਾਂਤ ਦੀ ਹੈ। 2003 ਦੀਆਂ ਲੋਕ ਸਭਾ ਚੋਣਾ ਸਮੇਂ, ਮੈਂ ਇਸ ਆਗੂ ਕੋਲ ਬਾਦਲ ਦਲ ਤੋਂ ਇਲਾਵਾ, ਬਾਕੀ ਸਾਰੀਆਂ ਪੰਥਕ ਜਥੇਬੰਦੀਆਂ ਦੀ ਏਕਤਾ ਬਾਰੇ ਬੇਨਤੀ ਕਰਨ ਲਈ ਗਿਆ ਸੀ, ਉਥੇ ਜਥੇਦਾਰ ਅਕਾਲ ਤਖ਼ਤ ਬਾਰੇ ਚਰਚਾ ਚੱਲ ਪਈ। ਉਹ ਮੇਰੇ ਨਾਲ ਜਥੇਦਾਰ ਦੇ ਕਕੁਰਮਾਂ ਖਿਲਾਫ ਅਵਾਜ਼ ਉਠਾਉਣ ਤੋਂ ਨਰਾਜ਼ ਸਨ। ਮੈਂ ਉਨ੍ਹਾਂ ਨੂੰ ਪੁੱਛਿਆ, “ਇਸ ਨੂੰ ਜਥੇਦਾਰ ਕਿਸ ਨੇ ਬਣਾਇਆ ਹੈ।” ਉਨ੍ਹਾਂ ਅਗੋਂ ਜੁਆਬ ਦਿੱਤਾ, ਪੰਥ ਨੇ। ਮੈਂ ਪੁਛਿਆ, “ਕਿਹੜੇ ਪੰਥ ਨੇ?” ਉਨ੍ਹਾਂ ਅਗੋਂ ਮਜ਼ਾਕ ਨਾਲ ਕਿਹਾ, “ਹੁਣ ਤੁਹਾਨੂੰ ਇਹ ਵੀ ਦਸਣਾ ਪਵੇਗਾ, ਕਿ ਪੰਥ ਕਿਹੜਾ ਹੈ?” ਮੈਂ ਜੁਆਬ ਦਿੱਤਾ, “ਬਿਲਕੁਲ ਦਸਣਾ ਪਵੇਗਾ, ਕਿਉਂਕਿ ਇਸ ਨੂੰ ਜਥੇਦਾਰ ਪ੍ਰਕਾਸ਼ ਸਿੰਘ ਬਾਦਲ ਨੇ ਬਣਾਇਆ ਹੈ। ਮੈਂ ਹੁਣ ਵਾਲੇ ਇਕ ਦੀ ਗੱਲ ਨਹੀਂ ਕਰਦਾ ਜੇ ਆਪ ਕਹਿੰਦੇ ਹੋ ਕਿ ਇਸ ਨੂੰ ਪੰਥ ਨੇ ਜਥੇਦਾਰ ਬਣਾਇਆ ਹੈ, ਤਾਂ ਇਹ ਮੰਨਣਾ ਪਵੇਗਾ ਕਿ ਬਾਦਲ ਹੀ ਪੰਥ ਹੈ।

ਸਾਡੀ ਤਾਂ ਗੱਲ ਹੀ ਛੱਡ ਦਿਓ, ਅਸੀਂ ਤਾਂ ਕਿਸੇ ਗਿਣਤੀ ਵਿੱਚ ਹੀ ਨਹੀਂ ਆਉਂਦੇ, ਤੁਸੀਂ ਤਾਂ ਪੰਥ ਦੀ ਦੋ ਨੰਬਰ ਜਥੇਬੰਦੀ ਹੋ। ਜੇ ਪਿਛਲੇ ਤਿਨ ਜਥੇਦਾਰ ਲਾਉਣ ਲੱਗਿਆਂ, ਕਦੇ, ਕਿਸੇ ਨੇ ਤੁਹਾਨੂੰ ਜਾਂ ਤੁਹਾਡੀ ਜਥੇਬੰਦੀ ਨੂੰ ਪੁਛਿਆ ਹੈ, ਕਿ ਕੀ ਇਸ ਨੂੰ ਜਥੇਦਾਰ ਬਣਾ ਦੇਈਏ? ਤਾਂ ਮੈਂ ਮੰਨ ਲੈਂਦਾ ਹਾਂ, ਇਹ ਪੰਥ ਦਾ ਜਥੇਦਾਰ ਹੈ। ਇੱਕ ਵਿਅਕਤੀ ਦੇ ਥਾਪੇ, ਸ਼੍ਰੋਮਣੀ ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਨੂੰ ਤੁਸੀਂ ਪੰਥ ਦਾ ਜਥੇਦਾਰ ਦੱਸ ਰਹੇ ਹੋ। ਬਾਦਲ ਸੌ ਗੁਰਮਤਿ ਵਿਰੋਧੀ ਕੰਮ ਕਰੇ, ਉਸ ਨੂੰ ਕੁਝ ਨਜ਼ਰ ਨਹੀਂ ਆਉਂਦਾ। ਤੁਸੀਂ ਇੱਕ ਕਰਕੇ ਵੇਖੋ, ਤੁਹਾਨੂੰ ਕੱਲ ਅਕਾਲ ਤਖ਼ਤ ਸਾਹਿਬ ਤੇ ਸੱਦ ਕੇ ਅਪਮਾਨਿਤ ਕਰੇਗਾ। ਤੁਸੀਂ ਫੇਰ ਵੀ ਉਸ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਤੌਰ ਤੇ ਮਾਨਤਾ ਦੇ ਰਹੇ ਹੋ।" ਉਸ ਆਗੂ ਨੇ ਸਿਰ ਨੂੰ ਝਟਕਾ ਦਿੱਤਾ ਤੇ ਕਿਹਾ, "ਭਾਈ ਸਾਹਿਬ, ਧੰਨਵਾਦ, ਤੁਸੀਂ ਮੈਨੂੰ ਅਸਲੀਅਤ ਸਮਝਾ ਦਿੱਤੀ ਹੈ।" ਅੱਜ ਫੇਰ ਉਹ ਆਗੂ ਅਕਾਲ ਤਖ਼ਤ ਸਾਹਿਬ ਦੇ ਨਾਂ ਤੇ ਅਖੌਤੀ ਜਥੇਦਾਰਾਂ ਅਗੇ ਨੱਤਮਸਤਕ ਹੋਣ ਲਈ ਤਿਆਰ ਬੈਠਾ ਹੈ। ਜਥੇਦਾਰ ਦਾ ਐਸਾ ਹਊਆ ਬਣਾ ਦਿੱਤਾ ਗਿਆ ਹੈ, ਕਿ ਕੋਈ ਹੱਕ, ਸੱਚ, ਇਨਸਾਫ਼ ਦੀ ਗੱਲ ਕਰਨ ਦੀ ਜੁਰਅਤ ਹੀ ਨਹੀਂ ਕਰ ਸਕਦਾ।

ਸਾਡੀ ਵੱਡੀ ਕੌਮੀ ਤਰਾਸਦੀ ਤਾਂ ਇਹ ਹੈ ਕਿ ਅਸੀਂ ਅਕਾਲ ਤਖ਼ਤ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਿੱਚ ਫਰਕ ਨਹੀਂ ਸਮਝ ਪਾ ਰਹੇ। ਬੇਸ਼ਕ ਸੁਪਰੀਮ ਕੋਰਟ ਦੇ ਜੱਜ ਦੁਆਰਾ ਕੀਤਾ ਫੈਸਲਾ, ਸੁਪਰੀਮ ਕੋਰਟ ਦਾ ਫੈਸਲਾ ਅਖਵਾਉਂਦਾ ਹੈ। ਪਰ ਸੁਪਰੀਮ ਕੋਰਟ ਦੇ ਭਰਿਸ਼ਟ ਜੱਜ ਕਾਰਨ ਸੁਪਰੀਪ ਕੋਰਟ ਦੀ ਸੰਸਥਾ ਦੀ ਬਦਨਾਮੀ ਵੀ ਹੁੰਦੀ ਹੈ, ਉਸ ਤੋਂ ਜਨਤਾ ਦਾ ਵਿਸ਼ਵਾਸ ਵੀ ਘੱਟਦਾ ਹੈ। ਸਭ ਤੋਂ ਵੱਡੀ ਗੱਲ, ਉਸ ਨੂੰ ਹਟਾਇਆ ਵੀ ਜਾ ਸਕਦਾ ਹੈ ਅਤੇ ਉਸ ਦੇ ਗਲਤ ਕੰਮਾਂ ਵਾਸਤੇ ਉਸਨੂੰ ਸਜ਼ਾ ਯਾਫਤਾ ਵੀ ਕੀਤਾ ਜਾ ਸਕਦਾ ਹੈ। ਸਾਡੇ ਇਨ੍ਹਾਂ ਅਖੌਤੀ ਜਥੇਦਾਰਾਂ ਬਾਰੇ ਕੌਮ ਵਿੱਚ ਐਸਾ ਭਰਮਜਾਲ ਫੈਲਾਇਆ ਹੋਇਆ ਹੈ, ਕਿ ਜਦੋਂ ਕੋਈ ਅਕਾਲ ਤਖ਼ਤ ਸਾਹਿਬ ਦਾ ਮਾਨ ਸਨਮਾਨ ਬਚਾਉਣ ਲਈ, ਇਨ੍ਹਾਂ ਦੇ ਪਾਪ ਕਰਮਾਂ ਨੂੰ ਨੰਗਾ ਕਰਨ ਦੀ ਕੋਸ਼ਿਸ਼ ਕਰੇ, ਇਨ੍ਹਾਂ ਦੇ ਜੋੜੀਦਾਰ ਸਿਆਸੀ ਆਗੂ ਇਹ ਰੌਲਾ ਪਾਉਣਾ ਸ਼ੁਰੂ ਕਰ ਦੇਂਦੇ ਹਨ, ਕਿ "ਦੇਖੋ ਜੀ ! ਅਕਾਲ ਤਖ਼ਤ ਸਾਹਿਬ ਦਾ ਅਪਮਾਨ ਕਰ ਰਹੇ ਹਨ, ਅਕਾਲ ਤਖ਼ਤ ਸਾਹਿਬ ਨਾਲ ਟੱਕਰ ਲੈ ਰਹੇ ਹਨ" ਅਤੇ ਬਹੁਤੇ ਭੋਲੇ-ਭਾਲੇ ਸਿੱਖ ਵੀ ਇਨ੍ਹਾਂ ਦੇ ਮਗਰ ਲੱਗ ਜਾਂਦੇ ਹਨ।

ਇਸ ਲੇਖ ਦੇ ਲਿਖਦੇ-ਲਿਖਦੇ ਅਖੌਤੀ ਜਥੇਦਾਰ ਸਾਹਿਬਾਨ ਦਾ ਇਕ ਹੋਰ ਬੜਾ ਵਿਸ਼ੇਸ਼ ਆਦੇਸ਼ ਆ ਗਿਆ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹੰਦ ਫਤਹਿ ਦਿਵਸ (ਖਾਲਸਾ ਰਾਜ ਦਾ ਸਥਾਪਨਾ ਦਿਵਸ ਕਹਿਣ ਤੋਂ, ਇਹ ਅਤੇ ਇਨ੍ਹਾਂ ਦੇ ਸਿਆਸੀ ਆਕਾ ਕੁਝ ਸ਼ਰਮਾਉਂਦੇ ਹਨ) ਤੇ ਪੰਥ ਵਿੱਚੋਂ ਛੇਕਿਆਂ ਹੋਇਆਂ ਨੂੰ ਖਾਸ ਰਿਆਇਤ ਦਿੱਤੀ ਗਈ ਹੈ ਕਿ ਉਹ ਇਨ੍ਹਾਂ ਅੱਗੇ ਪੇਸ਼ ਹੋ ਕੇ, ਪੰਥ ਵਿੱਚ ਵਾਪਸ ਆ ਸਕਦੇ ਹਨ। ਕੋਈ ਪੁੱਛੇ ਇਹ ਕਿਹੜਾ ਤੁਸੀਂ ਕੱਦੂ ਵਿੱਚ ਨਵਾਂ ਤੀਰ ਮਾਰਿਆ ਹੈ। ਇਸ ਤੋਂ ਪਹਿਲਾਂ ਵੀ ਕਈ ਤੁਹਾਡੇ ਵਡੇਰਿਆਂ ਵੱਲੋਂ ਪੰਥ ਵਿੱਚੋਂ ਛੇਕੇ ਹੋਏ ਆਪੇ ਪੇਸ਼ ਹੋਕੇ ਤਨਖਾਹ ਲੁਆਕੇ ਪੰਥ ਵਿੱਚ ਵਾਪਸ ਸ਼ਾਮਲ ਹੋ ਚੁਕੇ ਹਨ, ਜਿਨ੍ਹਾਂ ਵਿੱਚ ਸੁਰਜੀਤ ਸਿੰਘ ਬਰਨਾਲਾ ਅਤੇ ਬੂਟਾ ਸਿੰਘ ਦੇ ਨਾਂ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ। ਸ਼ਾਇਦ ਇਹ ਕਹਿਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਤਨਖਾਹ ਨਹੀਂ ਲਾਈ ਜਾਵੇਗੀ। ਜੇ ਗੁਰਬਾਣੀ ਪੜ੍ਹਨਾ ਅਤੇ ਸੇਵਾ ਕਰਨਾ ਸਜ਼ਾ ਹੈ ਤਾਂ ਬਹੁਤੇ ਸਿੱਖ ਤੁਹਾਡੀ ਤਨਖਾਹ ਬਗੈਰ ਹੀ ਇਹ ਸਜ਼ਾ ਰੋਜ਼ ਭੁਗਤਣਾ ਆਪਣਾ ਸੁਭਾਗ ਸਮਝਦੇ ਹਨ। ਇਸ ਆਦੇਸ਼ ਵਿੱਚੋਂ ਇਹ ਗੱਲ ਤਾਂ

ਸਪਸ਼ਟ ਹੁੰਦੀ ਹੈ ਕਿ ਜੋ ਸਿੱਖ ਇਨ੍ਹਾਂ ਦੀ ਤਾਨਾਸ਼ਾਹੀ ਅਗੇ ਸਿਰ ਝੁਕਾਉਣੋ ਇਨਕਾਰੀ ਹੋ ਗਏ, ਇਹ ਉਨ੍ਹਾਂ ਦਾ ਸਿਰ ਆਪਣੇ ਅੱਗੇ ਝੁਕਾਉਣ ਦਾ ਨਵਾਂ ਵਧੀਆ ਬਹਾਨਾ ਲੱਭ ਰਹੇ ਹਨ। ਜੇ ਇਨ੍ਹਾਂ ਅੰਦਰ ਕੌਮ ਪ੍ਰਤੀ ਕੋਈ ਸੁਹਿਰਦਤਾ ਹੁੰਦੀ ਤਾਂ ਇਹ ਐਲਾਨ ਕਰਦੇ ਕੇ ਅਸੀਂ ਆਪਣੇ ਗਲਤ ਹੁਕਮਨਾਮੇ ਵਾਪਸ ਲੈ ਲਏ ਹਨ। ਆਓ ਸਾਰੇ ਰੱਲ ਕੇ ਕੌਮ ਵਿੱਚ ਪੈ ਰਹੇ ਪਾੜਿਆਂ ਨੂੰ ਮੇਲਣ ਦਾ ਉਪਰਾਲਾ ਕਰੀਏ।

ਇਸ ਆਦੇਸ਼ ਦਾ ਦੂਸਰਾ ਭਾਗ ਵੀ ਹਾਸੋਹੀਣਾ ਹੈ, ਕਿ ਜਿੰਨਾ ਚਿਰ ਜਥੇਦਾਰ ਸਾਹਿਬਾਨ ਦਾ ਅਖੌਤੀ ਦਸਮ ਗ੍ਰੰਥ ਬਾਰੇ ਫੈਸਲਾ ਨਹੀਂ ਆਉਂਦਾ, ਕੋਈ ਇਸ ਬਾਰੇ ਚਰਚਾ ਨਾ ਕਰੇ, ਹਾਲਾਂਕਿ ਇਹੀ ਕਈ ਸਾਲਾਂ ਤੋਂ ਕਈ ਵਾਰੀ ਪਹਿਲੇ ਵੀ ਕਿਹਾ ਜਾ ਚੁੱਕਾ ਹੈ, ਪਰ ਅੱਜ ਤੱਕ ਕੋਈ ਨਤੀਜਾ ਨਹੀਂ। ਜਿਹੜੇ ਆਪ ਇਸ ਬਚਿੱਤ੍ਰ ਨਾਟਕ ਦੇ ਪ੍ਰਕਾਸ਼ ਕਰ ਰਹੇ ਹਨ ਯਾ ਉਨ੍ਹਾਂ ਸੰਸਥਾਵਾਂ ਤੋਂ ਆਏ ਹਨ, ਜਿਥੇ ਇਸ ਨੂੰ ਮਾਨਤਾ ਦਿੱਤੀ ਜਾਂਦੀ ਹੈ, ਉਹ ਤਾਂ ਇਹ ਕਹਿਣ ਦੇ ਅਧਿਕਾਰੀ ਹੀ ਨਹੀਂ। ਜੇ ਇਸ ਵਿੱਚ ਵੀ ਸੁਹਿਰਦਤਾ ਹੁੰਦੀ ਤਾਂ ਪਹਿਲਾਂ ਵੇਦਾਂਤੀ ਮੰਡਲੀ ਵਲੋਂ ਹੋਏ ਫੈਸਲੇ ਅਤੇ ਸਿੱਖ ਰਹਿਤ ਮਰਿਯਾਦਾ ਅਨੁਸਾਰ, ਹਰ ਉਸ ਸਥਾਨ ਤੋਂ ਬਚਿੱਤ੍ਰ ਨਾਟਕ ਦਾ ਪ੍ਰਕਾਸ਼ ਚੁਕਾਇਆ ਜਾਂਦਾ, ਜਿਥੇ-ਜਿਥੇ ਉਹ ਕੀਤਾ ਜਾ ਰਿਹਾ ਹੈ ਅਤੇ ਇਸ ਉਤੇ 'ਗੁਰੂ' ਸ਼ਬਦ ਲਿਖਣ ਦਾ ਜੋ ਘੋਰ ਪਾਪ ਸ਼ੁਰੂ ਹੋ ਗਿਆ ਹੈ, ਉਸ ਨੂੰ ਬੰਦ ਕਰਾਇਆ ਜਾਂਦਾ। ਇਹ ਤਾਂ ਕੇਵਲ ਇਸ ਬਚਿਤ੍ਰ ਨਾਟਕ ਦਾ ਸੱਚ ਜ਼ਾਹਿਰ ਕਰਨ ਵਾਲਿਆਂ ਦੀ ਜ਼ੁਬਾਨ ਬੰਦ ਕਰਾਉਣ ਦਾ ਢਕੋਂਸਲਾ ਹੈ।

ਜੇ ਤੱਤਸਾਰ ਕੱਢ ਕੇ ਵੇਖੀਏ ਤਾਂ ਇਨ੍ਹਾਂ ਅਖੌਤੀ ਜਥੇਦਾਰਾਂ ਨੇ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਨੂੰ ਮਲੀਆਮੇਟ ਕਰ ਦਿੱਤਾ ਹੈ। ਪਰ ਇਸ ਵਿੱਚ ਸਿੱਖ ਸੰਗਤ ਵੀ ਬਰਾਬਰ ਦੀ ਭਾਗੀਦਾਰ ਹੈ, ਜੋ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨਾਲ ਜੁੜਨ ਦੀ ਬਜਾਏ, ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨਾਲ ਜਾਂ ਕੁਝ ਵਿਅਕਤੀਆਂ ਨਾਲ ਵਧੇਰੇ ਜੁੜ ਗਈ ਹੈ। ਜੇ ਕੌਮ ਦੀਆਂ ਭਾਵਨਾਵਾਂ ਵੱਲ ਵੇਖਾਂ ਤਾਂ ਹਰ ਸਿੱਖ ਤੋਂ ਬਲਿਹਾਰ ਜਾਵਾਂ, ਜੂਨ 1984 ਵਿੱਚ ਜਦੋਂ ਭਾਰਤੀ ਫੌਜ ਵਲੋਂ, ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਹਿ-ਢੇਰੀ ਕਰ ਦਿੱਤਾ ਗਿਆ, ਤਾਂ ਮੈਂ ਤਕਰੀਬਨ ਹਰ ਸਿੱਖ ਨੂੰ ਵਿਲਕਦੇ ਵੇਖਿਆ ਹੈ, ਪਰ ਅੱਜ ਜਦੋਂ ਇਨ੍ਹਾਂ ਅਖੌਤੀ ਧਾਰਮਿਕ ਅਤੇ ਰਾਜਨੀਤਿਕ ਲੋਕਾਂ ਦਾ ਅਪਵਿੱਤਰ, ਸਾਜਸ਼ੀ ਗੱਠਜੋੜ ਸਿਧਾਂਤਕ ਤੌਰ ਤੇ ਅਕਾਲ ਤੱਖ਼ਤ ਸਾਹਿਬ ਨੂੰ ਤਬਾਹ ਕਰ ਰਿਹਾ ਹੈ, ਤਾਂ ਨਾ ਕਿਸੇ ਸਿੱਖ ਦੀ ਅੱਖ ਚੋਂ ਕੋਈ ਹੰਝੂ ਕਿਰਦਾ ਹੈ, ਨਾ ਆਹ ਨਿਕਲਦੀ ਹੈ।

ਹੁਕਮਨਾਮਾ:

ਹੁਕਮਨਾਮਾ ਦਾ ਸ਼ਬਦੀ ਅਰਥ ਹੈ, ਕਿਸੇ ਹਾਕਮ ਦਾ ਆਪਣੀ ਜਨਤਾ ਪ੍ਰਤੀ ਜਾਂ ਕਿਸੇ ਤਾਕਤਵਰ ਵਿਅਕਤੀ ਦਾ ਆਪਣੇ ਮਤਾਹਿਤ ਜਾਂ ਕਮਜ਼ੋਰ ਵਿਅਕਤੀ ਪ੍ਰਤੀ ਹੁਕਮ ਯਾ ਆਦੇਸ਼। ਗੁਰਬਾਣੀ ਵਿੱਚ ਦੋ ਤਰ੍ਹਾਂ ਦੇ ਹੁਕਮ ਦੀ ਗੱਲ ਆਉਂਦੀ ਹੈ। ਸਭ ਤੋਂ ਪਹਿਲਾਂ ਤਾਂ ਅਕਾਲ-ਪੁਰਖ ਦੇ ਉਸ ਅਟੱਲ ਹੁਕਮ ਦੀ ਜੋ ਸਾਰੀ ਸ੍ਰਿਸ਼ਟੀ ਵਿੱਚ ਸਦੀਵ ਕਾਲ ਤੋਂ ਵਰਤ ਰਿਹਾ ਹੈ। ਸਤਿਗੁਰੂ ਬਾਣੀ ਵਿੱਚ ਫੁਰਮਾਉਂਦੇ ਹਨ:

"ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥"

(ਮਲਾਰ ਮਹਲਾ ੧, ਪੰਨਾ ੧੨੭੫)

ਹੇ ਪ੍ਰਭੂ ! ਸਾਰੀ ਸ੍ਰਿਸ਼ਟੀ ਵਿਚ ਤੇਰਾ ਹੀ ਹੁਕਮ ਚੱਲ ਰਿਹਾ ਹੈ, ਸਾਰੀ ਸ੍ਰਿਸ਼ਟੀ ਵਿਚ ਨੀਵੇਂ ਤੋਂ ਨੀਵੇਂ ਥਾਵਾਂ ਵਿਚ ਭੀ ਤੇਰਾ ਹੀ ਨਾਮ ਵੱਜ ਰਿਹਾ ਹੈ ।

ਅਕਾਲ-ਪੁਰਖ ਦਾ ਅਗੰਮੀ ਹੁਕਮ ਮੰਨਣਾ ਭਾਵ ਸਦੀਵ ਉਸ ਦੇ ਭਾਣੇ ਵਿੱਚ ਰਹਿਣਾ ਹੀ ਸਾਰੇ ਸੁੱਖਾਂ ਦਾ ਸਾਧਨ ਹੈ। ਇਸ ਹੁਕਮ ਵਿੱਚ ਚਲਣ ਨਾਲ ਮਨੁੱਖ ਹੋਰ ਸਭ ਕਿਸੇ ਦੇ ਅਤੇ ਸਭ ਤਰ੍ਹਾਂ ਦੇ ਭੈ ਤੋਂ ਮੁਕਤ ਹੋ ਜਾਂਦਾ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਹਨ:

"ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥ ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥13॥"

{ਸਿਰੀਰਾਗੁ ਮਹਲਾ ੫, ਪੰਨਾ ੭੪}

(ਜਿਸ ਜਿਸ ਉਤੇ ਪ੍ਰਭੂ ਦੀ ਮਿਹਰ ਹੋਈ ਹੈ ਉਹ) ਸਾਰੀ ਲੁਕਾਈ (ਅੰਤਰ ਆਤਮੇ) ਆਤਮਕ ਆਨੰਦ ਵਿਚ ਵੱਸ ਰਹੀ ਹੈ, (ਹਰੇਕ ਦੇ ਅੰਦਰ) ਇਹ ਨਿਮ੍ਰਤਾ ਦਾ ਰਾਜ ਹੋ ਗਿਆ ਹੈ । ਮਿਹਰਬਾਨ ਪ੍ਰਭੂ ਦਾ ਹੁਣ ਐਸਾ ਹੁਕਮ ਵਰਤਿਆ ਹੈ ਕਿ ਕੋਈ ਭੀ ਕਿਸੇ ਨੂੰ ਭੀ ਦੁਖੀ ਨਹੀਂ ਕਰ ਸਕਦਾ ।13।

ਗੁਰਬਾਣੀ ਸਮਝਾਉਂਦੀ ਹੈ, ਉਹ ਅਕਾਲ-ਪੁਰਖ ਹੀ ਸੱਚੇ ਤਖ਼ਤ ਦਾ ਸੱਚਾ ਮਾਲਕ ਹੈ ਅਤੇ ਉਸ ਦਾ ਹੁਕਮ ਹੀ ਸੱਚਾ ਹੁਕਮ ਹੈ:

"ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥3॥"

{ਵਡਹੰਸੁ ਮਹਲਾ ੫, ਪੰਨਾ ੫੬੨}

ਹੇ ਪ੍ਰਭੂ ! ਤੇਰਾ ਹੁਕਮ ਸਦਾ-ਥਿਰ ਰਹਿਣ ਵਾਲਾ ਹੈ, ਤੂੰ (ਸਦਾ) ਤਖ਼ਤ ਉਤੇ ਨਿਵਾਸ ਰੱਖਣ ਵਾਲਾ ਹੈਂ (ਤੂੰ ਸਦਾ ਸਭ ਦਾ ਹਾਕਮ ਹੈਂ) । (ਹੇ ਭਾਈ !) ਮੇਰਾ ਪ੍ਰਭੂ ਕਦੇ ਨਾਸ ਹੋਣ ਵਾਲਾ ਨਹੀਂ, ਉਹ ਕਦੇ ਜੰਮਦਾ ਮਰਦਾ ਨਹੀਂ ।3।

ਅਕਾਲ-ਪੁਰਖ ਹੀ ਸਾਰੇ ਹਾਕਮਾਂ ਤੋਂ ਵੱਡਾ ਹਾਕਮ ਹੈ ਅਤੇ ਉਸ ਦਾ ਹੁਕਮ ਹੀ ਸਾਰੇ ਹੁਕਮਾਂ ਤੋਂ ਸ਼੍ਰੋਮਣੀ ਹੁਕਮ ਹੈ।

"ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ ॥7॥"

{ਗੂਜਰੀ ਮਹਲਾ ੫, ਪੰਨਾ ੫੦੭}

ਹੇ ਪ੍ਰਭੂ ! (ਦੁਨੀਆ ਦੇ) ਇਖ਼ਤਿਆਰ ਵਾਲਿਆਂ ਵਿਚ ਤੇਰਾ ਇਖ਼ਤਿਆਰ ਸਭ ਤੋਂ ਵੱਡਾ ਹੈ, (ਦੁਨੀਆ ਦੇ) ਹੁਕਮ ਚਲਾਣ ਵਾਲਿਆਂ ਵਿਚ ਤੂੰ ਸ਼ਿਰੋਮਣੀ ਹਾਕਮ ਹੈਂ ।7।

ਅਕਾਲ ਪੁਰਖ ਤੋਂ ਬਾਅਦ, ਗੁਰਬਾਣੀ ਵਿੱਚ ਦੂਸਰੀ, ਸਤਿਗੁਰੂ ਦੇ ਹੁਕਮ ਦੀ ਗੱਲ ਆਉਂਦੀ ਹੈ। ਅਸਲ ਵਿੱਚ ਸਿੱਖ ਦੇ ਜੀਵਨ ਵਿੱਚ ਸਭ ਤੋਂ ਮਹੱਤਵ ਪੂਰਨ ਸ਼ਖਸੀਅਤ ਗੁਰੂ ਹੈ ਅਤੇ ਸਭ ਤੋਂ ਮਹੱਤਵ ਪੂਰਨ ਗੱਲ ਗੁਰੂ ਦਾ ਹੁਕਮ ਮੰਨਣਾ। ਸਿੱਖ ਅਖਵਾਉਣ ਦਾ ਅਧਿਕਾਰੀ ਹੀ ਕੇਵਲ ਉਹ ਹੈ, ਜੋ ਗੁਰੂ ਵਿੱਚ ਪੂਰਨ ਵਿਸ਼ਵਾਸ ਰਖਦਾ ਹੈ ਅਤੇ ਗੁਰੂ ਦਾ ਹਰ ਹੁਕਮ ਖਿੜ੍ਹੇ ਮੱਥੇ ਪ੍ਰਵਾਨ ਕਰਦਾ ਹੈ। ਜਿਸ ਵਿਅਕਤੀ ਨੇ ਭੇਖ ਤਾਂ ਸਿੱਖਾਂ ਵਾਲਾ ਬਣਾਇਆ ਹੋਇਆ ਹੈ ਅਤੇ ਆਪਣੇ ਸਿੱਖ ਹੋਣ ਦੇ ਦਾਅਵੇ ਵੀ ਬਨ੍ਹਦਾ ਹੈ

ਪਰ ਗੁਰੂ ਦਾ ਹੁਕਮ ਨਹੀਂ ਮੰਨਦਾ, ਉਸ ਬਾਰੇ ਗੁਰਬਾਣੀ ਫੁਰਮਾਉਂਦੀ ਹੈ:

"ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥"
(ਮ: ੪, ਪੰਨਾ ੩੦੩)

ਜੋ ਮਨੁੱਖ ਪੂਰੇ ਸਤਿਗੁਰੂ ਦਾ ਹੁਕਮ ਨਹੀਂ ਮੰਨਦਾ, ਓਹ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੇ-ਸਮਝ ਬੰਦਾ ਮਾਇਆ (ਰੂਪ ਜ਼ਹਿਰ) ਦਾ ਠੱਗਿਆ (ਹੋਇਆ ਹੈ,) ਉਸ ਦੇ ਮਨ ਵਿਚ ਝੂਠ ਹੈ (ਸੱਚ ਨੂੰ ਭੀ ਉਹ) ਝੂਠ ਹੀ ਸਮਝਦਾ ਹੈ, ਇਸ ਵਾਸਤੇ ਖਸਮ ਨੇ (ਝੂਠ ਬੋਲਣ ਤੋਂ ਪੈਦਾ ਹੋਏ) ਵਿਅਰਥ ਝਗੜੇ ਉਸ ਦੇ ਗਲ ਪਾ ਦਿੱਤੇ ਹਨ।

ਸਤਿਗੁਰੂ ਨੇ ਜਿੱਥੇ ਇਹ ਦ੍ਰਿੜ ਕਰਾਇਆ ਹੈ ਕਿ ਜੋ ਗੁਰਸਿੱਖ, ਗੁਰੂ ਹੁਕਮ ਅਨੁਸਾਰ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਦਾ ਜੀਵਨ ਸਫਲਾ ਹੋ ਜਾਂਦਾ ਹੈ, ਉੱਥੇ ਨਾਲ ਹੀ ਇੱਕ ਹੋਰ ਬੜੀ ਵਿਸ਼ੇਸ਼ ਗੱਲ ਸਮਝਾ ਦਿੱਤੀ ਹੈ ਕਿ ਜੇ ਕੋਈ ਵਿਅਕਤੀ ਸਤਿਗੁਰੂ ਦੇ ਭੁਲੇਖੇ, ਸਿੱਖਾਂ ਕੋਲੋਂ ਕੋਈ ਕੰਮ ਕਰਾਉਣਾ ਚਾਹੇ, ਭਾਵ ਆਪਣਾ ਹੁਕਮ ਮਨਾਉਣਾ ਚਾਹੇ, ਸਿੱਖ ਨੂੰ ਉਸ ਦੇ ਨੇੜੇ ਵੀ ਨਹੀਂ ਜਾਣਾ ਚਾਹੀਦਾ:

"ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ
ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥
ਵਿਣੁ ਸਤਿਗੁਰ ਕੇ ਹੁਕਮੈ, ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥" (ਮ: ੪, ਪੰਨਾ ੩੧੭)

ਜੋ ਆਗਿਆ ਸਤਿਗੁਰੂ ਦੇਂਦਾ ਹੈ ਉਹੋ ਕੰਮ ਗੁਰਸਿੱਖ ਕਰਦੇ ਹਨ, ਉਹੋ ਭਜਨ ਕਰਦੇ ਹਨ, ਸੱਚਾ ਪ੍ਰਭੂ ਸਿੱਖਾਂ ਦੀ ਮਿਹਨਤ ਕਬੂਲ ਕਰਦਾ ਹੈ । ਜੋ ਮਨੁੱਖ ਸਤਿਗੁਰੂ ਦੇ ਆਸ਼ੇ ਦੇ ਵਿਰੁੱਧ ਗੁਰਸਿੱਖਾਂ ਪਾਸੋਂ ਕੰਮ ਕਰਾਣਾ ਚਾਹੇ, ਗੁਰੂ ਦਾ ਸਿੱਖ ਫੇਰ ਉਸ ਦੇ ਨੇੜੇ ਨਹੀਂ ਢੁਕਦਾ।

ਗੁਰੂ ਹੀ ਸਿੱਖ ਨੂੰ ਅਕਾਲ-ਪੁਰਖ ਦਾ ਹੁਕਮ(ਅੱਟਲ ਨੇਮ) ਸਮਝਾਉਂਦਾ ਹੈ। ਗੁਰੂ ਦੀ ਕਿਰਪਾ ਦੁਆਰਾ ਹੀ ਸਿੱਖ ਅਕਾਲ-ਪੁਰਖ ਦੇ ਭਾਣੇ ਵਿੱਚ ਚਲ ਕੇ ਜੀਵਨ ਨੂੰ ਸੁਖੀ ਕਰ ਲੈਂਦਾ ਹੈ। ਫਿਰ ਉਸ ਨੂੰ ਕਿਸੇ ਤਰ੍ਹਾਂ ਦੇ ਕੋਈ ਵਿਖਾਵੇ ਦੇ ਧਾਰਮਿਕ ਕੰਮ, ਕਰਮ ਕਾਂਡ ਨਹੀਂ ਕਰਨੇ ਪੈਂਦੇ ਅਤੇ ਉਹ ਅਕਾਲ-ਪੁਰਖ ਨਾਲ ਅਭੇਦ ਹੋ ਜਾਂਦਾ ਹੈ:

"ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥ ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥ ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥ ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥18॥" (ਸਲੋਕ ਮਹਲਾ ੪, ਪੰਨਾ ੧੪੨੩)

ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਖਸਮ-ਪ੍ਰਭੂ ਦਾ ਹੁਕਮ ਮੰਨਦਾ ਹੈ, ਉਹ ਹੁਕਮ ਵਿਚ ਟਿਕ ਕੇ ਹੀ ਆਤਮਕ ਆਨੰਦ ਮਾਣਦਾ ਹੈ । ਉਹ ਮਨੁੱਖ ਪ੍ਰਭੂ ਦੇ ਹੁਕਮ ਨੂੰ ਹਰ ਵੇਲੇ ਚੇਤੇ ਰੱਖਦਾ ਹੈ, ਹੁਕਮ ਦੀ ਭਗਤੀ ਕਰਦਾ ਹੈ, ਹਰ ਵੇਲੇ ਹੁਕਮ ਵਿਚ ਲੀਨ ਰਹਿੰਦਾ ਹੈ । ਵਰਤ (ਆਦਿਕ ਰੱਖਣ ਦਾ) ਨੇਮ, ਸਰੀਰਕ ਪਵਿਤ੍ਰਤਾ, ਇੰਦ੍ਰਿਆਂ ਨੂੰ ਰੋਕਣ ਦਾ ਜਤਨ—ਇਹ ਸਭ ਕੁਝ ਉਸ ਮਨੁੱਖ ਦੇ ਵਾਸਤੇ ਪ੍ਰਭੂ ਦਾ ਹੁਕਮ ਮੰਨਣਾ ਹੀ ਹੈ।

(ਹੁਕਮ ਮੰਨ ਕੇ) ਉਹ ਮਨੁੱਖ ਮਨ-ਮੰਗੀ ਮੁਰਾਦ ਪ੍ਰਾਪਤ ਕਰਦਾ ਹੈ ।

ਹੇ ਭਾਈ ! ਜਿਹੜੀ ਜੀਵ-ਇਸਤ੍ਰੀ ਪਰਮਾਤਮਾ ਦੀ ਰਜ਼ਾ ਨੂੰ ਸਮਝਦੀ ਹੈ, ਜਿਹੜੀ ਸੁਰਤਿ ਜੋੜ ਕੇ ਗੁਰੂ ਦੀ ਸਰਨ ਪਈ ਰਹਿੰਦੀ ਹੈ, ਉਹ ਜੀਵ-ਇਸਤ੍ਰੀ ਸਦਾ ਭਾਗਾਂ ਵਾਲੀ ਹੈ । ਹੇ ਨਾਨਕ ! ਜਿਨ੍ਹਾਂ ਜੀਵਾਂ ਉੱਤੇ (ਪਰਮਾਤਮਾ) ਮਿਹਰ ਕਰਦਾ ਹੈ, ਉਹਨਾਂ ਨੂੰ (ਆਪਣੇ) ਹੁਕਮ ਵਿਚ ਲੀਨ ਕਰ ਲੈਂਦਾ ਹੈ ।18।

ਜੋ ਮੂਰਖ ਵਿਅਕਤੀ ਆਪਣੇ ਹੁਕਮ ਚਲਾਉਣ ਦੀ ਕੋਸ਼ਿਸ਼ ਕਰਦਾ ਹੈ, ਗੁਰਬਾਣੀ ਵਿੱਚ ਉਸ ਨੂੰ ਖੋਟੇ ਮਨ ਵਾਲਾ, ਕੂੜਿਆਰ ਅਤੇ ਭੈੜੇ ਲੱਛਣਾਂ ਵਾਲਾ ਕਿਹਾ ਗਿਆ ਹੈ:

"ਵੇਸ ਕਰੇ ਕੁਰੂਪਿ ਕੁਲਖਣੀ, ਮਨਿ ਖੋਟੈ ਕੂੜਿਆਰਿ ॥ ਪਿਰ ਕੈ ਭਾਣੈ ਨਾ ਚਲੈ, ਹੁਕਮੁ ਕਰੇ ਗਾਵਾਰਿ ॥" {ਸਲੋਕ ਮ:੩, ਪੰਨਾ ੮੯}

ਝੂਠੀ, ਮਾਨੋ ਖੋਟੀ, ਭੈੜੇ ਲੱਛਣਾਂ ਵਾਲੀ ਤੇ ਕਰੂਪ ਇਸਤ੍ਰੀ ਆਪਣੇ ਸਰੀਰ ਨੂੰ ਸਿੰਗਾਰਦੀ ਹੈ; (ਪਰ) ਪਤੀ ਦੇ ਹੁਕਮ ਵਿਚ ਨਹੀਂ ਤੁਰਦੀ, (ਸਗੋਂ) ਮੂਰਖ ਇਸਤ੍ਰੀ ਹੁਕਮ ਚਲਾਉਂਦੀ ਹੈ (ਸਿੱਟਾ ਇਹ ਹੁੰਦਾ ਹੈ ਕਿ ਸਦਾ ਦੁਖੀ ਰਹਿੰਦੀ ਹੈ) ।

ਸੋ ਸਿੱਖ ਕੌਮ ਵਿੱਚ ਦੁਨੀਆਵੀ ਤੌਰ ਤੇ ਹੁਕਮਨਾਮਾ ਜਾਰੀ ਕਰਨ ਦਾ ਅਧਿਕਾਰ ਕੇਵਲ ਗੁਰੂ ਪਾਤਿਸ਼ਾਹ ਨੂੰ ਹੀ ਹੈ। ਸਾਰੇ ਗੁਰੂ ਸਾਹਿਬਾਨ ਆਪਣੇ ਜੀਵਨ ਕਾਲ ਵਿੱਚ ਅਜਿਹੇ ਹੁਕਮਨਾਮੇ ਪੰਥ ਦੇ ਨਾ ਜਾਰੀ ਕਰਦੇ ਰਹੇ। ਗੁਰੂ ਦੀ ਸ਼ਰੀਰਕ ਪ੍ਰਥਾ ਸਮਾਪਤ ਹੋਣ ਤੇ ਅਜ ਸਾਡੇ ਜਾਗਤ ਜੋਤਿ ਸਤਿਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਹੁਕਮਨਾਮਾ ਵੀ ਕੇਵਲ ਉਨ੍ਹਾਂ ਦਾ ਹੀ ਹੋ ਸਕਦਾ ਹੈ। ਸਤਿਗੁਰੂ ਪਾਸੋਂ ਹੁਕਮਨਾਮੇ ਦੀ ਇਹ ਬਖਸ਼ਿਸ਼ ਹਰ ਸਮੇਂ ਮੌਜੂਦ ਹੈ। ਗੁਰੂ ਦੀ ਸ਼ਰੀਰਕ ਪ੍ਰਥਾ ਸਮਾਪਤ ਹੋਣ ਤੋਂ ਬਾਅਦ, ਪੰਥਕ ਫੈਸਲਿਆਂ ਵਾਸਤੇ ਗੁਰਮਤਾ ਅਤੇ ਮਤਾ ਕਰਨ ਦੀ ਰਵਾਇਤ ਸਥਾਪਤ ਹੋਈ। ਇਹ ਗੁਰਮਤੇ ਜਾਂ ਮਤੇ ਪੰਥ ਦਾ ਨੁਮਾਇੰਦਾ, ਸਰਬਤ ਖਾਲਸਾ ਕਰਦਾ ਜਾਂ ਸਮੂਹਿਕ ਪੰਥਕ ਇਕੱਠ ਕਰਦਾ ਸੀ। 1925 ਦੇ ਸਿੱਖ ਗੁਰਦੁਆਰਾ ਐਕਟ ਅਤੇ ਸਿੱਖ ਰਹਿਤ ਮਰਿਯਾਦਾ ਵਿੱਚ ਵੀ ਹੁਕਮਨਾਮੇ ਦੀ ਕੋਈ ਵਿਵਸਥਾ ਨਹੀਂ। ਸਿੱਖ ਰਹਿਤ ਮਰਯਾਦਾ ਵਿੱਚ ਵੀ ਗੁਰਮਤੇ ਅਤੇ ਮਤੇ ਦਾ ਹੀ ਵਿਧਾਨ ਹੈ। ਮਹੰਤਾਂ ਅਤੇ ਪੁਜਾਰੀਆਂ ਨੇ ਗੁਰਦੁਆਰਿਆਂ ਅਤੇ ਅਕਾਲ ਤਖ਼ਤ ਸਾਹਿਬ ਤੇ ਕਾਬਜ਼ ਹੋਣ ਤੋਂ ਬਾਅਦ, ਇਸ ਹੁਕਮਨਾਮੇ ਦੀ ਗਲਤ ਰਿਵਾਇਤ ਪੰਥ ਤੇ ਆਪਣਾ ਦਬਦਬਾ ਬਣਾ ਕੇ ਰਖਣ ਲਈ, ਅਤੇ ਸਮੇਂ ਦੇ ਹਾਕਮਾਂ ਨੂੰ ਖੁਸ਼ ਕਰਨ ਲਈ ਸ਼ੁਰੂ ਕਰ ਦਿੱਤੀ। ਜਥੇਦਾਰ ਦੇ ਗੈਰ ਸਿਧਾਂਤਕ ਅਤੇ ਗੈਰ ਇਖਲਾਕੀ ਅਹੁਦੇ ਨੂੰ ਮਾਨਤਾ ਦੇਣ ਤੋਂ ਬਾਅਦ ਹੁਕਮਨਾਮੇ ਕਰਨ ਦਾ ਅਧਿਕਾਰ ਵੀ ਇਸ ਅਹੁਦੇ ਨਾਲ ਜੋੜ ਦਿੱਤਾ ਗਿਆ। ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ, ਉਨ੍ਹਾਂ ਦੇ ਅਤੇ ਆਪਣੇ ਵਿਰੋਧੀਆਂ ਨੂੰ ਅਪਮਾਨਿਤ ਕਰਨ, ਆਪਣੀਆਂ ਨਿਜੀ ਰੜਕਾਂ ਕੱਢਣ ਅਤੇ ਸਿੱਖ ਕੌਮ ਤੇ ਆਪਣਾ ਦਬਦਬਾ ਬਣਾਕੇ ਰਖਣ ਲਈ, ਇਨ੍ਹਾਂ ਅਖੌਤੀ ਹੁਕਮਨਾਮਿਆਂ ਦੀਂ, ਭਰਵੀਂ ਦੁਰਵਰਤੋਂ ਕੀਤੀ ਜਾ ਰਹੀ ਹੈ। ਨਤੀਜੇ ਵਜੋਂ ਅੱਜ ਕੌਮ ਵਿੱਚ ਸਿਧਾਂਤਕ ਦੁਬਿਧਾ, ਨੈਤਿਕ ਪਤਨ, ਦਹਿਸ਼ਤ ਅਤੇ ਅਸਥਿਰਤਾ ਦਾ ਮਹੌਲ ਹੈ। ਇਨ੍ਹਾਂ ਗੈਰ ਸਿਧਾਂਤਕ ਗਲਤ ਹੁਕਮਨਾਮਿਆਂ ਨੇ ਜਿੱਥੇ ਅਕਾਲ ਤਖ਼ਤ ਸਾਹਿਬ ਦੇ ਮਾਨ-ਸਤਿਕਾਰ ਨੂੰ ਗਹਿਰੀ ਚੋਟ ਪਹੁੰਚਾਈ ਹੈ, ਉੱਥੇ ਅੱਜ ਕੌਮ ਨੂੰ ਖਾਨਾਜੰਗੀ ਦੇ ਮੁਹਾਨੇ ਤੇ ਲਿਆ ਖੜ੍ਹਾ ਕੀਤਾ ਹੈ। ਪਿਛਲੇ ਤਕਰੀਬਨ 100 ਸਾਲ ਦੇ ਸਿੱਖ ਇਤਿਹਾਸ ਨੂੰ ਬਰੀਕੀ ਨਾਲ ਘੋਖਿਆਂ, ਇਹ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਦੌਰਾਨ ਕੇਵਲ ਤਿੰਨ ਹੀ ਐਸੇ ਫੈਸਲੇ ਹਨ, ਜਿੱਥੇ ਗੁਰਮਤਿ ਜੁਗਤਿ

ਵਰਤ ਕੇ ਗੁਰਮਤੇ ਕੀਤੇ ਗਏ: ਪਹਿਲਾ, 12 ਅਕਤੂਬਰ 1920 ਦਾ, ਜਿਸ ਰਾਹੀ ਅਕਾਲ ਤਖ਼ਤ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਵਲੋਂ ਬਜਬਜ ਘਾਟ ਦੇ ਸ਼ਹੀਦਾਂ ਨੂੰ ਸਿੱਖ ਨਾ ਹੋਣ ਦੇ ਦਿੱਤੇ ਫਤਵੇ ਨੂੰ, ਰੱਦ ਕੀਤਾ ਗਿਆ, ਦੂਜਾ ਸਤੰਬਰ, 1923 ਵਿੱਚ ਨਾਭੇ ਦੇ ਅਹਿਲਕਾਰ ਗੁਰਦਿਆਲ ਸਿੰਘ ਵਿਰੁੱਧ ਕੀਤਾ ਗਿਆ ਫੈਸਲਾ ਅਤੇ ਤੀਸਰਾ, 10 ਜੂਨ 1978 ਨੂੰ ਨਕਲੀ ਨਿਰੰਕਾਰੀਆਂ ਵਿਰੁੱਧ ਕੀਤਾ ਗਿਆ ਫੈਸਲਾ। ਇਹ ਸਾਰੇ ਫੈਸਲੇ ਪੰਥਕ ਜਥੇਬੰਦੀਆਂ ਅਤੇ ਕੌਮੀ ਸ਼ਖਸੀਅਤਾਂ ਨੂੰ ਸ਼ਾਮਲ ਕਰਕੇ ਸਾਰਿਆਂ ਦੀ ਸਲਾਹ ਅਤੇ ਸਹਿਮਤੀ ਨਾਲ ਕੀਤੇ ਗਏ ਗੁਰਮਤੇ ਹਨ। ਇਨ੍ਹਾਂ ਤਿੰਨ ਫੈਸਲਿਆਂ ਤੋਂ ਇਲਾਵਾ ਬਾਕੀ ਬਹੁਤੇ ਈਰਖਾ, ਦਵੇਸ਼, ਸੁਆਰਥ, ਸਿਆਸੀ ਪ੍ਰਭਾਵ, ਚਾਪਲੂਸੀ, ਨਿਜੀ ਕਿੜ ਅਧੀਨ ਕੀਤੇ ਗਏ ਸਮੂਹ ਗੈਰ ਸਿਧਾਂਤਕ ਹੁਕਮਨਾਮੇ ਹਨ, ਅਤੇ ਇਹ ਅਖੌਤੀ ਹੁਕਮਨਾਮੇ ਰੱਦ ਕਰ ਦੇਣੇ ਚਾਹੀਦੇ ਹਨ। ਅਤਿ ਪੰਥਕ ਮਹੱਤਵ ਦੇ ਮੁਦਿਆਂ ਨੂੰ ਮੁੜ ਤੋਂ ਪੰਥਕ ਜੁਗਤਿ ਵਿੱਚ, ਗੁਰਮਤਿ ਅਨੁਸਾਰ ਵਿਚਾਰ ਕੇ ਗੁਰਮਤੇ ਜਾਂ ਮਤੇ ਕੀਤੇ ਜਾ ਸਕਦੇ ਹਨ।

ਜਿਵੇਂ ਕਿ ਉਪਰ ਵਿਚਾਰ ਕੀਤੀ ਜਾ ਚੁੱਕੀ ਹੈ, ਸਤਿਗੁਰੂ ਨੇ ਅਕਾਲ ਤਖ਼ਤ ਸਾਹਿਬ ਬਨਵਾਉਣ ਲੱਗਿਆਂ, ਤਕਨੀਕੀ ਤੌਰ ਤੇ ਐਸੀ ਵਿਉਂਤ ਬੰਦੀ ਕੀਤੀ ਕਿ ਅਕਾਲ ਤਖ਼ਤ ਸਾਹਿਬ ਦੇ ਤਖ਼ਤ ਵਾਲੇ ਸਥਾਨ ਤੇ ਬੈਠ ਕੇ ਦਰਬਾਰ ਸਾਹਿਬ ਸਾਹਮਣੇ ਨਜ਼ਰ ਆਵੇ, ਤਾਂਕਿ ਰਾਜਨੀਤਿਕ ਫੈਸਲੇ ਕਰਨ ਲਗਿਆਂ, ਧਰਮ ਦੀ ਪਹਿਰੇਦਾਰੀ ਰਹੇ। ਪਰ ਅੱਜ ਇਹ ਜਥੇਦਾਰ ਆਪਣੇ ਫੈਸਲੇ, ਆਪਣੇ ਸਕੱਤਰੇਤ ਵਿੱਚ ਗੁਰੂ ਪਾਤਿਸ਼ਾਹ ਤੋਂ ਪਾਸੇ ਹੋ ਕੇ ਕਰਦੇ ਹਨ। ਅਕਾਲ ਤਖ਼ਤ ਸਾਹਿਬ ਜਾਂ ਅਕਾਲ ਤਖ਼ਤ ਸਾਹਿਬ ਤੇ ਸੁਭਾਇਮਾਨ ਗੁਰੂ ਗ੍ਰੰਥ ਸਾਹਿਬ ਸਨਮੁਖ ਹਾਜ਼ਰ ਹੋਣ ਵਾਲੇ ਨੂੰ ਤਾਂ, ਇਹ ਅਕਾਲ ਤਖ਼ਤ ਸਾਹਿਬ ਤੇ ਪੇਸ਼ ਹੋਇਆ ਹੀ ਨਹੀਂ ਮੰਨਦੇ।

ਗੱਲ ਦਾ ਤਤਸਾਰ ਇਹ ਕਿ ਸਿੱਖ ਕੌਮ ਅੰਦਰ, ਇਹ ਅਖੌਤੀ ਜਥੇਦਾਰਾਂ ਦਾ ਅਹੁਦਾ ਅਤੇ ਇਨ੍ਹਾਂ ਦੁਆਰਾ ਕੀਤੇ ਹੁਕਮਨਾਮੇ, ਪੂਰਨ ਰੂਪ ਵਿੱਚ ਗੈਰ ਸਿਧਾਂਤਕ ਅਤੇ ਗੈਰ ਇਖਲਾਕੀ ਹਨ। ਇਹ ਕੇਵਲ ਤੇ ਕੇਵਲ ਰਾਜਨੀਤਿਕ ਅਤੇ ਧਾਰਮਿਕ ਪਹਿਰਾਵੇ ਵਾਲੇ ਪਖੰਡੀ ਲੋਕਾਂ ਦਾ ਸਾਜਿਸ਼ੀ ਗੱਠਬੰਧਨ ਹੈ, ਜੋ ਅਕਾਲ ਤਖ਼ਤ ਸਾਹਿਬ ਦੇ ਨਾਂ ਦੀ ਦੁਰਵਰਤੋਂ ਕਰ ਕੇ, ਆਮ ਭੋਲੇ-ਭਾਲੇ ਸਿੱਖਾਂ ਨੂੰ ਆਪਣੇ ਅਧੀਨ ਰੱਖਣ, ਅਤੇ ਆਪਣੇ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਦਾ, ਇਕ ਵਧੀਆ ਤਰੀਕਾ ਵਰਤ ਰਿਹਾ ਹੈ।

ਅਜੋਕੇ ਹਾਲਾਤ ਵਿੱਚ:

ਜੇ ਅਜੋਕੇ ਹਾਲਾਤ ਵਿੱਚ ਕੌਮ ਅਜਿਹੇ ਕਿਸੇ ਅਹੁਦੇ ਦੀ ਲੋੜ ਮਹਿਸੂਸ ਕਰੇ ਤਾਂ, ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ(ਪੰਥ ਆਪਸੀ ਸਹਿਮਤੀ ਨਾਲ, ਕੋਈ ਵੀ ਹੋਰ ਯੋਗ ਨਾਂ ਦੇ ਸਕਦਾ ਹੈ ਪਰ ਕਿਸੇ ਤਰ੍ਹਾਂ ਵੀ ਜਥੇਦਾਰ ਨਹੀਂ) ਦਾ ਅਹੁਦਾ ਹੋਂਦ ਵਿੱਚ ਲਿਆਦਾ ਜਾ ਸਕਦਾ ਹੈ, ਇਕ ਤਾਂ ਪਹਿਲਾਂ ਸਰਬੱਤ ਖ਼ਾਲਸਾ ਦੀ ਸੰਸਥਾਂ ਨੂੰ ਮੁੜ ਸੁਰਜੀਤ ਕਰਨਾ ਜ਼ਰੂਰੀ ਹੈ, ਕਿਉਂਕਿ ਜੇ ਕਬਜ਼ਾ ਸਿਆਸੀ ਲੋਕਾਂ ਦਾ ਜਾਂ ਕਿਸੇ ਇਕ ਧੜੇ ਦਾ ਹੀ ਰਿਹਾ ਤਾਂ ਕੋਈ ਵੀ ਸੁਧਾਰ ਨਹੀਂ ਹੋ ਸਕਦਾ ਅਤੇ ਦੂਸਰਾ, ਪਹਿਲਾਂ ਇਸ ਅਹੁਦੇ ਦਾ ਵਿਧੀ-ਵਿਧਾਨ ਬਨਾਉਣਾ ਜ਼ਰੂਰੀ ਹੈ ਤਾਂਕਿ ਇਸ ਅਹੁਦੇ ਤੇ ਸੁਭਾਇਮਾਨ ਹੋਣ ਵਾਲੀਆਂ ਸ਼ਖਸੀਅਤਾਂ ਨਿਰੋਲ ਪੰਥਕ ਜੁਗਤਿ ਵਿੱਚ ਸੇਵਾ ਨਿਭਾ ਸਕਣ ਅਤੇ ਪੰਥ ਉਤੇ ਸਰਦਾਰੀ ਕੇਵਲ ਸਰਬੱਤ ਖ਼ਾਲਸਾ ਦੀ ਰਹੇ। ਜਿੰਨਾ ਚਿਰ ਇਹ ਵਿਧੀ-ਵਿਧਾਨ ਤਿਆਰ ਨਹੀਂ ਹੋ

ਜਾਂਦਾ, ਇਸ ਮੁੱਖ-ਸੇਵਾਦਾਰ ਦੇ ਹੱਕ ਅਤੇ ਅਧਿਕਾਰ ਕੇਵਲ ਤਖ਼ਤ ਸਾਹਿਬ ਦੀ ਰੋਜ਼ ਦੀ ਧਾਰਮਿਕ ਮਰਿਆਦਾ ਨਿਭਾਉਣ ਤੱਕ ਸੀਮਿਤ ਹੋਣੇ ਚਾਹੀਦੇ ਹਨ।

ਪੰਥ ਦੇ ਰੋਜ਼ ਦੇ ਲੋੜੀਂਦੇ ਕਾਰਜ ਚਲਾਉਣ ਲਈ ਇਕ ਸੌ ਮੈਂਬਰਾਂ ਦੀ ਕਮੇਟੀ(ਗਿਣਤੀ ਆਪਸੀ ਸਹਿਮਤੀ ਨਾਲ ਵੱਧ-ਘੱਟ ਵੀ ਹੋ ਸਕਦੀ ਹੈ), ਜਿਸ ਵਿੱਚ ਜੀਵਨ ਦੇ ਹਰ ਪੱਖ ਦੇ ਗੁਰਸਿੱਖ ਵਿਦਵਾਨ(ਜਿਵੇਂ ਕਿ ਧਾਰਮਿਕ ਸ਼ਖਸੀਅਤਾਂ ਦੇ ਨਾਲ, ਵਕੀਲ ਸਾਹਿਬਾਨ, ਜੱਜ ਸਾਹਿਬਾਨ, ਡਾਕਟਰ, ਇੰਜੀਨੀਅਰ, ਵਿਦਿਅਕ ਮਾਹਿਰ, ਰਾਜਨੀਤੀ ਵੇਤਾ, ਸਮਾਜ ਸੇਵੀ ਆਦਿ)ਹੋਣ, ਸਥਾਪਤ ਕੀਤੀ ਜਾ ਸਕਦੀ ਹੈ। ਇਸ ਕਮੇਟੀ ਦਾ ਨਾਂ ਆਪਸੀ ਸਹਿਮਤੀ ਨਾਲ ਕੋਈ ਵੀ ਰਖਿਆ ਜਾ ਸਕਦਾ ਹੈ। ਜਿਸ ਤਰ੍ਹਾਂ ਦਾ ਮੁੱਦਾ ਜਾਂ ਮਸਲਾ ਸਾਹਮਣੇ ਆਵੇ, ਇਸ ਕਮੇਟੀ ਵਿੱਚੋਂ, ਇਕ ਉਪ ਕਮੇਟੀ ਬਣਾਕੇ, ਉਸ ਨੂੰ ਫੈਸਲਾ ਲੈਣ ਲਈ ਸੌਂਪ ਦਿੱਤਾ ਜਾਵੇ, ਪਰ ਫੈਸਲਾ ਪੂਰੀ ਕਮੇਟੀ ਵਲੋਂ ਇਸ ਨੂੰ ਪਰਵਾਨ ਕਰਨ ਤੇ ਹੀ ਕੌਮੀ ਮਤਾ ਜਾਂ ਗੁਰਮਤਾ ਬਣੇਗਾ। ਹਰ ਮਤੇ ਜਾਂ ਗਰੁਮਤੇ ਦੀ ਪ੍ਰੋੜਤਾ ਸਰਬਤ ਖਾਲਸਾ ਦੁਆਰਾ ਹੋਵੇ। ਪਹਿਲਾਂ ਇਹ ਕਮੇਟੀ ਆਰਜ਼ੀ (adhoc) ਤੌਰ ਤੇ ਚੁਣੀ ਜਾ ਸਕਦੀ ਹੈ, ਪਰ ਇਸ ਕਮੇਟੀ ਦਾ ਵੀ ਇਕ ਸੀਮਿਤ ਸਮੇਂ ਵਿੱਚ ਇਕ ਅਲੱਗ ਵਿਧੀ ਵਿਧਾਨ ਬਣਨਾ ਜ਼ਰੂਰੀ ਹੈ। ਜੇ ਉਹ ਵਿਧੀ-ਵਿਧਾਨ ਉਸ ਸੀਮਿਤ ਸਮੇਂ ਵਿੱਚ ਹੋਂਦ ਵਿੱਚ ਨਹੀਂ ਆਉਂਦਾ ਤਾਂ, ਇਸ ਕਮੇਟੀ ਦੇ ਸਭ ਹੱਕ ਅਤੇ ਅਧਿਕਾਰ ਖ਼ਤਮ ਹੋ ਜਾਣਗੇ। ਸਾਡਾ ਇਕ ਕੌਮੀ ਸੁਭਾ ਬਣ ਗਿਆ ਹੈ ਕਿ ਜਦੋਂ ਕੋਈ ਕੰਮ ਚਲਣਾ ਸ਼ੁਰੂ ਹੋ ਜਾਵੇ, ਅਸੀਂ ਅਵੇਸਲੇ ਹੋ ਜਾਂਦੇ ਹਾਂ, ਇਸ ਲਈ ਇਹ ਫੈਸਲਾ ਨਾਲ ਹੀ ਕਰ ਲੈਣਾ ਜ਼ਰੂਰੀ ਹੈ ਕਿ ਉਸ ਸਮਾਂ ਸੀਮਾਂ ਨੂੰ ਕਿਸੇ ਹਾਲਤ ਵਿੱਚ ਵੀ ਵਧਾਇਆ ਨਹੀਂ ਜਾਵੇਗਾ। ਪਹਿਲੀ ਵਾਰ ਇਹ ਮੈਂਬਰਾਂ ਦੀ ਲਿਸਟ ਸਰਬਤ ਖਾਲਸਾ ਦੇ ਮੈਂਬਰਾਂ ਵਲੋਂ, ਆਪਸੀ ਸਲਾਹ ਨਾਲ ਤਿਆਰ ਕੀਤੀ ਜਾ ਸਕਦੀ ਹੈ, ਉਸ ਤੋਂ ਬਾਅਦ ਇਹ ਚੋਣ ਉਸ ਵਿਧੀ ਵਿਧਾਨ ਅਨੁਸਾਰ ਹੋਵੇ। ਵਿਧੀ ਵਿਧਾਨ ਵਿੱਚ ਇਹ ਸਾਰੀਆਂ ਗੱਲਾਂ ਵਿਸਥਾਰ ਨਾਲ ਵਿਚਾਰ ਲਈਆਂ ਜਾਣੀਆਂ ਚਾਹੀਦੀਆਂ ਹਨ, ਕਿ ਦੁਨਿਆਵੀ ਵਿਦਿਅਕ ਯੋਗਤਾ ਦੇ ਨਾਲ ਇਨ੍ਹਾਂ ਦੀ ਧਾਰਮਿਕ ਯੋਗਤਾ ਕੀ ਹੋਵੇਗੀ, ਇਨ੍ਹਾਂ ਦਾ ਕਾਰਜ ਕਾਲ ਕੀ ਹੋਵੇਗਾ, ਇਨ੍ਹਾਂ ਨੂੰ ਕਿਨ੍ਹਾਂ ਹਾਲਾਤ ਵਿੱਚ ਸੇਵਾ-ਮੁਕਤ ਕੀਤਾ ਜਾ ਸਕੇਗਾ, ਕਿਸੇ ਮੈਂਬਰ ਦੇ ਸੇਵਾ-ਮੁਕਤ ਹੋਣ ਤੋਂ ਬਾਅਦ ਖਾਲੀ ਸਥਾਨ ਦੀ ਪੂਰਤੀ ਕਿਵੇਂ ਹੋਵੇਗੀ ਆਦਿ..। ਇਹ ਨਿਯੁਕਤੀ ਜਾਂ ਪੂਰਤੀ ਕਿਸੇ ਸੂਰਤ ਵਿੱਚ ਵੋਟਾਂ ਦੁਆਰਾ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਕਿਸੇ ਹਾਲਾਤ ਵਿੱਚ ਵੀ, ਇਸ ਦਾ ਅਧਿਕਾਰ ਕਿਸੇ ਇੱਕ ਵਿਅਕਤੀ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਹ ਸਮੂਹਿਕ ਰੂਪ ਵਿੱਚ, ਗੁਣਾਂ ਤੇ ਅਧਾਰਤ ਚੋਣ ਹੋਣੀ ਚਾਹੀਦੀ ਹੈ। ਸਰਬੱਤ ਖਾਲਸਾ ਵਿੱਚ ਸਭ ਪ੍ਰਵਾਨਤ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਲਏ ਜਾਣ, ਪਰ ਉਨ੍ਹਾਂ ਦਾ ਸਿੱਖ ਰਹਿਤ ਮਰਿਆਦਾ ਨੂੰ ਇੰਨ ਬਿੰਨ ਮੰਨਣਾ ਅਤੇ ਲਾਗੂ ਕਰਨਾ ਜ਼ਰੂਰੀ ਹੋਵੇ। ਆਪਣੀਆਂ ਅਲੱਗ ਮਰਿਯਾਦਾ ਬਣਾਉਣ ਅਤੇ ਚਲਾਉਣ ਵਾਲਿਆਂ ਨੂੰ ਪੰਥਕ ਜਥੇਬੰਦੀ ਦੇ ਤੌਰ ਤੇ ਮਾਨਤਾ ਨਾ ਦਿੱਤੀ ਜਾਵੇ ਅਤੇ ਨਾ ਹੀ ਸਰਬੱਤ ਖਾਲਸਾ ਵਿੱਚ ਸ਼ਾਮਲ ਕੀਤਾ ਜਾਵੇ।

ਕੋਈ ਵੀ ਕੌਮੀ ਮਸਲਾ ਸਾਹਮਣੇ ਆਉਣ ਤੇ ਅਕਾਲ-ਤਖ਼ਤ ਸਾਹਿਬ ਦਾ ਮੁੱਖ-ਸੇਵਾਦਾਰ ਕਮੇਟੀ ਦੀ ਮੀਟਿੰਗ ਸੱਦੇ ਅਤੇ ਵਿਚਾਰ ਕਰਕੇ ਮਸਲਾ, ਵਿਸ਼ੇ ਦੇ ਪਾਰਖੂ ਮਾਹਿਰਾਂ ਦੀ ਕਮੇਟੀ ਬਣਾਕੇ ਉਸ ਦੇ ਹਵਾਲੇ ਕਰ ਦਿੱਤਾ ਜਾਵੇ ਅਤੇ ਇਸ ਕਮੇਟੀ ਦਾ ਫੈਸਲਾ ਸੁਨਾਉਣ ਦਾ ਅਧਿਕਾਰ ਵੀ ਮੁੱਖ-ਸੇਵਾਦਾਰ ਨੂੰ ਦਿੱਤਾ ਜਾ ਸਕਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ੴ ਸਤਿਗੁਰਪ੍ਰਸਾਦਿ ॥

ਹਰਿਮੰਦਰ ਕਿ ਦਰਬਾਰ ਸਾਹਿਬ

ਦਾਸ ਦਾ ਜਨਮ ਭਾਵੇਂ ਮੌਜੂਦਾ ਪਾਕਿਸਤਾਨ ਦਾ ਹੈ, ਪਰ ਅਜੇ ਦੋ ਕੁ ਸਾਲ ਦੀ ਉਮਰ ਸੀ, ਜਦੋਂ ਦੇਸ਼ ਦੀ ਅਤਿ ਮੰਦਭਾਗੀ ਵੰਡ ਹੋ ਗਈ। ਵੰਡ ਤਾਂ ਵੰਡ ਹੋਈ, ਪੰਜਾਬ ਤਾਂ ਜਿਵੇਂ ਜ਼ੁਲਮ ਦੀ ਭੱਠੀ ਬਣ ਗਿਆ। ਡਾਕਟਰ ਪਿਤਾ ਨੂੰ ਬਹੁਤ ਮਾਣ ਸੀ, ਲੰਬਾ ਸਮਾਂ ਹੋ ਗਿਐ ਇਥੇ ਸੇਵਾ ਕਰਦਿਆਂ, ਭਲਾ ਸਾਨੂੰ ਕਿਸੇ ਕੀ ਆਖਣੈ? ਕੁਝ ਦਿਨਾਂ ਤੱਕ ਸ਼ਾਂਤੀ ਹੋ ਜਾਵੇਗੀ। ਪਰ ਜਿਵੇਂ ਗੁਰਬਾਣੀ ਦਾ ਫੁਰਮਾਨ ਹੈ:

"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ"॥
(ਆਸਾ ਮਹਲਾ ੫, ਪੰਨਾ ੩੮੩)

ਉਹ ਹਰਿਆ ਬੂਟ ਬਣਨਾ ਸ਼ਾਇਦ ਭਾਗਾਂ ਵਿੱਚ ਨਹੀਂ ਸੀ। ਪਿਤਾ ਜੀ, ਜਿਨ੍ਹਾਂ ਨੂੰ ਅਸੀਂ ਸਾਰੇ ਦਾਰ ਜੀ ਆਖਦੇ ਸਾਂ, ਨੂੰ ਪਤਾ ਲੱਗਾ, ਦੁਸ਼ਮਨ ਚੜ੍ਹ ਆਇਆ ਹੈ, ਬਸ ਪਲਾਂ ਦੀ ਦੇਰ ਹੈ। ਸ਼ਾਇਦ ਪਲਾਂ ਤੋਂ ਵੀ ਘੱਟ ਸਮੇਂ ਵਿੱਚ ਹੀ, ਪਰਿਵਾਰ ਨੂੰ ਖਿਚ-ਧੂਹ ਕੇ ਨਿਕਲ ਤੁਰੇ, ਇਹ ਵੀ ਵੇਖਣ ਦਾ ਮੌਕਾ ਨਾ ਮਿਲਿਆ, ਕਿਸੇ ਦੇ ਪੈਰਾਂ ਵਿੱਚ ਜੁੱਤੀ ਜਾਂ ਸਿਰ ਤੇ ਪੱਲਾ ਵੀ ਹੈ ਕਿ ਨਹੀਂ? ਹਾਂ ਇਸ ਹਾਲਾਤ ਵਿੱਚ ਵੀ ਕ੍ਰਿਪਾਨ ਚੁਕਣੀ ਨਾ ਭੁੱਲੇ। ਆਖਿਰ ਛੋਟੇ-ਛੋਟੇ ਬੱਚਿਆਂ ਨਾਲ ਕਿੰਨਾ ਕੁ ਭੱਜ ਲੈਣਾ ਸੀ? ਦੁਸ਼ਮਨ ਪੈੜ ਨਪਦਾ ਪਿੱਛੇ ਹੀ ਆ ਚੜ੍ਹਿਆ। ਕ੍ਰਿਪਾਨ ਦੇ ਧਨੀ ਦਾਰ ਜੀ ਨੇ ਹਿੰਮਤ ਨਾ ਛੱਡੀ, ਨਿਤਰ ਪਏ ਮੁਕਾਬਲੇ ਵਿੱਚ। ਪਰ ਇਕੱਲੀ ਜਿੰਦ ਨੇ ਕਿੰਨੀ ਕੁ ਦੇਰ ਸੈਂਕੜੇ ਦਰਿੰਦਿਆਂ ਦਾ ਮੁਕਾਬਲਾ ਕਰਨਾ ਸੀ? ਸ਼ਹੀਦੀ ਪਾ ਗਏ। ਕਿਸ ਨੂੰ ਦੋਸ਼ ਦੇਵਾਂ, ਉਨ੍ਹਾਂ ਦੀ ਸ਼ਹਾਦਤ ਦਾ? ਕਿਉਂਕਿ ਜਿਨ੍ਹਾਂ ਪਿਛੋਂ ਆਕੇ ਬਾਕੀ ਸਾਰੇ ਪਰਿਵਾਰ ਨੂੰ ਬਚਾਇਆ, ਉਹ ਵੀ ਉਸੇ ਕੌਮ ਦੇ ਸਨ, ਜਿਸ ਕੌਮ ਦੇ ਦਾਰ ਜੀ ਨੂੰ ਕੋਹ ਕੋਹ ਕੇ ਸ਼ਹੀਦ ਕਰਨ ਵਾਲੇ ਅਤੇ ਸਾਡੇ ਘਰ ਨੂੰ ਲੁਟਣ ਵਾਲੇ। ਫਰਕ ਸਿਰਫ ਇਤਨਾ ਸੀ, ਉਹ ਬਾਹਰੋਂ ਹਮਲਾਵਾਰ ਹੋ ਕੇ ਆਏ ਸਨ, ਇਹ ਆਪਣੇ ਨਗਰ ਦੇ, ਦਹਾਕਿਆਂ ਦੇ ਗੁਆਂਢੀ, ਜੋ ਖਬਰ ਮਿਲਣ ਤੇ ਮਗਰ ਹੀ ਦੌੜੇ ਆਏ ਸਨ।

ਕਾਫਲੇ ਨਾਲ ਅੰਮ੍ਰਿਤਸਰ ਪਹੁੰਚ ਗਏ। ਬੀਜੀ(ਮਾਤਾ ਜੀ) ਦਾ, ਪ੍ਰਵਾਰ ਨੂੰ ਪਾਲਣ ਲਈ ਸੰਘਰਸ਼ ਸ਼ੁਰੂ ਹੋ ਗਿਆ। ਸਾਰੀ ਦਿਹਾੜੀ ਮਿਹਨਤ ਮਜ਼ਦੂਰੀ ਕਰਨੀ, ਪਰ ਸੁਚੱਜੀ ਮਾਂ ਨੇ ਇਕ ਕਮਾਲ ਕੀਤੀ, ਐਸੇ ਹਾਲਾਤ ਵਿੱਚ ਵੀ ਨਾ ਡੋਲੀ, ਅਤੇ ਨਾ ਹੀ ਗੁਰੂ ਦਾ ਓਟ ਆਸਰਾ ਛੱਡਿਆ। ਸ਼ਾਇਦ ਨਾ ਡੋਲਣ ਦਾ ਮੂਲ ਕਾਰਨ ਵੀ ਇਹੀ ਸੀ। ਸਾਨੂੰ ਬੱਚਿਆਂ ਨੂੰ ਵੀ, ਗੁਰੂ ਘਰ ਦਾ ਪਿਆਰ ਗੁੜ੍ਹਤੀ ਵਿੱਚ ਦੇ ਦਿੱਤਾ। ਕੰਮ ਤੋਂ ਵੇਲੇ ਨਾਲ ਮੁੜਨਾ ਜਾਂ ਕੁਵੇਲੇ, ਆਉਂਦੇ ਹੀ ਇਕੋ ਗੱਲ ਹੁੰਦੀ, ਚਲੋ ਬੇਟਾ ਪਹਿਲਾਂ 'ਦਰਬਾਰ ਸਾਹਿਬ' ਦਰਸ਼ਨ ਕਰ ਆਈਏ। ਭਾਵੇਂ ਅੰਦਰ ਬੈਠਣ ਦਾ ਸੁਭਾਗ ਪ੍ਰਾਪਤ ਹੋ ਜਾਵੇ, ਭਾਵੇਂ ਪ੍ਰਕਰਮਾਂ ਵਿੱਚ, ਕੁਝ ਸਮਾਂ ਬੈਠ ਕੇ ਕੀਰਤਨ ਜ਼ਰੂਰ ਸੁਣਨਾ। ਅਕਸਰ ਪ੍ਰਕਰਮਾਂ ਵਿੱਚ ਕਾਰ ਸੇਵਾ ਵਾਲੇ ਬਾਬੇ ਬੈਠੇ ਹੋਕਾ ਦੇ ਰਹੇ ਹੁੰਦੇ, ਭਾਗਾਂ ਵਾਲਿਓ। 'ਦਰਬਾਰ ਸਾਹਿਬ' ਦੀ ਪ੍ਰਕਰਮਾਂ ਦੀ ਸੇਵਾ ਚੱਲ ਰਹੀ ਹੈ, ਇਕ ਦੋ ਟੋਕਰੀਆਂ ਸੁੱਟ ਕੇ ਜਾਓ। ਕਦੇ ਪ੍ਰਕਰਮਾਂ ਦੀ ਸੇਵਾ, ਕਦੇ ਲੰਗਰ ਦੀ, ਕਦੇ ਸਰੋਵਰ ਦੀ। ਕਦੇ ਮਿੱਟੀ, ਕਦੇ ਰੇਤਾ, ਕਦੇ ਰੋੜੀ, ਕਦੇ ਗਾਰਾ। ਦੋ ਚਾਰ ਟੋਕਰੀਆਂ ਸੁੱਟ ਕੇ ਇਕ ਅਜੀਬ ਜਿਹਾ ਅਨੰਦ ਮਹਿਸੂਸ ਹੁੰਦਾ। ਥੋੜਾ ਪੜ੍ਹਨ- ਲਿਖਣ

ਦੀ ਸੋਝੀ ਆਉਣੀ ਸ਼ੁਰੂ ਹੋਈ, ਪ੍ਰਕਰਮਾਂ ਵਿੱਚ ਲੱਗੇ ਬੋਰਡ ਅਕਸਰ ਪੜ੍ਹਨ ਨੂੰ ਮਿਲਦੇ, 'ਦਰਬਾਰ ਸਾਹਿਬ' ਦੀ ਪ੍ਰਕਰਮਾਂ ਵਿੱਚ ਨੰਗੇ ਸਿਰ ਨਾ ਚਲੋ, 'ਦਰਬਾਰ ਸਾਹਿਬ' ਦੀ ਪ੍ਰਕਰਮਾਂ ਵਿੱਚ ਗੱਲਾਂ ਨਾ ਕਰੋ, ਕੀਰਤਨ ਸੁਣੋ, 'ਦਰਬਾਰ ਸਾਹਿਬ' ਦੇ ਸਰੋਵਰ ਵਿੱਚ ਇਸ਼ਨਾਨ ਕਰਨ ਲਗੇ, ਆਪਣੇ ਸਮਾਨ ਦਾ ਆਪ ਖਿਆਲ ਰਖੋ, ਆਦਿ ਆਦਿ। 'ਦਰਬਾਰ ਸਾਹਿਬ' ਸ਼ਬਦ ਮਾਨਸ ਪੱਟੀ ਤੇ ਪੱਕਾ ਉਕਰ ਗਿਆ।

ਜਿਵੇਂ ਗੁਰਬਾਣੀ ਦਾ ਹੁਕਮ ਹੈ:

"ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥2॥" (ਮਃ ੨, ਪੰਨਾ ੬੫੩)

ਕਿਰਤ ਅੰਮ੍ਰਿਤਸਰ ਤੋਂ ਚੰਡੀਗੜ੍ਹ ਲੈ ਆਈ, ਪਰ ਅਕਸਰ ਦਰਬਾਰ ਸਾਹਿਬ ਦੇ ਦਰਸ਼ਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਸਮੇਂ ਸਮੇਂ ਕਈ ਤਬਦੀਲੀਆਂ ਧਿਆਨ ਵਿੱਚ ਆਈਆਂ, ਜਿਵੇਂ ਨਿਸ਼ਾਨ ਸਾਹਿਬ ਦਾ ਰੰਗ ਕੇਸਰੀ (ਸਿੱਖ ਇਤਿਹਾਸਕਾਰਾਂ ਅਨੁਸਾਰ, ਇਸ ਤੋਂ ਪਹਿਲਾਂ ਇਹ ਨੀਲਾ ਹੁੰਦਾ ਸੀ) ਤੋਂ ਬਦਲ ਕੇ ਹੌਲੀ-ਹੌਲੀ ਭਗਵਾ ਹੋਣਾ, ਜਿਸਦਾ ਜ਼ਿਕਰ ਦਾਸ ਨੇ ਨਿਜੀ ਤੌਰ ਤੇ ਮਿਲ ਕੇ ਉਸ ਸਮੇਂ ਦੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਜੋਗਿੰਦਰ ਸਿੰਘ ਵੇਦਾਂਤੀ ਜੀ ਨੂੰ ਵੀ ਕੀਤਾ, ਪਰ ਉਨ੍ਹਾਂ ਗੱਲ ਨੂੰ ਅਣਗੌਲਿਆ ਕਰ ਛੱਡਿਆ, ਯਾ ਸ਼ਾਇਦ ਉਨ੍ਹਾਂ ਦੇ ਵਸ ਵਿੱਚ ਹੀ ਕੁਝ ਨਹੀਂ ਸੀ। ਇਕ ਜੋ ਹੋਰ ਵਿਸ਼ੇਸ਼ ਤਬਦੀਲੀ ਨਜ਼ਰ ਪਈ, ਉਹ ਸੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿੱਚ ਲੱਗੇ ਬੋਰਡਾਂ ਵਿੱਚੋਂ, 'ਦਰਬਾਰ ਸਾਹਿਬ' ਸ਼ਬਦ ਹੌਲੀ ਹੌਲੀ ਬਦਲ ਕੇ, 'ਹਰਿਮੰਦਰ ਸਾਹਿਬ' ਲਿਖਿਆ ਜਾਣਾ। ਗੁਰਬਾਣੀ ਦੀ ਜੋ ਕੁਝ ਥੋੜ੍ਹੀ ਬਹੁਤ ਸੋਝੀ ਸਤਿਗੁਰੂ ਨੇ ਬਖਸ਼ੀ ਹੈ ਉਸ ਤੋਂ ਸਪੱਸ਼ਟ ਹੈ ਕਿ ਗੁਰਬਾਣੀ ਵਿੱਚ ਅਕਸਰ ਹਰਿਮੰਦਰ ਮਨੁੱਖੀ ਸ਼ਰੀਰ ਨੂੰ ਕਿਹਾ ਗਿਆ ਹੈ। ਇਸ ਨੂੰ ਆਪਣਾ ਅਵੇਸਲਾਪਨ ਆਖਾਂ ਕਿ ਮੂਰਖਤਾ, ਗੱਲ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲਿਆ, ਭਾਵੇਂ ਆਪਣੇ ਲੈਕਚਰਾਂ ਵਿੱਚ ਮੌਕਾ ਮਿਲਣ ਤੇ ਇਹ ਗੱਲ ਵਿਸ਼ੇਸ਼ ਤੌਰ ਤੇ ਦ੍ਰਿੜ ਕਰਾਉਂਣੀ ਸ਼ੁਰੂ ਕਰ ਦਿਤੀ, ਕਿ ਅੰਮ੍ਰਿਤਸਰ ਵਿੱਖੇ ਸੁਸ਼ੋਭਿਤ ਸਿੱਖੀ ਦਾ ਕੇਂਦਰ ਦਰਬਾਰ ਸਾਹਿਬ ਹੈ ਨਾ ਕਿ ਹਰਿਮੰਦਰ ਸਾਹਿਬ।

ਪਿਛਲੇ ਥੋੜ੍ਹੇ ਦਿਨਾਂ ਵਿੱਚ ਹੀ ਦੋ ਮੌਕਿਆਂ ਨੇ ਵਿਸ਼ੇਸ਼ ਚੇਤੰਨ ਕਰ ਦਿੱਤਾ। ਪਹਿਲਾ ਇਕ ਸਮਾਗਮ ਵਿੱਚ ਇਕ ਸਿਆਸੀ ਆਗੂ ਨੂੰ ਪੂਰਾ ਜ਼ੋਰ ਦੇਕੇ ਕਹਿੰਦੇ ਸੁਣਿਆ, ਅਸੀਂ ਗਲਤ ਦਰਬਾਰ ਸਾਹਿਬ ਕਹੀ ਜਾ ਰਹੇ ਹਾਂ, ਸਾਡੇ ਇਸ ਕੇਂਦਰੀ ਸਥਾਨ ਦਾ ਨਾਂ ਹਰਿਮੰਦਰ ਸਾਹਿਬ ਹੈ। ਉਸ ਦੀ ਗੱਲ ਨੂੰ ਤਾਂ ਸਿਆਸੀ ਆਗੂ ਦੀ ਅਗਿਆਨਤਾ ਸਮਝ ਕੇ ਬਹੁਤੀ ਮਹਤੱਤਾ ਨਾ ਦਿੱਤੀ, ਪਰ ਕੁਝ ਦਿਨਾਂ ਬਾਅਦ ਹੀ ਇਕ ਉਘੇ ਪ੍ਰਚਾਰਕ ਨੂੰ: "ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥" (ਸੂਹੀ ਮਹਲਾ ੫, ਪੰਨਾ ੭੮੧), ਸ਼ਬਦ ਦੀ ਵਿਆਖਿਆ ਕਰਦਿਆਂ, ਸਤਿਗੁਰੂ ਨੇ ਇਸ ਸ਼ਰੀਰ ਨੂੰ ਹਰਿਮੰਦਰ ਆਖਿਆ ਹੈ, ਦੇ ਨਾਲ ਇਹ ਕਹਿੰਦੇ ਸੁਣਿਆਂ ਕਿ ਅੰਮ੍ਰਿਤਸਰ ਵਿੱਖੇ ਸਥਾਪਿਤ ਸਾਡਾ ਸਿੱਖੀ ਦਾ ਕੇਂਦਰ ਵੀ ਹਰਿਮੰਦਰ ਹੈ ਤਾਂ ਵਿਚਾਰ ਆਇਆ ਕਿ ਵਿਸ਼ੇ ਨੂੰ ਗੰਭੀਰਤਾ ਨਾਲ ਵਿਚਾਰਨਾ ਅਤਿ ਜ਼ਰੂਰੀ ਹੋ ਗਿਆ ਹੈ।

ਆਓ ਪਹਿਲਾਂ ਇਹ ਵਿਚਾਰੀਏ ਕਿ ਗੁਰਬਾਣੀ ਵਿੱਚ ਹਰਿਮੰਦਰ ਸ਼ਬਦ ਕਿਸ ਸੰਦਰਭ ਵਿੱਚ ਆਇਆ ਹੈ। ਹਰਿਮੰਦਰ ਸ਼ਬਦ ਦੋ ਲਫਜ਼ਾਂ ਦੇ ਮੇਲ ਤੋਂ ਬਣਿਆ ਹੈ:

ਹਰਿ+ ਮੰਦਰ। ਮੰਦਰ ਦਾ ਸ਼ਬਦੀ ਅਰਥ ਹੈ: ਘਰ, ਰਹਿਣ ਦਾ, ਟਿਕਣ ਦਾ ਯਾ ਅਰਾਮ ਕਰਨ ਦਾ ਸਥਾਨ।

ਗੁਰਬਾਣੀ ਵਿੱਚ ਅਕਾਲ-ਪੁਰਖ ਨੂੰ ਬਹੁਤ ਨਾਵਾਂ ਨਾਲ ਯਾਦ ਕੀਤਾ ਗਿਆ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਹਨ:

"ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥
ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥4॥2॥"

{ਮਹਲਾ ੧ ਬਸੰਤੁ, ਪੰਨਾ ੧੧੬੮}

(ਨਿਰਾ ਮੈਂ ਨਾਨਕ ਹੀ ਨਹੀਂ ਆਖ ਰਿਹਾ ਕਿ ਤੂੰ ਬੇਅੰਤ ਹੈਂ) ਗ਼ਰੀਬ ਨਾਨਕ ਕੀਹ ਆਖ ਸਕਦਾ ਹੈ ? ਸਾਰਾ ਸੰਸਾਰ ਹੀ ਤੈਨੂੰ ਇੱਕ ਨੂੰ ਸਲਾਹ ਰਿਹਾ ਹੈ (ਤੇਰੀਆਂ ਸਿਫ਼ਤਾਂ ਕਰ ਰਿਹਾ ਹੈ) । ਹੇ ਪ੍ਰਭੂ ! ਜੇਹੜੇ ਬੰਦੇ ਤੇਰੀ ਸਿਫ਼ਤਿ-ਸਾਲਾਹ ਕਰਦੇ ਹਨ, ਮੈਂ ਨਾਨਕ ਦਾ ਸਿਰ ਉਹਨਾਂ ਦੇ ਕਦਮਾਂ ਤੇ ਹੈ । ਹੇ ਪ੍ਰਭੂ ! ਜਿਤਨੇ ਭੀ ਤੇਰੇ ਨਾਮ ਹਨ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ ।4।2।

ਸਤਿਗੁਰੂ ਨੇ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਅਕਾਲ-ਪੁਰਖ ਦੇ ਬੇਅੰਤ ਨਾਮ ਹਨ। ਕਿਉਂਕਿ ਅਕਾਲ-ਪੁਰਖ ਬੇਅੰਤ ਗੁਣਾਂ ਦਾ ਮਾਲਕ ਹੈ, ਇਹ ਨਾਮ ਅਸੀਂ ਜੀਵਾਂ ਨੇ ਅਕਾਲ-ਪੁਰਖ ਦੇ ਗੁਣਾਂ ਨੂੰ ਵੇਖ ਕੇ ਰਖ ਲਏ ਹਨ:

"ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥"

{ਮਾਰੂ ਮਹਲਾ ੫, ਪੰਨਾ ੧੦੮੩}

ਹੇ ਪ੍ਰਭੂ ! (ਸਾਡੀ ਜੀਵਾਂ ਦੀ) ਜੀਭ ਤੇਰੇ ਉਹ ਨਾਮ ਉਚਾਰਦੀ ਹੈ ਜੋ ਨਾਮ (ਤੇਰੇ ਗੁਣ ਵੇਖ ਵੇਖ ਕੇ ਜੀਵਾਂ ਨੇ) ਬਣਾਏ ਹੋਏ ਹਨ । ਪਰ 'ਸਤਿਨਾਮੁ' ਤੇਰਾ ਮੁੱਢ-ਕਦੀਮਾਂ ਦਾ ਨਾਮ ਹੈ (ਭਾਵ, ਤੂੰ 'ਹੋਂਦ ਵਾਲਾ' ਹੈਂ, ਤੇਰੀ ਇਹ 'ਹੋਂਦ' ਜਗਤ-ਰਚਨਾ ਤੋਂ ਪਹਿਲਾਂ ਭੀ ਮੌਜੂਦ ਸੀ) ।

ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ-ਪੁਰਖ ਨੂੰ, ਉਸ ਦੇ ਗੁਣਾਂ ਤੇ ਅਧਾਰਿਤ, ਜੋ ਕਈ ਨਾਵਾਂ ਨਾਲ ਯਾਦ ਕੀਤਾ ਗਿਆ ਹੈ, ਉਨ੍ਹਾਂ ਦੇ ਕੁਝ ਕੁ ਪ੍ਰਮਾਣ ਹੇਠ ਦਿਤੇ ਹਨ।

"ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥"

{ਰਾਗੁ ਸਿਰੀਰਾਗੁ ਮਹਲਾ ਪਹਿਲਾ ੧, ਪੰਨਾ ੧੪}

ਹਰਿ- ਹਰਿਆਵਲ ਕਰਨ ਵਾਲਾ ।

"ਜੀਅ ਰੇ, ਰਾਮ ਜਪਤ ਮਨੁ ਮਾਨੁ ॥" {ਸਿਰਿ ਰਾਗੁ ਮਹਲਾ ੧, ਪੰਨਾ ੨੧}

ਰਾਮ- ਰਮਿਆ ਹੋਇਆ, ਕਣ ਕਣ ਵਿੱਚ ਸਮਾਇਆ ਹੋਇਆ।

"ਰਸ ਕਸ ਆਪੁ ਸਲਾਹਣਾ, ਏ ਕਰਮ ਮੇਰੇ ਕਰਤਾਰ ॥"

{ਸਿਰੀ ਰਾਗੁ ਮਹਲਾ ੧, ਪੰਨਾ ੧੫}

ਕਰਤਾਰ- ਕਰਨ ਵਾਲਾ, ਰਚਨ ਵਾਲਾ।

"ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥"

{ਮਾਝ ਮਹਲਾ ੫, ਪੰਨਾ ੧੦੮}

ਪਰਮੇਸੁਰ—ਪਰਮ ਈਸ਼੍ਵਰ, ਸਭ ਤੋਂ ਵੱਡਾ ਮਾਲਕ ।

"ਮੋਹਨ ਨਾਮੁ ਸਦਾ ਰਵਿ ਰਹਿਓ ॥ ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥"

{ਗਉੜੀ ਮਹਲਾ ੫,ਪੰਨਾ ੨੪੧}

ਮੋਹਨ—ਮਨ ਨੂੰ ਮੋਹ ਲੈਣ ਵਾਲਾ ।

"ਪੇਈਅੜੈ ਜਗ ਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥"

{ਸਿਰੀਰਾਗੁ ਮਹਲਾ ੩, ਪੰਨਾ ੬੪}

ਜਗ ਜੀਵਨ—ਜਗਤ ਦਾ ਜੀਵਨ-ਆਸਰਾ ।

"ਮੇਰੇ ਮਾਧਉ ਜੀ, ਸਤਸੰਗਤਿ ਮਿਲੇ ਸੁ ਤਰਿਆ ॥"

{ਰਾਗੁ ਗੂਜਰੀ ਮਹਲਾ ੫, ਪੰਨਾ ੧੦}

ਮਾਧਉ ਜੀ—ਹੇ ਪ੍ਰਭੂ ਜੀ । ਹੇ ਮਾਇਆ ਦੇ ਪਤੀ ਜੀ । {ਮਾਧਉ—ਮਾ-ਧਵ । ਮਾ—ਮਾਇਆ । ਧਵ—ਪਤੀ}

"ਮਿਲੁ ਮੇਰੇ ਬੀਠੁਲਾ, ਲੈ ਬਾਹੜੀ ਵਲਾਇ ॥
ਮਿਲੁ ਮੇਰੇ ਰਮਈਆ, ਮੈ ਲੇਹਿ ਛਡਾਇ" ॥

{ਸਿਰੀ ਰਾਗੁ ਤ੍ਰਿਲੋਚਨ ਕਾ,ਪੰਨਾ ੯੨}

ਲਫ਼ਜ਼ "ਬੀਠਲ" ਸੰਸਕ੍ਰਿਤ ਦੇ ਲਫ਼ਜ਼ ('ਵਿਸ਼ਠਲ') ਦਾ ਪ੍ਰਾਕ੍ਰਿਤ ਰੂਪ ਹੈ । "ਵਿ+ਸਥਲ"। ਵਿ—ਪਰੇ, ਮਾਇਆ ਤੋਂ ਪਰੇ । ਸਥਲ-ਟਿਕਿਆ ਹੋਇਆ ਹੈ । ਵਿ+ਸਥਲ, ਵਿਸ਼ਠਲ, ਬੀਠਲਾ—ਉਹ ਪ੍ਰਭੂ ਜੋ ਮਾਇਆ ਦੇ ਪ੍ਰਭਾਵ ਤੋਂ ਦੂਰ ਪਰੇ ਟਿਕਿਆ ਹੋਇਆ ਹੈ । ਇਹ ਲਫ਼ਜ਼ ਸਤਿਗੁਰੂ ਜੀ ਨੇ ਭੀ ਕਈ ਵਾਰੀ ਵਰਤਿਆ ਹੈ, ਤੇ, ਸਰਬ-ਵਿਆਪਕ ਪਰਮਾਤਮਾ ਵਾਸਤੇ ਹੀ ਵਰਤਿਆ ਹੈ ।

ਰਮਈਆ- ਰਮਿਆ ਹੋਇਆ, ਸਰਬਵਿਆਪੀ।

ਸੋ ਹਰਿ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ-ਪੁਰਖ ਵਾਸਤੇ ਵਰਤੇ ਗਏ ਕਈ ਨਾਵਾਂ ਵਿੱਚੋਂ ਇਕ ਨਾਂ ਹੈ ਅਤੇ ਇਹ ਸ਼ਬਦ ਗੁਰਬਾਣੀ ਵਿੱਚ ਬਾਕੀ ਨਾਵਾਂ ਨਾਲੋ ਸਭ ਤੋਂ ਵਧੇਰੇ ਵਾਰੀ ਆਇਆ ਹੈ। ਸੋ ਹਰਿਮੰਦਰ ਦਾ ਸ਼ਬਦੀ ਅਰਥ ਹੈ ਪ੍ਰਮੇਸ਼ਰ ਦਾ ਘਰ। ਹੁਣ ਇਹ ਵੀ ਵੇਖ ਲਈਏ ਗੁਰਬਾਣੀ ਸਾਨੂੰ ਕੀ ਅਗਵਾਈ ਦੇਂਦੀ ਹੈ, ਪ੍ਰਮੇਸ਼ਰ ਦਾ ਘਰ ਕਿਹੜਾ ਹੈ, ਉਹ ਕਿਥੇ ਵਸਦਾ ਹੈ ?:

"ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥1॥"

{ਧਨਾਸਰੀ ਮਹਲਾ ੫, ਪੰਨਾ ੬੭੭}

ਹੇ ਭਾਈ । ਮੈਂ ਜਿੱਥੇ ਜਿੱਥੇ ਵੇਖਦਾ ਹਾਂ ਉੱਥੇ ਉੱਥੇ ਹੀ ਪਰਮਾਤਮਾ ਹਾਜ਼ਰ-ਨਾਜ਼ਰ ਹੈ, ਉਹ ਕਿਸੇ ਥਾਂ ਤੋਂ ਭੀ ਦੂਰ ਨਹੀਂ ਹੈ । ਹੇ (ਮੇਰੇ) ਮਨ । ਤੂੰ ਸਦਾ ਉਸ ਪ੍ਰਭੂ ਨੂੰ ਸਿਮਰਿਆ ਕਰ, ਜੇਹੜਾ ਸਭਨਾਂ ਵਿਚ ਵੱਸ ਰਿਹਾ ਹੈ ।1।

"ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥12॥"

(ਸਲੋਕ ਮਹਲਾ ੯, ਪੰਨਾ ੧੪੨੭)

ਹੇ ਨਾਨਕ । ਆਖ—ਹੇ ਮਨ । ਸੰਤ ਜਨਾਂ ਨੇ ਉੱਚੀ ਕੂਕ ਕੇ ਦੱਸ ਦਿੱਤਾ ਹੈ ਕਿ ਪਰਮਾਤਮਾ ਹਰੇਕ ਸਰੀਰ ਵਿਚ ਵੱਸ ਰਿਹਾ ਹੈ । ਤੂੰ ਉਸ (ਪਰਮਾਤਮਾ) ਦਾ ਭਜਨ ਕਰਿਆ ਕਰ, (ਭਜਨ ਦੀ ਬਰਕਤਿ ਨਾਲ) ਸੰਸਾਰ-ਸਮੁੰਦਰ ਤੋਂ ਤੂੰ ਪਾਰ ਲੰਘ ਜਾਹਿਗਾ ।12।

ਉਪਰੋਕਤ ਪ੍ਰਮਾਣਾਂ ਤੋਂ ਗੱਲ ਬੜੀ ਸਪੱਸ਼ਟ ਹੈ ਕਿ ਅਕਾਲ-ਪੁਰਖ ਸਰਬਵਿਆਪੀ ਹੈ। ਜਿਵੇਂ ਉਹ ਹਰ ਜਗ੍ਹਾ, ਹਰ ਸ਼ੈ ਵਿੱਚ ਵਿਆਪਕ ਹੈ, ਤਿਵੇਂ ਉਸੇ ਦੀ ਜੋਤ ਹਰ ਸਰੀਰ ਵਿੱਚ ਪ੍ਰਕਾਸ਼ਮਾਨ ਹੈ। ਹੇਠਲੀਆਂ ਪੰਕਤੀਆਂ ਵਿੱਚ ਸਤਿਗੁਰੂ ਨੇ ਗੱਲ ਨੂੰ ਹੋਰ ਸਪਸ਼ਟ ਕਰ ਦਿੱਤਾ ਹੈ:

"ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥" {ਧਨਾਸਰੀ ਮਹਲਾ ੧, ਪੰਨਾ ੬੬੩}

ਸਾਰੇ ਜੀਵਾਂ ਵਿਚ ਇਕੋ ਉਹੀ ਪਰਮਾਤਮਾ ਦੀ ਜੋਤਿ ਵਰਤ ਰਹੀ ਹੈ । ਉਸ ਜੋਤਿ ਦੇ ਪਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ (ਸੂਝ-ਬੂਝ) ਹੈ । ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ (ਗੁਰੂ ਦੀ ਰਾਹੀਂ ਇਹ ਸਮਝ ਪੈਂਦੀ ਹੈ ਕਿ ਹਰੇਕ ਦੇ ਅੰਦਰ ਪਰਮਾਤਮਾ ਦੀ ਜੋਤਿ ਹੈ) ।

ਸਤਿਗੁਰੂ ਸਾਨੂੰ ਸਮਝਾਉਂਦੇ ਹਨ ਕਿ ਇਸ ਸਰੀਰ ਦਾ ਰਾਜਾ ਮਨ ਹੈ, ਭਾਵ ਸਾਡੇ ਸ਼ਰੀਰ ਦੇ ਸਾਰੇ ਇੰਦਰੇ ਮਨ ਦੇ ਅਨੁਸਾਰ ਹੀ ਕੰਮ ਕਰਦੇ ਹਨ:

"ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥4॥"
{ਸਿਰੀ ਰਾਗੁ ਮਹਲਾ ੧, ਪੰਨਾ ੬੧}

ਮਨ (ਇਸ ਸਰੀਰ-ਨਗਰੀ ਦਾ) ਰਾਜਾ ਬਣਿਆ ਰਹਿੰਦਾ ਹੈ, ਸੁਲਤਾਨ ਬਣਿਆ ਰਹਿੰਦਾ ਹੈ । ਗੁਰੂ ਤੋਂ ਬਿਨਾ ਇਸ ਨੂੰ ਕਿਸੇ ਹੋਰ ਨੇ ਕਦੇ ਮਤਿ ਨਹੀਂ ਦਿੱਤੀ (ਕੋਈ ਇਸ ਨੂੰ ਸਮਝਾ ਨਹੀਂ ਸਕਿਆ) ।4।

"ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥"
{ਰਾਗੁ ਭੈਰਉ ਮਹਲਾ ੧, ਪੰਨਾ ੧੧੨੫}

ਮਨ ਹੀ ਸਾਰੇ ਗਿਆਨ ਇੰਦ੍ਰਿਆਂ ਨੂੰ ਚੰਗੇ ਜਾਂ ਮਾੜੇ ਕੰਮਾਂ ਵਾਸਤੇ ਪ੍ਰੇਰਦਾ ਹੈ। ਇਸ ਮਨ ਨੇ ਹੀ ਅੰਦਰ ਵਸਦੇ ਅਕਾਲ-ਪੁਰਖ ਨੂੰ ਪਹਿਚਾਨਣਾ ਹੈ। ਇਸੇ ਵਾਸਤੇ ਸਤਿਗੁਰੂ ਮਨ ਨੂੰ ਯਾਦ ਕਰਾਉਂਦੇ ਹਨ:

"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥"
{ਆਸਾ ਮਹਲਾ ੩, ਪੰਨਾ ੪੪੧}

ਹੇ ਮੇਰੇ ਮਨ । ਤੂੰ ਉਸ ਪਰਮਾਤਮਾ ਦੀ ਅੰਸ ਹੈਂ ਜੋ ਨਿਰਾ ਨੂਰ ਹੀ ਨੂਰ ਹੈ (ਹੇ

ਮਨ !) ਆਪਣੇ ਉਸ ਅਸਲੇ ਨਾਲ ਸਾਂਝ ਬਣਾ । ਹੇ ਮਨ ! ਉਹ ਪਰਮਾਤਮਾ ਸਦਾ ਤੇਰੇ ਅੰਗ-ਸੰਗ ਵੱਸਦਾ ਹੈ, ਗੁਰੂ ਦੀ ਮਤਿ ਲੈ ਕੇ ਉਸ ਦੇ ਮਿਲਾਪ ਦਾ ਸੁਆਦ ਲੈ ।

ਪਰ ਇਸ ਸ਼ਰੀਰ ਵਿੱਚ ਸਭ ਤੋਂ ਚੰਚਲ ਵੀ ਮਨ ਨੂੰ ਹੀ ਮੰਨਿਆਂ ਗਿਆ ਹੈ, ਜੋ ਹਰ ਸਮੇਂ ਬਾਹਰ ਭਟੱਕਦਾ ਰਹਿੰਦਾ ਹੈ:

"ਇਹੁ ਮਨੁ ਚੰਚਲੁ ਵਸਿ ਨ ਆਵੈ ॥
ਦੁਬਿਧਾ ਲਾਗੈ ਦਹ ਦਿਸਿ ਧਾਵੈ ॥" {ਮਾਝ ਮਹਲਾ ੩, ਪੰਨਾ ੧੨੭}

(ਮਾਇਆ-ਵੂੜੇ ਮਨੁੱਖ ਦਾ) ਇਹ ਮਨ ਚੰਚਲ (ਸੁਭਾਵ ਵਾਲਾ ਰਹਿੰਦਾ) ਹੈ, (ਉਸ ਦੇ ਆਪਣੇ ਉੱਦਮ ਨਾਲ) ਕਾਬੂ ਵਿਚ ਨਹੀਂ ਆਉਂਦਾ, (ਉਸ ਦਾ ਮਨ ਮਾਇਆ ਦੇ ਕਾਰਨ) ਡਾਵਾਂ ਡੋਲ ਹਾਲਤ ਵਿਚ ਟਿਕਿਆ ਰਹਿੰਦਾ ਹੈ, ਤੇ (ਮਾਇਆ ਦੀ ਖ਼ਾਤਰ) ਦਸੀਂ ਪਾਸੀਂ ਦੌੜਦਾ ਰਹਿੰਦਾ ਹੈ ।

"ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹ ਦਿਸ ਜਾਇ ॥
ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥86॥"
{ਸਲੋਕ ਕਬੀਰ ਜੀ,ਪੰਨਾ ੧੩੬੯}

ਮਨੁੱਖ ਦਾ ਮਨ ਪੰਛੀ ਬਣ ਜਾਂਦਾ ਹੈ ਇਕ ਪ੍ਰਭੂ ਦਾ ਆਸਰਾ ਛੱਡ ਕੇ) ਭਟਕ ਭਟਕ ਕੇ (ਮਾਇਕ ਪਦਾਰਥਾਂ ਦੇ ਪਿੱਛੇ) ਦਸੀਂ ਪਾਸੀਂ ਦੌੜਦਾ ਹੈ (ਤੇ ਇਹ ਕੁਦਰਤਿ ਦਾ ਨਿਯਮ ਹੀ ਹੈ ਕਿ) ਜੋ ਮਨੁੱਖ ਜਿਹੋ ਜਿਹੀ ਸੰਗਤਿ ਵਿਚ ਬੈਠਦਾ ਹੈ ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ ।86।

ਅੰਦਰ ਵਸਦੇ ਪਰਮੇਸ਼ਰ ਨਾਲ ਮਿਲਾਪ ਤਾਂ ਹੋਵੇ ਜੇ ਮਨ ਆਪਣੇ ਸ਼ਰੀਰ ਰੂਪੀ ਘਰ ਵਿੱਚ ਵਾਪਸ ਆਵੇ। ਇਸੇ ਵਾਸਤੇ ਸਤਿਗੁਰੂ ਹਰ ਵੇਲੇ ਸਾਨੂੰ ਇਹ ਸਮਝਾਉਂਦੇ, ਮਨ ਨੂੰ ਬਾਹਰ ਭਟਕਣ ਤੋਂ ਰੋਕਦੇ ਹਨ:

"ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ਰਹਾਉ ॥" {ਸੋਰਠਿ ਮਹਲਾ 1, ਪੰਨਾ 598}

ਹੇ ਮੇਰੇ ਮਨ ! (ਅੰਦਰ ਹੀ ਪ੍ਰਭੂ-ਚਰਨਾਂ ਵਿਚ) ਟਿਕਿਆ ਰਹੁ, ਕਿਤੇ ਬਾਹਰ ਨਾਹ ਭਟਕਦਾ ਫਿਰੀਂ । ਜੇ ਤੂੰ ਬਾਹਰ ਢੂੰਢਣ ਤੁਰ ਪਿਆ, ਤਾਂ ਬਹੁਤ ਦੁੱਖ ਪਾਏਂਗਾ । ਅਟੱਲ ਆਤਮਕ ਜੀਵਨ ਦੇਣ ਵਾਲਾ ਰਸ ਤੇਰੇ ਘਰ ਵਿਚ ਹੀ ਹੈ, ਹਿਰਦੇ ਵਿਚ ਹੀ ਹੈ ।ਰਹਾਉ।

"ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥
ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥"
{ਆਸਾ ਮਹਲਾ ੪, ਪੰਨਾ ੪੫੧}

ਹੇ ਥਾਂ ਥਾਂ ਭਟਕ ਰਹੇ ਮਨ ! ਹੇ ਪਿਆਰੇ ਮਨ ! ਕਦੇ ਤਾਂ ਪ੍ਰਭੂ-ਚਰਨਾਂ ਵਿਚ ਜੁੜ । ਹੇ ਮੇਰੇ ਪਿਆਰੇ ਮਨ ! ਹਰਿ-ਰੂਪ ਗੁਰੂ ਨੂੰ ਮਿਲ (ਤੈਨੂੰ ਸਮਝ ਪੈ ਜਾਇਗੀ ਕਿ ਸਭ ਸੁਖਾਂ ਦਾ ਦਾਤਾ) ਪਰਮਾਤਮਾ ਤੇਰੇ ਅੰਦਰ ਹੀ ਵੱਸ ਰਿਹਾ ਹੈ ।

ਜੇ ਗੁਰੂ ਬਖਸ਼ਿਸ਼ ਦੁਆਰਾ ਮਨ ਘਰ ਆਕੇ ਟਿੱਕ ਜਾਵੇ, ਤਾਂ ਇਸ ਦੀ ਪਹਿਚਾਣ ਅੰਦਰ ਹੀ ਵਸਦੀ, ਉਸ ਅਕਾਲ-ਪੁਰਖ ਜੋਤ ਨਾਲ ਹੋ ਜਾਂਦੀ ਹੈ। ਜਦੋਂ ਅੰਦਰ ਹੀ ਵਸਦੇ ਉਸ ਅਕਾਲ-ਪੁਰਖ ਨਾਲ ਸਾਂਝ ਬਣਨੀ ਸ਼ੁਰੂ ਹੋ ਜਾਵੇ, ਮਨ ਅੰਦਰ ਇਕ ਅਲੌਕਿਕ ਚਾਅ ਪੈਦਾ ਹੁੰਦਾ ਹੈ, ਜਿਸਨੂੰ ਸਤਿਗੁਰੂ ਅਮਰ ਪਾਤਿਸ਼ਾਹ ਅਨੰਦ ਬਾਣੀ ਵਿੱਚ ਇੰਝ ਵਰਨਣ ਕਰਦੇ ਹਨ:

"ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥" (ਪੰਨਾ ੯੨੧)

ਆਪਣੀ ਹਿਰਦੇ-ਸੇਜ ਉਤੇ ਪ੍ਰਭੂ-ਪਤੀ ਦਾ ਆਉਣਾ ਮੈਂ ਸੁਣ ਲਿਆ ਹੈ (ਮੈਂ ਅਨੁਭਵ ਕਰ ਲਿਆ ਹੈ ਕਿ ਪ੍ਰਭੂ ਮੇਰੇ ਹਿਰਦੇ ਵਿਚ ਆ ਵੱਸਿਆ ਹੈ ਹੁਣ) ਮੇਰੇ ਮਨ ਵਿਚ ਆਨੰਦ ਬਣ ਗਿਆ ਹੈ । ਹੇ ਮੇਰੀ ਜਿੰਦੇ । ਮੇਰਾ ਇਹ ਹਿਰਦਾ-ਘਰ ਪ੍ਰਭੂ-ਪਤੀ ਦਾ ਨਿਵਾਸ-ਅਸਥਾਨ ਬਣ ਗਿਆ ਹੈ, ਹੁਣ ਤੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾ ।

ਜਿਸਨੇ ਆਪਣੇ ਅੰਦਰ ਵਸਦੇ ਅਕਾਲ-ਪੁਰਖ ਦੀ ਅਗੰਮੀ ਜੋਤ ਦੀ ਪਹਿਚਾਣ ਕਰ ਲਈ, ਉਸ ਨਾਲ ਪੱਕੀ ਸਾਂਝ ਬਣਾ ਲਈ, ਉਸ ਨੂੰ ਸਮਝ ਲੱਗ ਗਈ ਕਿ ਅਸਲ ਵਿੱਚ ਸਾਡਾ ਇਹ ਸਰੀਰ ਉਸ ਅਕਾਲ-ਪੁਰਖ ਦਾ ਹੀ ਘਰ ਹੈ। ਇਹ ਹੀ ਹਰਿਮੰਦਰ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਹਨ ਕਿ ਐਸੇ ਮਨੁੱਖ ਦੇ, ਇਸ ਹਰਿਮੰਦਰ ਸਰੀਰ ਨੂੰ, ਅਕਾਲ-ਪੁਰਖ ਆਪ ਹੀ ਸਵਾਰ ਦੇਂਦਾ ਹੈ, ਭਾਵ ਸ਼ੁਭ ਗੁਣਾਂ ਨਾਲ ਸ਼ਿੰਗਾਰ ਦੇਂਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:

"ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥4॥"

(ਮਾਰੂ ਮਹਲਾ ੩, ਪੰਨਾ ੧੦੫੯)

ਹੇ ਭਾਈ । ਇਹ ਮਨੁੱਖਾ ਸਰੀਰ ਪਰਮਾਤਮਾ ਦਾ (ਪਵਿੱਤਰ) ਘਰ ਹੈ, ਪਰਮਾਤਮਾ ਇਸ ਨੂੰ ਆਪ ਹੀ ਸੋਹਣਾ ਬਣਾਂਦਾ ਹੈ, ਇਸ ਵਿਚ ਵਿਕਾਰ-ਦੈਂਤਾਂ ਦੇ ਮਾਰਨ ਵਾਲਾ ਪ੍ਰਭੂ ਆਪ ਵੱਸਦਾ ਹੈ । ਹੇ ਭਾਈ । ਜਿਹੜੇ ਜੀਵ-ਵਣਜਾਰੇ (ਇਸ ਸਰੀਰ ਵਿਚ) ਗੁਰੂ ਦੇ ਸ਼ਬਦ ਦੀ ਰਾਹੀਂ ਹਰਿ-ਨਾਮ ਦਾ ਵਣਜ ਕਰਦੇ ਹਨ, ਪ੍ਰਭੂ ਮਿਹਰ ਦੀ ਨਿਗਾਹ ਨਾਲ ਉਹਨਾਂ ਨੂੰ (ਆਪਣੇ ਨਾਲ) ਮਿਲਾ ਲੈਂਦਾ ਹੈ ।4।

ਹੇਠਲੇ ਸ਼ਬਦ ਵਿੱਚ ਤਾਂ ਸਤਿਗੁਰੂ ਨੇ ਇਸ ਸਬੰਧੀ ਗੱਲ ਇਤਨੀ ਸਪੱਸ਼ਟ ਕਰ ਦਿੱਤੀ ਹੈ ਕਿ ਭੁਲੇਖੇ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹੀ:

"ਪ੍ਰਭਾਤੀ ਮਹਲਾ ੩ ਬਿਭਾਸ

ੴ ਸਤਿਗੁਰ ਪ੍ਰਸਾਦਿ ॥ ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥1॥ ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥1॥ ਰਹਾਉ ॥

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥2॥ ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥ ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥3॥ ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥4॥" (ਪੰਨਾ ੧੩੪੬)

ਹੇ ਮੇਰੇ ਮਨ । (ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗਿਆ ਜਾਂਦਾ ਹੈ (ਉਸ ਦੇ ਮਨ ਨੂੰ ਪਰਮਾਤਮਾ ਦੀ ਭਗਤੀ ਦਾ) ਰੰਗ ਚੜ੍ਹ ਜਾਂਦਾ ਹੈ । ਉਸ ਨੂੰ ਸਦਾ-ਥਿਰ ਪ੍ਰਭੂ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਸੋਭਾ ਸਦਾ ਲਈ (ਲੋਕ ਪਰਲੋਕ ਵਿਚ) ਖਿਲਰ ਜਾਂਦੀ ਹੈ । (ਉਸ ਮਨੁੱਖ ਦਾ ਸਰੀਰ) ਪਰਮਾਤਮਾ ਦਾ ਕਦੇ ਨਾਹ ਡੋਲਣ ਵਾਲਾ ਘਰ ਬਣ ਜਾਂਦਾ ਹੈ (ਉਸ ਦਾ ਸਰੀਰ ਅਜਿਹਾ 'ਹਰਿ ਮੰਦਰ' ਬਣ ਜਾਂਦਾ ਹੈ ਜਿਸ ਨੂੰ ਵਿਕਾਰਾਂ ਦਾ ਝੱਖੜ ਹਿਲਾ ਨਹੀਂ ਸਕਦਾ) ।1।ਰਹਾਉ।

ਹੇ ਭਾਈ । ਤੂੰ ਗੁਰੂ ਦੀ ਕਿਰਪਾ ਨਾਲ ਵੇਖ, ਪਰਮਾਤਮਾ ਦਾ ਘਰ ਤੇਰੇ ਨਾਲ ਹੈ (ਤੇਰੇ ਅੰਦਰ ਹੀ ਹੈ । ਇਸ) 'ਹਰਿ ਮੰਦਰ' ਨੂੰ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਲੱਭਿਆ ਜਾ ਸਕਦਾ ਹੈ (ਹੇ ਭਾਈ । ਗੁਰੂ ਦੇ ਸ਼ਬਦ ਵਿਚ ਜੁੜ, ਅਤੇ) ਪਰਮਾਤਮਾ ਦਾ ਨਾਮ ਆਪਣੇ ਅੰਦਰ ਸਾਂਭ ਕੇ ਰੱਖ ।1।

ਹੇ ਭਾਈ । (ਮਨੁੱਖ ਦਾ) ਇਹ ਸਰੀਰ 'ਹਰਿ-ਮੰਦਰ' ਹੈ (ਪਰ ਇਹ ਭੇਤ ਸਤਿਗੁਰੂ ਦੀ ਬਖ਼ਸ਼ੀ) ਆਤਮਕ ਜੀਵਨ ਦੀ ਕੀਮਤੀ ਸੂਝ ਦੀ ਰਾਹੀਂ ਖੁਲ੍ਹਦਾ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੇ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ 'ਹਰਿ-ਮੰਦਰ' ਨਹੀਂ ਹੋ ਸਕਦਾ ।2।

ਹੇ ਭਾਈ । (ਇਹ ਮਨੁੱਖਾ ਸਰੀਰ) 'ਹਰਿ-ਮੰਦਰ' ਪ੍ਰਭੂ ਜੀ ਨੇ ਆਪ ਬਣਾਇਆ ਹੈ (ਅਤੇ ਆਪਣੇ) ਹੁਕਮ ਨਾਲ ਸਜਾ ਰੱਖਿਆ ਹੈ । ਧੁਰ ਦਰਗਾਹ ਤੋਂ (ਹਰੇਕ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਜਿਹੜਾ) ਲੇਖ (ਹਰੇਕ ਸਰੀਰ—ਹਰਿ-ਮੰਦਰ ਵਿਚ) ਲਿਖਿਆ ਜਾਂਦਾ ਹੈ ਉਸ ਲੇਖ ਅਨੁਸਾਰ ਹਰੇਕ ਪ੍ਰਾਣੀ ਨੂੰ ਤੁਰਨਾ ਪੈਂਦਾ ਹੈ । ਕੋਈ ਮਨੁੱਖ (ਆਪਣੇ ਕਿਸੇ ਉੱਦਮ ਨਾਲ ਉਸ ਲੇਖ ਨੂੰ) ਮਿਟਾਣ ਜੋਗਾ ਨਹੀਂ ਹੈ ।3।

ਹੇ ਭਾਈ । (ਗੁਰੂ ਦੇ ਸ਼ਬਦ ਦੀ ਰਾਹੀਂ) ਸਦਾ-ਥਿਰ ਹਰਿ-ਨਾਮ ਵਿਚ (ਜਿਸ ਮਨੁੱਖ ਨੇ) ਪਿਆਰ ਪਾਇਆ, ਉਸ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਆਤਮਕ ਆਨੰਦ ਪ੍ਰਾਪਤ ਕੀਤਾ । (ਉਸ ਮਨੁੱਖ ਦਾ ਸਰੀਰ-) ਹਰਿ-ਮੰਦਰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸੋਹਣਾ ਬਣ ਗਿਆ, (ਉਹ ਹਰਿ-ਮੰਦਰ) ਬੇਅੰਤ ਪ੍ਰਭੂ (ਦੇ ਨਿਵਾਸ) ਵਾਸਤੇ (ਮਾਨੋ) ਸੋਨੇ ਦਾ ਕਿਲ੍ਹਾ ਬਣ ਗਿਆ ।4।

ਸਤਿਗੁਰੂ ਨੇ ਉਪਰ ਗੱਲ ਸਪਸ਼ਟ ਕਰ ਦਿੱਤੀ ਹੈ ਕਿ ਅਸਲ ਵਿੱਚ ਇਹ ਸਰੀਰ ਹੈ, ਉਸ ਅਕਾਲ-ਪੁਰਖ ਦਾ ਸੋਹਣਾ ਘਰ। ਇਹ ਹਰਿਮੰਦਰ ਹੈ। ਪਰ ਸਾਨੂੰ ਇਹ ਸਮਝ ਤਾਂ ਹੀ ਆਵੇਗੀ, ਇਸ ਹਰਿਮੰਦਰ ਦੀ ਪਹਿਚਾਣ ਤਾਂ ਹੀ ਹੋਵੇਗੀ, ਜੇ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਕਰਾਂਗੇ। ਅਸਲ ਵਿੱਚ ਸਾਡੀਆਂ ਦੁਬਿਧਾਵਾਂ, ਭੁਲੇਖਿਆਂ, ਭਟਕਣਾ ਦਾ ਮੂਲ ਕਾਰਨ ਹੀ ਇਹ ਹੈ ਕਿ ਅਸੀਂ ਸ਼ਬਦ ਦੀ ਵਿਚਾਰ ਛੱਡ ਕੇ ਕੇਵਲ ਗੁਰਬਾਣੀ ਰਟਨ ਤੱਕ ਸੀਮਿਤ ਹੋ ਗਏ ਹਾਂ।

ਹਾਂ! ਕਿਸੇ ਵੀ ਸੂਝਵਾਨ ਵਿਅਕਤੀ ਅਗੇ ਇਹ ਸੁਆਲ ਸੁਭਾਵਕ ਹੀ ਆ ਜਾਵੇਗਾ ਕਿ ਸਤਿਗੁਰੂ ਤਾਂ ਆਪ ਹੀ ਇਹ ਕਹਿੰਦੇ ਹਨ ਕਿ ਅਕਾਲ-ਪੁਰਖ ਹਰ ਜਗ੍ਹਾ

ਮੌਜੂਦ ਹੈ ਫਿਰ ਸਤਿਗੁਰੂ ਨੇ ਅਕਾਲ-ਪੁਰਖ ਨੂੰ ਮਨੁਖਾ ਸਰੀਰ ਤੱਕ ਹੀ ਕਿਵੇਂ ਸੀਮਤ ਕਰ ਦਿੱਤਾ। ਆਪਣੇ ਸਤਿਗੁਰੂ ਦੇ ਬਲਿਹਾਰ ਜਾਈਏ ਕਿ ਸਾਨੂੰ ਇਤਨੇ ਪੂਰਨ ਗੁਰੂ ਦੇ ਸਿੱਖ ਹੋਣ ਦਾ ਸੁਭਾਗ ਮਿਲਿਆ ਹੈ। ਇਸੇ ਸ਼ਬਦ ਦੇ ਪੰਜਵੇਂ ਬੰਦ ਵਿੱਚ ਸਤਿਗੁਰੂ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਹੈ:

"ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥5॥" (ਪੰਨਾ 1346)

ਹੇ ਭਾਈ ! ਇਹ ਸਾਰਾ ਸੰਸਾਰ ਭੀ 'ਹਰਿ-ਮੰਦਰ' ਹੀ ਹੈ (ਪਰਮਾਤਮਾ ਦੇ ਰਹਿਣ ਦਾ ਘਰ ਹੈ) । ਪਰ ਗੁਰੂ (ਦੀ ਸਰਨ) ਤੋਂ ਬਿਨਾ (ਆਤਮਕ ਜੀਵਨ ਵਲੋਂ) ਘੁੱਪ ਹਨੇਰਾ ਬਣਿਆ ਰਹਿੰਦਾ ਹੈ (ਤੇ, ਜੀਵਾਂ ਨੂੰ ਇਸ ਭੇਤ ਦੀ ਸਮਝ ਨਹੀਂ ਪੈਂਦੀ) । ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ, ਆਤਮਕ ਜੀਵਨ ਵਲੋਂ ਅੰਨ੍ਹੇ ਹੋਏ ਹੋਏ ਮੂਰਖ ਮਨੁੱਖ (ਪਰਮਾਤਮਾ ਤੋਂ ਬਿਨਾ) ਹੋਰ ਨਾਲ ਪਿਆਰ ਪਾ ਕੇ ਉਸ ਨੂੰ ਪੂਜਦੇ-ਸਤਕਾਰਦੇ ਰਹਿੰਦੇ ਹਨ ।5।

ਇਸ ਸ਼ਬਦ ਦੇ ਕੁਲ 11 ਪਦਿਆਂ ਵਿੱਚ ਸਤਿਗੁਰੂ ਨੇ ਹਰਿਮੰਦਰ ਦੇ ਸੰਕਲਪ ਨੂੰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਹੈ। ਇਸਦੇ ਨਾਲ ਹੀ ਹੋਰ ਵੀ ਬਹੁਤ ਸ਼ਬਦ ਹਨ ਜੋ ਇਹੀ ਦ੍ਰਿੜ ਕਰਾਉਂਦੇ ਹਨ, ਕਿ ਗੁਰਬਾਣੀ ਵਿੱਚ ਮਨੁੱਖਾ ਸਰੀਰ ਨੂੰ ਹੀ ਹਰਿਮੰਦਰ ਆਖਿਆ ਗਿਆ ਹੈ। ਜਿਵੇਂ:

"ਦਹਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥" {ਬਿਹਾਗੜਾ ਮਹਲਾ ੫, ਪੰਨਾ ੫੪੨}

ਹੇ ਮੇਰੇ ਪਿਆਰੇ ! (ਪਰਮਾਤਮਾ ਨੂੰ ਲੱਭਣ ਵਾਸਤੇ) ਅਸੀ ਦਸੀਂ ਪਾਸੀਂ ਭਾਲ ਕਰਦੇ ਫਿਰੇ, ਪਰ ਉਸ ਪਰਮਾਤਮਾ ਨੂੰ ਹੁਣ ਹਿਰਦੇ-ਘਰ ਵਿਚ ਹੀ ਆ ਕੇ ਲੱਭ ਲਿਆ ਹੈ । ਹੇ ਮੇਰੇ ਪਿਆਰੇ ! (ਇਸ ਮਨੁੱਖਾ ਸਰੀਰ ਨੂੰ) ਪਰਮਾਤਮਾ ਨੇ ਆਪਣੇ ਰਹਿਣ ਲਈ ਘਰ ਬਣਾਇਆ ਹੋਇਆ ਹੈ, ਪਰਮਾਤਮਾ ਇਸ (ਸਰੀਰ-ਘਰ) ਵਿਚ ਟਿਕਿਆ ਰਹਿੰਦਾ ਹੈ ।

"ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥"

{ਸੂਹੀ ਮਹਲਾ ੫, ਪੰਨਾ ੭੮੧}

ਹੇ ਭਾਈ ! (ਮਨੁੱਖ ਦਾ ਇਹ ਸਰੀਰ-) ਘਰ ਪਰਮਾਤਮਾ ਨੇ ਨਾਮ ਜਪਣ ਲਈ ਬਣਾਇਆ ਹੈ, (ਇਸ ਘਰ ਵਿਚ) ਸੰਤ-ਜਨ ਭਗਤ-ਜਨ (ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ । ਆਪਣੇ ਮਾਲਕ-ਪ੍ਰਭੂ (ਦਾ ਨਾਮ) ਹਰ ਵੇਲੇ ਸਿਮਰ ਸਿਮਰ ਕੇ (ਸੰਤ ਜਨ ਆਪਣੇ ਅੰਦਰੋਂ) ਸਾਰੇ ਪਾਪ ਦੂਰ ਕਰਾ ਲੈਂਦੇ ਹਨ ।

"ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥ ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥ ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥ ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥48॥" (ਪੰਨਾ 1418)

ਹੇ ਭਾਈ ! (ਮਨੁੱਖ ਦਾ ਇਹ ਸਰੀਰ-) ਹਰਿ-ਮੰਦਰ ਪਰਮਾਤਮਾ ਨੇ (ਆਪ) ਬਣਾਇਆ ਹੈ, ਇਸ ਸਰੀਰ-ਹਰਿਮੰਦਰ ਵਿਚ ਪਰਮਾਤਮਾ ਆਪ ਵੱਸਦਾ ਹੈ । (ਪਰ) ਗੁਰੂ ਦੀ ਮਤਿ ਤੇ ਤੁਰ ਕੇ (ਅੰਦਰੋਂ) ਮਾਇਆ ਦਾ ਮੋਹ ਚੰਗੀ ਤਰ੍ਹਾਂ ਸਾੜ ਕੇ (ਹੀ, ਕਿਸੇ ਭਾਗਾਂ ਵਾਲੇ ਨੇ ਅੰਦਰ-ਵੱਸਦਾ) ਪਰਮਾਤਮਾ ਲੱਭਾ ਹੈ ।

ਹੇ ਭਾਈ ! ਪਰਮਾਤਮਾ ਦਾ ਨਾਮ, ਮਾਨੋ, ਨੌ ਖ਼ਜ਼ਾਨੇ ਹੈ (ਇਸ ਨੂੰ ਹਿਰਦੇ ਵਿਚ) ਸਾਂਭ ਕੇ ਰੱਖ (ਜੇ ਹਰਿ-ਨਾਮ ਸੰਭਾਲਿਆ ਜਾਏ, ਤਾਂ) ਇਸ ਸਰੀਰ-ਹਰਿਮੰਦਰ ਵਿਚ ਅਨੇਕਾਂ ਹੀ ਉੱਤਮ ਕੀਮਤੀ ਗੁਣ (ਲੱਭ ਪੈਂਦੇ) ਹਨ ।

ਹੇ ਨਾਨਕ ! ਸ਼ਾਬਾਸ਼ੇ ਉਹਨਾਂ ਭਾਗਾਂ ਵਾਲਿਆਂ ਨੂੰ, ਜਿਨ੍ਹਾਂ ਗੁਰੂ ਦੀ ਸਰਨ ਪੈ ਕੇ (ਇਸ ਸਰੀਰ-ਹਰਿਮੰਦਰ ਵਿਚ ਵੱਸਦਾ) ਪਰਮਾਤਮਾ ਖੋਜ ਕੇ ਲੱਭ ਲਿਆ । ਜਿਨ੍ਹਾਂ ਵੱਡੇ ਭਾਗਾਂ ਵਾਲਿਆਂ ਨੇ ਇਸ ਸਰੀਰ ਕਿਲ੍ਹੇ ਨੂੰ ਸਰੀਰ ਮੰਦਰ ਨੂੰ ਖੋਜਿਆ, ਹਿਰਦੇ ਵਿਚ ਹੀ ਆਪਣੇ ਨਾਲ ਵੱਸਦਾ ਪਰਮਾਤਮਾ ਲੱਭ ਲਿਆ ।48।

ਇਥੇ ਸਤਿਗੁਰੂ ਨੇ ਇਹ ਗੱਲ ਵੀ ਸਮਝਾ ਦਿੱਤੀ ਹੈ ਕਿ ਭਾਵੇਂ ਅਕਾਲ-ਪੁਰਖ ਦੀ ਜੋਤ ਹੋਣ ਨਾਤੇ ਹਰ ਸਰੀਰ ਹਰਿਮੰਦਰ ਹੈ, ਪਰ ਅਸਲ ਵਿੱਚ ਹਰਿਮੰਦਰ ਅਖਵਾਉਣ ਦਾ ਅਧਿਕਾਰੀ ਕੇਵਲ ਉਹ ਹੀ ਸਰੀਰ ਹੈ, ਜਿਸ ਨੇ ਆਪਣੇ ਅੰਦਰ ਪ੍ਰਕਾਸ਼ਮਾਨ ਉਸ ਹਰਿ ਨੂੰ ਪਹਿਚਾਨ ਲਿਆ ਹੈ। ਅਤੇ ਇਹ ਸੋਝੀ ਕੇਵਲ ਗੁਰੂ ਸ਼ਬਦ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਤਿਗੁਰੂ ਬਖਸ਼ਿਸ਼ ਕਰਦੇ ਹਨ:

"ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥12॥" {ਪੰਨਾ 953}

(ਉਂਞ ਤਾਂ ਸਾਰੇ ਸਰੀਰ "ਹਰਿ ਮੰਦਰੁ" ਭਾਵ, ਰੱਬ ਦੇ ਰਹਿਣ ਦੇ ਥਾਂ ਹਨ, ਪਰ ਅਸਲ ਵਿਚ) ਉਹੀ ਸਰੀਰ "ਹਰਿ ਮੰਦਰੁ" ਕਿਹਾ ਜਾਣਾ ਚਾਹੀਦਾ ਹੈ ਜਿਸ ਵਿਚ ਰੱਬ ਪਛਾਣਿਆ ਜਾਏ; (ਸੋ, ਮਨੁੱਖਾ ਸਰੀਰ 'ਹਰਿ ਮੰਦਰੁ' ਹੈ, ਕਿਉਂਕਿ) ਮਨੁੱਖਾ-ਸਰੀਰ ਵਿਚ ਗੁਰੂ ਦੇ ਹੁਕਮ ਤੇ ਤੁਰ ਕੇ ਰੱਬ ਲੱਭਦਾ ਹੈ, ਹਰ ਥਾਂ ਵਿਆਪਕ ਜੋਤਿ ਦਿੱਸਦੀ ਹੈ।

(ਸਰੀਰ ਤੋਂ) ਬਾਹਰ ਭਾਲਣ ਦੀ ਉੱਕਾ ਲੋੜ ਨਹੀਂ, (ਇਸ ਸਰੀਰ-) ਘਰ ਵਿਚ ਹੀ ਸਿਰਜਣਹਾਰ ਵੱਸ ਰਿਹਾ ਹੈ । ਪਰ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ (ਇਸ ਮਨੁੱਖਾ ਸਰੀਰ) "ਹਰਿ ਮੰਦਰੁ" ਦੀ ਕਦਰ ਨਹੀਂ ਜਾਣਦੇ, ਉਹ ਮਨੁੱਖਾ ਜਨਮ (ਮਨ ਦੇ ਪਿੱਛੇ ਤੁਰ ਕੇ ਹੀ) ਗੰਵਾ ਜਾਂਦੇ ਹਨ ।(ਉਂਞ ਤਾਂ) ਸਾਰਿਆਂ ਵਿਚ ਇਕ ਪ੍ਰਭੂ ਹੀ ਵਿਆਪਕ ਹੈ, ਪਰ ਲੱਭਦਾ ਹੈ ਗੁਰੂ ਦੇ ਸ਼ਬਦ ਦੀ ਰਾਹੀਂ ।12।

ਸਤਿਗੁਰੂ ਨੇ ਤਾਂ ਅਕਾਲ-ਪੁਰਖ ਨੂੰ ਆਪ ਵੀ ਗੁਣਾਂ ਰੂਪੀ ਮਾਣਕ, ਲਾਲ, ਹੀਰੇ ਅਤੇ ਮੋਤੀਆਂ ਨਾਲ ਭਰਪੂਰ ਹਰਿਮੰਦਰ ਆਖਿਆ ਹੈ:

"ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥ ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥ ਬਿਨੁ ਪਉੜੀ ਗੜਿ ਕਿਉ ਚੜਉ, ਗੁਰ ਹਰਿ ਧਿਆਨ ਨਿਹਾਲ ॥2॥" { ਸਿਰੀ ਰਾਗੁ ਮਹਲਾ ੧, ਪੰਨਾ ੧੭}

ਹਰੀ-ਪਰਮਾਤਮਾ (ਮਾਨੋ) ਇਕ ਸੋਹਣਾ ਮੰਦਰ ਹੈ ਜਿਸ ਵਿਚ ਮਾਣਕ ਲਾਲ ਮੋਤੀ ਤੇ ਚਮਕਦੇ ਹੀਰੇ ਹਨ (ਜਿਸ ਦੇ ਦੁਆਲੇ) ਸੋਨੇ ਦੇ ਸੁੰਦਰ ਕਿਲ੍ਹੇ ਹਨ । ਪਰ ਉਸ (ਮੰਦਰ-) ਕਿਲ੍ਹੇ ਉੱਤੇ ਪਉੜੀ ਤੋਂ ਬਿਨਾ ਚੜ੍ਹਿਆ ਨਹੀਂ ਜਾ ਸਕਦਾ । (ਹਾਂ,) ਜੇ ਗੁਰੂ-ਚਰਨਾਂ ਦਾ ਧਿਆਨ ਧਰਿਆ ਜਾਏ, ਜੇ ਪ੍ਰਭੂ-ਚਰਨਾਂ ਦਾ ਧਿਆਨ ਧਰਿਆ ਜਾਏ, ਤਾਂ ਦਰਸਨ ਹੋ ਜਾਂਦਾ ਹੈ ।2।

ਉਪਰੋਕਤ ਪ੍ਰਮਾਣਾਂ ਤੋਂ ਗੱਲ ਬੜੀ ਸਪੱਸ਼ਟ ਹੈ ਕਿ ਗੁਰਬਾਣੀ ਵਿੱਚ ਹਰਿਮੰਦਰ ਸ਼ਬਦ ਮਨੁੱਖਾ ਸਰੀਰ ਵਾਸਤੇ ਵਰਤਿਆ ਗਿਆ ਹੈ।

ਹਿੰਦੂ ਮੱਤ ਵਿੱਚ ਕਿਉਂਕਿ ਪੂਜਾ ਦਾ ਵਿਧਾਨ ਹੈ, ਉਹ ਮੰਦਰ ਸ਼ਬਦ ਆਪਣੇ ਪੂਜਾ ਦੇ ਸਥਾਨ ਵਾਸਤੇ ਵਰਤਦੇ ਹਨ। ਹਿੰਦੂ ਮੱਤ ਵਿੱਚ ਇਕ ਅਕਾਲ-ਪੁਰਖ ਨਹੀਂ ਬਲਕਿ ਕਈ ਦੇਵੀ, ਦੇਵਤਿਆਂ, ਅਵਤਾਰਾਂ ਦੀ ਪੂਜਾ ਕੀਤੀ ਜਾਂਦੀ ਹੈ, ਇਸ ਵਾਸਤੇ ਉਹ ਜਿਸ ਦੇਵੀ, ਦੇਵਤੇ ਜਾਂ ਅਵਤਾਰ ਦੀ ਪੂਜਾ ਲਈ ਮੰਦਰ ਬਣਾਉਂਦੇ ਹਨ, ਜਿਸ ਦੀਆਂ ਮੂਰਤੀਆਂ ਉਸ ਮੰਦਰ ਵਿੱਚ ਲਾਉਂਦੇ ਹਨ, ਉਸ ਦਾ ਨਾਂ ਮੰਦਰ ਸ਼ਬਦ ਨਾਲ ਜੋੜ ਲੈਂਦੇ ਹਨ, ਜਿਵੇਂ ਸ਼ਿਵ ਮੰਦਰ, ਰਾਮ ਮੰਦਰ, ਹਨੂਮਾਨ ਮੰਦਰ ਆਦਿ ਆਦਿ।

ਸਿੱਖ ਕੌਮ ਦਾ ਧਾਰਮਕ ਅਸਥਾਨ ਗੁਰਦੁਆਰਾ ਹੈ। ਪਹਿਲਾਂ ਇਹ ਸਮਝ ਲਈਏ ਕਿ ਗੁਰਦੁਆਰੇ ਦਾ ਵਿਕਾਸ ਕਿਵੇਂ ਹੋਇਆ। ਗੁਰੂ ਨਾਨਕ ਪਾਤਿਸ਼ਾਹ ਆਪਣੇ ਪ੍ਰਚਾਰ ਦੌਰਿਆਂ, ਜਿਨ੍ਹਾਂ ਨੂੰ ਅਸੀਂ ਉਦਾਸੀਆਂ ਕਹਿਕੇ ਯਾਦ ਕਰਦੇ ਹਾਂ, ਦੌਰਾਨ ਜਿਥੇ ਜਿਥੇ ਗਏ, ਉਥੇ ਉਨ੍ਹਾਂ ਸੰਗਤਾਂ ਕਾਇਮ ਕੀਤੀਆਂ ਜਿਥੇ ਨੇਮ ਨਾਲ ਸੰਗਤਾਂ ਜੁੜਦੀਆਂ। ਜਿਥੇ ਗੁਰੂ ਨਾਨਕ ਪਾਤਿਸ਼ਾਹ ਦੇ ਇਲਾਹੀ ਗਿਆਨ ਦੀ ਰੌਸ਼ਨੀ ਵਿਚ ਸਫਲ ਜੀਵਨ ਅਤੇ ਅਕਾਲ ਪੁਰਖ ਦੇ ਗੁਣਾਂ ਦੀ ਵਿਚਾਰ ਹੁੰਦੀ। ਅਜ ਵੀ ਕਈ ਜਗ੍ਹਾ ਤੇ ਸੰਗਤ ਦੇ ਨਾਂ ਤੇ ਗੁਰਦੁਆਰੇ ਵੇਖੇ ਜਾ ਸਕਦੇ ਹਨ। ਸਮਾਂ ਪਾਕੇ ਇਨ੍ਹਾਂ ਸੰਗਤਾਂ ਦਾ ਨਾਂ ਧਰਮਸਾਲ ਪੈ ਗਿਆ। ਸਾਲ ਵਿਦਿਅਕ ਕੇਂਦਰ ਨੂੰ ਕਹਿੰਦੇ ਹਨ, ਧਰਮਸਾਲ ਭਾਵ ਧਰਮ ਦਾ ਸਕੂਲ, ਜਿਥੇ ਧਰਮ ਪੜ੍ਹਾਇਆ ਜਾਂਦਾ ਹੈ। ਨਾਂ ਬਦਲ ਗਿਆ, ਪਰ ਕੰਮ ਨਹੀਂ ਬਦਲਿਆ। ਮਕਸਦ ਉਹੋ ਰਿਹਾ ਜੋ ਸੰਗਤ ਦਾ ਸੀ। ਹਾਂ ਦਾਇਰਾ ਪਹਿਲਾਂ ਨਾਲੋਂ ਕੁਝ ਮੋਕਲਾ ਹੋ ਗਿਆ। ਹੁਣ ਇਥੇ ਨਾਲ ਹੀ ਪੰਗਤ ਵੀ ਕਾਇਮ ਹੋ ਗਈ। ਲੋੜਵੰਦ ਨੂੰ ਲੰਗਰ ਅਤੇ ਰਹਿਣ ਨੂੰ ਠਾਹਰ ਵੀ ਪ੍ਰਾਪਤ ਹੋਣ ਲਗ ਗਈ। ਜਦੋਂ ਇਨ੍ਹਾਂ ਧਰਮਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ, ਇਸ ਦਾ ਨਾਂ ਗੁਰਦੁਆਰਾ ਬਣ ਗਿਆ। ਅਸਲ ਮਕਸਦ ਫੇਰ ਵੀ ਨਹੀ ਬਦਲਿਆ ਹਾਂ ਦਾਇਰਾ ਹੋਰ ਫੈਲ ਗਿਆ, ਹੁਣ ਇਹ ਸਿੱਖ ਦੇ ਸਮਾਜਕ ਜੀਵਨ ਦਾ ਕੇਂਦਰ ਵੀ ਬਣ ਗਿਆ। ਸੋ ਗੁਰਦੁਆਰੇ ਦਾ ਅਸਲੀ ਮਕਸਦ ਗੁਰਮਤਿ ਦਾ ਪ੍ਰਚਾਰ ਕਰਨਾ ਹੈ। ਇਹ ਕਿਸੇ ਤਰ੍ਹਾਂ ਵੀ ਪੂਜਾ ਦਾ ਸਥਾਨ ਨਹੀਂ। ਸਿੱਖ ਨੇ ਗੁਰਦੁਆਰੇ ਗੁਰੂ ਦਾ ਗਿਆਨ ਪ੍ਰਾਪਤ ਕਰਨ ਲਈ ਜਾਣਾ ਹੈ, ਨਾ ਕਿ ਪੂਜਾ ਕਰਨ ਲਈ। ਇਹ ਅਲੱਗ ਗੱਲ ਹੈ ਕਿ ਸਿੱਖੀ ਸਿਧਾਂਤਾਂ ਤੋਂ ਅਨਜਾਣ ਬਹੁਤੇ ਸਿੱਖ ਅਜ ਗੁਰਦੁਆਰੇ ਪੂਜਾ ਕਰਨ ਹੀ ਜਾਂਦੇ ਹਨ।

ਇਕ ਹੋਰ ਵੱਡੀ ਬਦਕਿਸਮਤੀ ਦੀ ਗੱਲ ਇਹ ਹੈ ਕਿ ਵਿਸ਼ਵ ਪਧਰ ਤੇ ਅਸੀਂ ਆਪਣੇ ਗੁਰਦੁਆਰੇ ਨੂੰ ਅਜ ਤੱਕ ਮਾਨਤਾ ਨਹੀਂ ਦੁਆ ਸਕੇ। ਕੁਝ ਸਮਾਂ ਪਹਿਲੇ ਮੈਂ ਸਿੰਗਾਪੁਰ ਗਿਆ ਹੋਇਆ ਸੀ। ਸੁਭਾਵਕ ਹੀ ਮਨ ਕੀਤਾ ਕਿ ਗੁਰਦੁਆਰੇ ਦਰਸ਼ਨ ਕੀਤੇ ਜਾਣ। ਹੋਟਲ ਤੋਂ ਬਾਹਰ ਨਿਕਲ ਕੇ ਇਕ ਟੈਕਸੀ ਵਾਲੇ ਨੂੰ ਆਖਿਆ, I want to go to gurdwara (ਮੈਂ ਗੁਰਦੁਆਰੇ ਜਾਣਾ ਚਾਹੁੰਦਾ ਹਾਂ)। ਉਹ ਅਗੋਂ ਕਹਿਣ ਲੱਗਾ, what

gurdwara (ਗੁਰਦੁਆਰਾ ਕੀ ਹੁੰਦਾ ਹੈ?) ਮੈਂ ਦੋ ਤਿੰਨ ਟੈਕਸੀਆਂ ਵਾਲਿਆਂ ਨਾਲ ਗੱਲ ਕੀਤੀ, ਪਰ ਕੋਈ ਸਮਝ ਨਾ ਸਕਿਆ। ਇਤਨੇ ਨੂੰ ਉਥੇ ਇਕ ਪੰਜਾਬੀ ਸੱਜਣ ਨਜ਼ਰ ਆ ਗਿਆ। ਮੈਂ ਉਸਨੂੰ ਦੱਸਿਆ, ਕਿ ਮੈਂ ਗੁਰਦੁਆਰੇ ਜਾਣਾ ਹੈ ਪਰ ਕੋਈ ਟੈਕਸੀ ਵਾਲਾ ਸਮਝ ਨਹੀਂ ਪਾ ਰਿਹਾ। ਉਸਨੇ ਇਕ ਟੈਕਸੀ ਵਾਲੇ ਨੂੰ ਆਖਿਆ, Take him to Sikh temple (ਇਸ ਨੂੰ ਸਿੱਖ ਮੰਦਰ ਲੈ ਜਾਓ)। ਉਹ ਝੱਟ ਬੋਲਿਆ, Please come (ਆਓ ਜੀ ਬੈਠੋ)। ਦਿੱਲ ਤੜਫ ਉਠਿਆ। ਮੁਸਲਮਾਨਾਂ ਦੀ ਮਸਜਿਦ ਤਾਂ ਮੋਸਕਿਊ ਹੈ, ਮੁਸਲਿਮ ਮੰਦਰ ਨਹੀਂ। ਇਸਾਈਆਂ ਦਾ ਗਿਰਜਾ, ਚਰਚ ਹੈ, ਇਸਾਈ ਮੰਦਰ ਨਹੀਂ। ਪਰ ਸਾਡਾ ਗੁਰਦੁਆਰਾ ਸਿੱਖ ਟੈਂਪਲ ਹੈ। ਅਸੀਂ ਸਾਰੀ ਦੁਨੀਆਂ ਵਿੱਚ ਫੈਲ ਗਏ, ਪਰ ਆਪਣੇ ਗੁਰਦੁਆਰੇ ਨੂੰ ਗੁਰਦੁਆਰਾ ਨਹੀਂ ਬਣਾ ਸਕੇ। ਇਹ ਸਮੱਸਿਆ ਕਿਸੇ ਇਕ ਦੇਸ਼ ਦੀ ਨਹੀਂ, ਕਈ ਮੁਲਕਾਂ ਵਿੱਚ ਇੰਜ ਹੀ ਵਾਪਰਿਆ ਹੈ।

ਕਸੂਰਵਾਰ ਕੋਈ ਬਾਹਰਲਾ ਨਹੀਂ, ਅਸੀਂ ਆਪ ਹੀ ਹਾਂ। ਅਸੀਂ ਆਪ ਹੀ ਆਪਣੇ ਸਭ ਤੋਂ ਵੱਧ ਮਾਨਤਾ ਪ੍ਰਾਪਤ ਅਧਿਆਤਮਕ ਕੇਂਦਰ ਨੂੰ, ਸੋਨੇ ਨਾਲ ਸ਼ਿੰਗਾਰ ਕੇ, ਪਦਾਰਥਵਾਦੀ ਗੋਲਡਨ ਟੈਂਪਲ ਬਣਾ ਦਿੱਤਾ। ਕਦੇ ਕਿਸੇ ਦੀ ਸੋਧ ਤਾਂ ਕੀ ਕਰਨੀ ਸੀ? ਆਪ ਹੀ ਬੜੀ ਸ਼ਾਨ ਨਾਲ ਦੁਨੀਆਂ ਨੂੰ ਦਸਦੇ ਹਾਂ, This is Golden Temple (ਇਹ ਸਵਰਨ ਮੰਦਰ ਹੈ)।

ਭਾਰਤ ਦੇ ਬਹੁਗਿਣਤੀ ਲੋਕ ਪ੍ਰਮੇਸ਼ਰ ਨੂੰ ਪੱਥਰ ਦੀਆਂ ਮੂਰਤਾਂ ਅਤੇ ਇੱਟਾਂ-ਗਾਰੇ ਦੇ ਬਣੇ ਮੰਦਰਾਂ ਵਿੱਚ ਲੱਭ ਰਹੇ ਸਨ। ਹਾਲਾਂਕਿ ਮੁਸਲਮਾਨ ਇਕ ਖੁਦਾ ਵਿੱਚ ਵਿਸ਼ਵਾਸ ਰਖਦੇ ਹਨ, ਪਰ ਉਹ ਵੀ ਕਬਰਾਂ ਪੂਜਣ ਅਤੇ ਖ਼ੁਦਾ ਨੂੰ ਕੇਵਲ ਮਸੀਤ ਵਿੱਚ ਲੱਭਣ ਲੱਗ ਪਏ। ਇਹ ਮਨੁੱਖੀ ਸਮਾਜ ਦਾ ਇਕ ਬਹੁਤ ਵੱਡਾ ਇਨਕਲਾਬ ਸੀ, ਜਦੋਂ ਗੁਰੂ ਨਾਨਕ ਪਾਤਿਸ਼ਾਹ ਨੇ ਪੱਥਰਾਂ, ਮੜ੍ਹੀਆਂ ਅਤੇ ਇੱਟਾਂ-ਗਾਰੇ ਦੀਆਂ ਇਮਾਰਤਾਂ ਵਿੱਚੋਂ ਅਕਾਲ-ਪੁਰਖ ਨੂੰ ਲੱਭਣ ਵਾਲੇ ਮਨੁੱਖ ਨੂੰ ਆਪਣੇ ਹਰਿਮੰਦਰ ਸਰੀਰ ਨੂੰ ਪਛਾਨਣ ਲਈ ਹੋਕਾ ਦਿੱਤਾ। ਸਤਿਗੁਰੂ ਨੇ ਬਾਹਰ ਭਟਕਣ ਦੀ ਬਜਾਏ ਆਪਣੇ ਇਸ ਸਰੀਰ ਹਰਿਮੰਦਰ ਵਿੱਚ ਹੀ ਅਕਾਲ-ਪੁਰਖ ਨਾਲ ਮਿਲਾਪ ਕਰਨ ਦੀ ਜਾਚ ਦੱਸੀ। ਸਤਿਗੁਰੂ ਦਾ ਫੁਰਮਾਨ ਹੈ:

"ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥4॥5॥"

(ਮਹਲਾ ੧ ਮਲਾਰ, ਪੰਨਾ ੧੨੫੬)

ਇਹ ਮਨੁੱਖਾ ਸਰੀਰ ਪਰਮਾਤਮਾ ਦਾ ਮਹਲ ਹੈ ਪਰਮਾਤਮਾ ਦਾ ਮੰਦਰ ਹੈ ਪਰਮਾਤਮਾ ਦਾ ਘਰ ਹੈ, ਬੇਅੰਤ ਪਰਮਾਤਮਾ ਨੇ ਇਸ ਵਿਚ ਆਪਣੀ ਜੋਤਿ ਟਿਕਾ ਰੱਖੀ ਹੈ । (ਜੀਵ ਆਪਣੇ ਹਿਰਦੇ-ਮਹਲ ਵਿਚ ਵੱਸਦੇ ਪ੍ਰਭੂ ਨੂੰ ਛੱਡ ਕੇ ਬਾਹਰ ਭਟਕਦਾ ਫਿਰਦਾ ਹੈ) ਹੇ ਨਾਨਕ ! (ਬਾਹਰ ਭਟਕਦਾ ਜੀਵ) ਗੁਰੂ ਦੀ ਰਾਹੀਂ ਹੀ ਹਿਰਦੇ-ਮਹਲ ਵਿਚ ਮੋੜ ਕੇ ਲਿਆਂਦਾ ਜਾ ਸਕਦਾ ਹੈ, ਤੇ ਤਦੋਂ ਮੇਲਣ ਦੇ ਸਮਰੱਥ ਪ੍ਰਭੂ ਉਸ ਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ ।4।5।

ਦਰਬਾਰ ਸਾਹਿਬ ਦੀ ਇਕ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਹ ਸਿੱਖੀ ਦਾ ਕੇਂਦਰ ਹੈ। ਇਸ ਤੋਂ ਵੱਧ ਕੇ ਇਹ ਪਹਿਲਾ ਗੁਰਧਾਮ ਹੈ, ਜਿਸਨੂੰ ਸਤਿਗੁਰੂ ਨੇ ਆਪ ਸਿੱਖੀ ਦੇ ਕੇਂਦਰ ਦੇ ਤੌਰ ਤੇ ਤਿਆਰ ਕਰਾਇਆ। ਇਹ ਉਹ ਪਵਿੱਤਰ ਸਥਾਨ ਹੈ ਜਿਥੇ

ਸਭ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਸਿੱਖ ਇਤਿਹਾਸ ਵਿੱਚ ਤਾਂ ਇਸ ਦਾ ਵਿਸ਼ੇਸ਼ ਸਥਾਨ ਹੈ ਹੀ, ਸਿੱਖ ਮਾਨਸਿਕਤਾ ਵਿੱਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਦਰਬਾਰ ਸਾਹਿਬ ਦਾ ਆਪਣਾ ਹੀ ਨਿਵੇਕਲਾ ਅਧਿਆਤਮਕ ਦਰਜਾ ਹੈ। ਲੇਕਿਨ ਇਹ ਹਰਿਮੰਦਰ ਨਹੀਂ, 'ਦਰਬਾਰ ਸਾਹਿਬ' ਹੈ। ਜਿਥੇ ਸਾਡੇ ਸਤਿਗੁਰੂ ਦਾ ਦਰਬਾਰ ਲਗਦਾ ਹੈ। ਦਰਬਾਰ ਸ਼ਬਦ ਰਾਜ ਸਤਾ ਦਾ ਪ੍ਰਤੀਕ ਹੈ, ਦਰਬਾਰ ਵੱਡੇ-ਵੱਡੇ ਪਾਤਸ਼ਾਹਾਂ ਦੇ ਲਗਦੇ ਹਨ। ਸਾਡੇ ਗੁਰੂ ਸਾਹਿਬਾਨ ਰਾਜ ਯੋਗੀ ਸਨ। ਆਪਣੇ ਜੀਵਨ ਕਾਲ ਵਿੱਚ ਸਾਰੇ ਗੁਰੂ ਸਾਹਿਬਾਨ ਨੂੰ ਪਾਤਿਸ਼ਾਹ, ਬਲਕਿ ਸੱਚਾ ਪਾਤਿਸ਼ਾਹ ਕਹਿ ਕੇ ਬੁਲਾਇਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਉਸੇ ਗੱਦੀ ਦੇ ਵਾਰਸ ਅਤੇ ਉਸੇ ਤੇ ਸੁਭਾਏਮਾਨ ਹਨ। ਫਿਰ ਇਹ ਤਾਂ ਉਹ ਸਥਾਨ ਹੈ ਜਿਥੇ ਪਹਿਲੇ ਦਿਨ ਤੋਂ ਹੀ ਗੁਰੂ ਗ੍ਰੰਥਸਾਹਿਬ ਦਾ ਦਰਬਾਰ ਸਜਿਆ ਹੈ। ਲੇਕਿਨ ਇਹ ਅਤਿ ਬਦਕਿਸਮਤੀ ਦੀ ਗੱਲ ਹੈ ਕਿ ਅਜ ਅਸੀਂ ਗੁਰੂ ਨਾਨਕ ਦੇ ਸਿੱਖ ਹੀ ਇੱਟਾਂ ਪੱਥਰ ਦੀ ਇਮਾਰਤ ਨੂੰ ਅਕਾਲ-ਪੁਰਖ ਦਾ ਘਰ ਦਸ ਰਹੇ ਹਾਂ ਅਤੇ ਇਸੇ ਬਹਾਨੇ ਇਸ ਦਾ ਨਾਂ ਬਦਲੀ ਜਾ ਰਹੇ ਹਾਂ।

ਸ਼ਾਇਦ ਇਹ ਜਾਪੇ ਕਿ ਕਿੰਨੀ ਕੁ ਵੱਡੀ ਗੱਲ ਹੈ, ਜਸਨੂੰ ਮੈਂ ਇਤਨਾ ਖਿੱਚ ਰਿਹ ਹਾਂ। ਨਾਂ ਵਿੱਚ ਕੀ ਪਿਆ ਹੈ, ਕੀ ਫਰਕ ਪੈਂਦਾ ਹੈ? ਸਾਨੂੰ ਇਹ ਸਮਝਣਾ ਪਵੇਗਾ ਕਿ ਜਿਸ ਮਹੌਲ ਅਤੇ ਦੇਸ਼ ਵਿੱਚ ਅਸੀਂ ਰਹਿ ਰਹੇ ਹਾਂ, ਉਸ ਦੇ ਬਹੁਗਿਣਤੀ ਫਿਰਕੇ ਵਿੱਚੋਂ ਕੁਝ ਕੱਟੜਵਾਦੀ ਹਿੰਦੂਤੱਵੀ ਤਾਕਤਾਂ, ਦੂਸਰੀਆਂ ਕੌਮਾਂ ਦੇ ਧਰਮ ਸਥਾਨਾਂ ਬਾਰੇ ਭਰਮਭੁਲੇਖੇ ਖੜੇ ਕਰਕੇ, ਉਨ੍ਹਾਂ ਦੇ ਸਿਧਾਂਤਕ ਰੂਪ ਬਦਲਣ, ਉਨ੍ਹਾਂ ਉਤੇ ਕਾਬਜ਼ ਹੋਣ, ਇਥੋਂ ਤੱਕ ਕਿ ਉਨ੍ਹਾਂ ਨੂੰ ਮਲੀਆਮੇਟ ਕਰਨ ਦੀਆਂ ਵਿਓਂਤਾਂ ਗੁੰਦ ਰਹੀਆਂ ਹਨ। ਭਾਰਤ ਦੀਆਂ ਸਮੇਂ ਦੀਆਂ ਸਰਕਾਰਾਂ, ਭਾਵੇਂ ਉਹ ਕਿਸੇ ਰਾਜਨੀਤਕ ਧੜੇ ਦੀਆਂ ਹੋਣ, ਲੋਕਾਂ ਨੂੰ ਧੋਖਾ ਦੇਣ ਲਈ, ਉਲਟੇ ਬਿਆਨ ਦੇਣ, ਰੋਜ਼ ਨਵੇਂ ਕਮਿਸ਼ਨ ਬਨਾਉਣ ਅਤੇ ਕਦੇ ਨਾ-ਮੁੱਕਣ ਵਾਲੀਆਂ ਅਦਾਲਤੀ ਕਾਰਵਾਈਆਂ ਚਲਾਉਣ ਦੇ ਬਾਵਜੂਦ, ਇਨ੍ਹਾਂ ਨਾਲ ਸਾਜਸ਼ੀ ਤੌਰ ਤੇ ਸਪੱਸ਼ਟ ਸ਼ਾਮਲ ਨਜ਼ਰ ਆਉਂਦੀਆਂ ਹਨ। ਜੂਨ 1984 ਦਾ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ 36 ਹੋਰ ਗੁਰਧਾਮਾਂ ਤੇ ਭਾਰਤੀ ਫੌਜ ਦਾ ਹਮਲਾ ਸਿੱਖ ਕੌਮ ਨੇ ਆਪ ਹੰਡਾਇਆ ਹੈ। 6 ਦਸੰਬਰ 1992 ਨੂੰ ਬਾਬਰੀ ਮਸਜਿਦ ਦੇ ਢਾਏ ਜਾਣ ਤੋਂ ਵੱਡਾ ਪ੍ਰਮਾਣ ਹੋਰ ਕਿਹੜਾ ਚਾਹੀਦਾ ਹੈ? ਇਹ ਕਾਰਜ ਸਿਰੇ 1992 ਵਿੱਚ ਚਾੜ੍ਹਿਆ ਗਿਆ, ਪਰ ਇਹ ਪਾਪ ਦੇ ਬੀਜ 22 ਦਸੰਬਰ 1949 ਨੂੰ ਬੀਜ ਦਿੱਤੇ ਗਏ ਸਨ, ਜਦੋਂ ਇਕ ਵੱਡੀ ਸਾਜਸ਼ ਅਧੀਨ, ਉਸ ਰਾਤ ਚੋਰੀ ਛੁਪੇ, ਇਸ ਦੀ ਇਕ ਨੁੱਕਰ ਵਿੱਚ ਰਾਮ ਅਤੇ ਸੀਤਾ ਦੀਆਂ ਮੂਰਤੀਆਂ ਟਿਕਾ ਦਿਤੀਆਂ ਗਈਆਂ ਸਨ। ਦੁਨੀਆਂ ਦਾ ਕੋਈ ਇਤਿਹਾਸ ਇਸ ਤੋਂ ਪਹਿਲਾਂ, ਇਥੇ ਕੋਈ ਮੰਦਿਰ ਹੋਣ ਦਾ ਪ੍ਰਮਾਣ ਪੇਸ਼ ਨਹੀਂ ਕਰਦਾ। ਇਥੇ ਇਹ ਵੀ ਦਸਣਾ ਯੋਗ ਹੋਵੇਗਾ ਕਿ ਇਹ ਮਸਜਿਦ ਸੋਹਲਵੀਂ ਸਦੀ ਦੀ ਬਣੀ ਹੋਈ ਸੀ।

'ਗੁਰ ਬਿਲਾਸ ਪਾਤਸ਼ਾਹੀ 6' ਵਰਗੀ ਜ਼ਹਰੀਲੀ ਕਿਤਾਬ ਪੰਥ ਦੇ ਵਿਹੜੇ ਵਿੱਚ ਸੁਟ ਕੇ, ਸਿੱਖ ਕੌਮ ਅੰਦਰ ਉਹ ਪਾਪ ਦੇ ਬੀਜ ਤਾਂ ਪਹਿਲੋਂ ਹੀ ਬੀਜ ਚੁਕੇ ਹਨ। ਆਓ ਇਸ ਕਿਤਾਬ ਵਿੱਚੋਂ ਕੁਝ ਪੰਕਤੀਆਂ ਤੇ ਨਜ਼ਰ ਮਾਰੀਏ, ਜੋ ਗੱਲ ਨੂੰ ਬਿਲਕੁਲ ਸਪੱਸ਼ਟ ਕਰ ਦੇਣਗੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਲੋਂ ਜੂਨ 1998 ਵਿੱਚ ਛਾਪੀ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ, ਮੁੱਖ ਸੇਵਦਾਰ ਜੋਗਿੰਦਰ ਸਿੰਘ ਵੇਦਾਂਤੀ ਜੀ ਵਲੋਂ ਸੰਪਾਦਿਤ ਇਸ ਕਿਤਾਬ ਦੇ ਪੰਨਾ 122 ਦੇ 31ਵੇ, 32ਵੇਂ, 33 ਵੇਂ ਅਤੇ 34ਵੇਂ ਬੰਦ ਵਿੱਚ ਇੰਞ ਲਿਖਿਆ ਹੈ:

ਦੋਹਰਾ॥

ਕਾਰ ਕਢਾਵਤ ਭਏ ਥੇ ਕਛੁਕ ਦਿਵਸ ਤਿਹ ਵਾਰ । ਮਹਾ ਬਿਸਨੁ ਭਗਵੰਤ ਜੋ ਮਨ ਮੈ ਕੀਨ ਵਿਚਾਰੁ ॥31॥ ਮਹਾ ਮਾਏ ਜੋ ਲੱਛਮੀ ਤਾ ਸੋਂ ਕਹਾ ਸੁਨਾਇ । ਰਾਮਦਾਸ ਗੁਰ ਰੂਪ ਮਮ ਯਾ ਮੈ ਭੇਦ ਨ ਪਾਇ ॥32॥

ਭਾਵ: ਜਦੋਂ ਸਰੋਵਰ ਵਿੱਚੋਂ ਕਾਰ ਕਢਾਉਂਦਿਆਂ ਕੁਝ ਦਿਨ ਬੀਤ ਗਏ, ਇਕ ਦਿਨ ਵਿਸ਼ਨੂੰ ਭਗਵਾਨ ਨੇ ਮਨ ਵਿੱਚ ਵਿਚਾਰ ਕੀਤਾ। ਉਸ ਨੇ(ਆਪਣੀ ਪਤਨੀ) ਮਹਾਂ ਮਾਤਾ ਲੱਛਮੀ ਨੂੰ ਕਿਹਾ, ਰਾਮਦਾਸ ਗੁਰੂ ਮੇਰਾ ਹੀ ਰੂਪ ਹੈ, ਇਸ ਵਿੱਚ ਕੋਈ ਭੇਦ ਨਾ ਸਮਝੋ।

ਚੌਪਈ॥ ਤਿਹ ਸੁਤ ਗੁਰ ਅਰਜਨ ਸੁਖਕਾਰੀ । ਮਮ ਸਰੂਪ ਸੋ ਪ੍ਰਗਟ ਨਿਹਾਰੀ । ਬਨਾਵਨ ਮਮ ਮੰਦਰੁ ਹੈ ਲਾਗਾ। ਸੁਧਾ ਸਰੋਵਰ ਰਚਿ ਵੱਡਭਾਗਾ॥33॥ ਚਲੋ ਤਹਾਂ ਹਮ ਜਾਇ ਨਿਹਾਰੇ । ਕੈਸੇ ਕਰ ਹੈਂ ਪਰਉਪਕਾਰੇ। ਲਛਮੀ ਯੁਤ ਆਏ ਭਗਵੰਤਾ। ਗਾਵਤ ਜਸੁ ਜਿਹ ਬੇਦ ਅਨੰਤਾ ॥34॥

ਭਾਵ: ਉਸ ਦਾ ਪੁੱਤਰ, ਸੁੱਖਾਂ ਦਾ ਖਜਾਨਾ, ਜੋ ਅਰਜਨ ਹੈ, ਉਸ ਵਿੱਚੋਂ ਮੇਰੇ ਹੀ ਸਾਕਸ਼ਾਤ ਦਰਸ਼ਨ ਹੁੰਦੇ ਹਨ । ਉਹ ਮੇਰਾ ਮੰਦਰ ਬਨਾਉਣ ਲੱਗਾ ਹੈ ਅਤੇ ਉਥੇ ਬਹੁਤ ਵੱਡਾ ਸਰੋਵਰ ਰੱਚ(ਬਣਾ) ਰਿਹਾ ਹੈ। ਚਲੋ ਅਸੀਂ ਚੱਲ ਕੇ ਉਥੇ ਵੇਖੀਏ, ਕੈਸਾ ਵੱਡਾ ਪਰਉਪਕਾਰ ਉਹ ਕਰ ਰਿਹਾ ਹੈ। ਜਿਸ (ਵਿਸ਼ਨੂੰ) ਭਗਵਾਨ ਦੀ ਅਨੰਤ ਮਹਿਮਾ ਵੇਦ ਗਾਉਂਦੇ ਹਨ, ਉਹ(ਆਪਣੀ ਪਤਨੀ) ਦੇਵੀ ਲੱਛਮੀ ਸਮੇਤ ਉਥੇ ਆ ਗਏ।

ਹਿੰਦੂ ਮੱਤ ਵਿੱਚ ਇਸੇ ਵਿਸ਼ਨੂੰ ਭਗਵਾਨ ਨੂੰ ਹੀ 'ਹਰਿ/ਹਰੀ ' ਕਿਹਾ ਜਾਂਦਾ ਹੈ। ਪੰਨਾ 123-24 ਤੇ 43ਵੇਂ,44ਵੇਂ ਅਤੇ 45ਵੇਂ ਬੰਦ ਵਿੱਚ ਇਸ ਚਾਤਰ ਲਿਖਾਰੀ ਨੇ ਆਪਣੀ ਨੀਅਤ ਸਪੱਸ਼ਟ ਕਰ ਦਿੱਤੀ ਹੈ ਕਿ ਵਿਸ਼ਨੂੰ ਭਗਵਾਨ ਨੇ ਆਪਣਾ ਇਹ ਹਰਿਮੰਦਰ ਬਨਾਉਣ ਦੀ ਜਾਚ ਗੁਰੂ ਅਰਜਨ ਪਾਤਿਸ਼ਾਹ ਨੂੰ ਸਿਖਾਈ:

ਸ੍ਰੀ ਯੁਤ ਚਤੁਰ ਭੁਜਾ ਬਪੁ ਪਾਯੋ । ਗੁਰ ਅਰਜਨ ਕੋ ਗਰ ਮੈਂ ਲਾਯੋ। ਜੁਗਤਿ ਸਭੀ ਭਗਵੰਤ ਸਿਖਾਈ । ਹਰਿਮੰਦਰ ਇਹ ਭਾਂਤਿ ਬਨਾਈ ॥43॥

ਭਾਵ: ਵਿਸ਼ਨੂੰ ਭਗਵਾਨ ਨੇ ਆਪਣੀਆਂ ਚਾਰੇ ਬਾਹਾਂ ਖੋਲ ਕੇ, ਗੁਰੂ ਅਰਜਨ ਨੂੰ ਗਲੇ ਲਾ ਲਿਆ। ਹਰਿਮੰਦਰ ਕਿਵੇਂ ਬਨਾਉਣਾ ਹੈ, ਇਸ ਦੀ ਸਾਰੀ ਜਾਚ ਵਿਸ਼ਨੂੰ ਭਗਵਾਨ ਨੇ ਆਪ ਗੁਰੂ ਅਰਜਨ ਨੂੰ ਸਿਖਾਈ।

ਦੋਹਰਾ॥ ਹਰਿਮੰਦਰ ਕੇ ਚਾਰਿ ਦਰ ਸੁੰਦਰ ਰਚੋ ਅਪਾਰ। ਤਲਾਵ ਮਧਿ ਮੰਦਰੁ ਰਚੋ ਕਰਹਿ ਪੁਲ ਸੁਖ ਧਾਰਿ ॥44॥

ਭਾਵ: ਭਗਵਾਨ ਵਿਸ਼ਨੂੰ ਨੇ ਗੁਰੂ ਅਰਜਨ ਨੂੰ ਕਿਹਾ, ਹਰਿਮੰਦਰ ਦੇ ਚਾਰ ਸੋਹਣੇ ਦਰਵਾਜੇ ਬਣਾਵੋ, ਸੁਖ ਨਾਲ ਪੁਲ ਬਣਾਕੇ, ਤਲਾ ਵਿੱਚ ਮੰਦਰ ਬਨਾਓ।

ਇਹ ਮੰਦਰੁ ਮਮ ਰੂਪ ਹੈ ਹਰਿਮੰਦਰ ਇਹ ਨਾਮੁ। ਰਿਧਿ ਸਿਧਿ ਇਹ ਠਾਂ ਰਹੈ ਨਿਸਿ ਦਿਨ ਆਠੋ ਜਾਮ॥45॥

ਇਹ ਮੰਦਰ ਮੇਰਾ ਰੂਪ ਹੈ ਅਤੇ ਇਸ ਦਾ ਨਾਂ ਹਰਿਮੰਦਰ ਹੈ। ਸਭ ਰਿੱਧੀਆਂ

ਸਿੱਧੀਆਂ ਦਿਨ ਰਾਤ ਅਤੇ ਅਠੋ ਪਹਿਰ ਇਥੇ ਹਾਜ਼ਰ ਰਹਿਣਗੀਆਂ।

ਵਾਹ ! ਅਗਯਾਤ ਲਿਖਾਰੀ ਨੇ ਕਿਆ ਸੁੰਦਰ ਅਤੇ ਭਾਵਨਾ ਭਰਪੂਰ ਸ਼ਬਦਾਂ ਨਾਲ ਦਰਬਾਰ ਸਾਹਿਬ ਨੂੰ ਵਿਸ਼ਨੂੰ ਦਾ ਮੰਦਰ ਬਣਾ ਦਿੱਤਾ ਹੈ। ਹੁਣ ਸਾਡੇ ਕਈ ਵਿਦਵਾਨ 'ਮਹਾ ਬਿਸਨੁ ਭਗਵੰਤ' ਸ਼ਬਦ ਦੇ ਅਰਥ ਬਦੋਬਦੀ ਅਕਾਲ-ਪੁਰਖ ਕਰਨ ਦੀ ਕੋਸ਼ਿਸ਼ ਕਰਦੇ ਹਨ, ਜਦਕਿ ਜੱਗ ਜਾਣਦਾ ਹੈ ਕਿ ਲੱਛਮੀ ਦੇਵੀ ਨਾਲ ਸਬੰਧਤ ਸ਼ਖਸੀਅਤ, ਉਸ ਦਾ ਪਤੀ ਹਿੰਦੂ ਕੌਮ ਦਾ ਵਿਸ਼ਨੂੰ ਭਗਵਾਨ ਹੈ, ਜੋ ਇਥੇ ਦਿੱਤੇ ਨਾਂ ਤੋਂ ਵੀ ਸਪੱਸ਼ਟ ਹੈ।

ਗੱਲ ਬੜੀ ਸਪੱਸ਼ਟ ਹੈ ਕਿ ਸਾਡੇ ਦਰਬਾਰ ਸਾਹਿਬ ਦਾ ਨਾਂ ਕਿਸੇ ਵੱਡੀ ਸਾਜਿਸ਼ ਤਹਿਤ ਬਦਲ ਕੇ ਹਰਿਮੰਦਰ ਕੀਤਾ ਜਾ ਰਿਹਾ ਹੈ। ਗੁਰਮਤਿ ਸਿਧਾਂਤਾਂ ਤੋਂ ਅਨਜਾਣ ਭੋਲੇ-ਭਾਲੇ ਸਿੱਖ ਇਹ ਸਮਝ ਰਹੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਹੀ ਹੋ ਰਿਹਾ ਹੈ ਅਤੇ ਇਸ ਵੱਡੀ ਖੇਡ ਨੂੰ ਸਮਝੇ ਬਗੈਰ ਹੀ ਇਹ ਨਾਂ ਰਟੀ ਜਾ ਰਹੇ ਹਨ। ਜਿਸ ਕਿਤਾਬ ਨੂੰ ਕੂੜ ਦਾ ਪੁਲੰਦਾ ਸਮਝ ਕੇ ਪੰਥ ਬਹੁਤ ਪਹਿਲੇ ਹੂੰਜ ਕੇ ਆਪਣੇ ਵਿਹੜੇ ਵਿੱਚੋਂ ਬਾਹਰ ਸੁੱਟ ਚੁੱਕਾ ਸੀ, ਜਿਨ੍ਹਾਂ ਨੇ ਇਸ ਝੂਠ ਅਤੇ ਪਾਪ ਦੀ ਸਾਜ਼ਸ਼ੀ ਕਿਤਾਬ ਨੂੰ, ਆਪ ਛਾਪਕੇ ਪੰਥ ਵਿੱਚ ਮੁੜ ਭੁਲੇਖੇ ਪਾਉਣ ਲਈ ਲਿਆ ਸਜਾਇਆ ਹੈ, ਉਹ ਤਾਂ ਸਪੱਸ਼ਟ ਰੂਪ ਵਿੱਚ ਇਸ ਸਾਜਿਸ਼ ਵਿੱਚ ਸ਼ਾਮਲ ਨਜ਼ਰ ਆਉਂਦੇ ਹਨ। ਉਹ ਬੋਰਡਾਂ ਤੋਂ ਦਰਬਾਰ ਸਾਹਿਬ ਹਟਾ ਕੇ ਹਰਿਮੰਦਰ ਲਿਖੀ ਜਾਣ ਯਾ ਪਰਚਾਰੀ ਜਾਣ ਤਾਂ ਕੀ ਹੈਰਾਨਗੀ ਹੈ ? ਪਰ ਸਿੱਖ ਸੰਗਤ ਨੂੰ ਪੂਰਨ ਸੁਚੇਤ ਹੋਣ ਦੀ ਲੋੜ ਹੈ। ਸਾਡਾ ਇਹ ਸਿੱਖੀ ਦਾ ਕੇਂਦਰ ਹਰਿਮੰਦਰ ਨਹੀਂ 'ਦਰਬਾਰ ਸਾਹਿਬ' ਹੈ। ਜਿਥੇ ਸਾਡੇ ਸਤਿਗੁਰੂ ਦਾ ਦਰਬਾਰ ਲਗਦਾ ਹੈ। ਜਿਥੇ ਹਜ਼ਾਰਾਂ ਸੰਗਤਾਂ ਰੋਜ਼ ਗੁਰੂ ਗ੍ਰੰਥ ਸਾਹਿਬ ਅੱਗੇ ਨਤ ਮਸਤਕ ਹੋ ਕੇ ਇਹ ਬੇਨਤੀ ਕਰਦੀਆਂ ਹਨ, ਸਤਿਗੁਰੂ ਮੇਰੀ ਮਤਿ ਮਲੀਨ ਹੈ, ਮਨਮਤਿ ਹੈ, ਇਹ ਮੈਂ ਆਪ ਦੇ ਚਰਨਾਂ ਵਿੱਚ ਭੇਟ ਕਰਦਾ ਹਾਂ, ਇਸ ਦੇ ਬਦਲੇ ਮੇਰੀ ਝੋਲੀ ਗੁਰਮਤਿ ਨਾਲ ਭਰ ਦਿਓ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥



ੴ ਸਤਿਗੁਰਪ੍ਰਸਾਦਿ॥

ਸਿੱਖਮੱਤ ਅਤੇ ਯੋਗਆਸਨ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਿਸ਼ਾਹ ਦੀ ਪਾਵਨ ਬਾਣੀ ਫੁਰਮਾਂਦੀ ਹੈ:

"ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥1॥"

{ਰਾਗੁ ਸੂਹੀ ਛੰਤ ਮਹਲਾ ੧, ਪੰਨਾ ੭੬੩}

ਭਾਵ ਜੋ ਜੀਵ-ਇਸਤ੍ਰੀ ਸਤਿਗੁਰੂ ਦੀ ਸਿੱਖਿਆ ਲੈ ਕੇ ਜੀਵਨ ਦੇ ਠੀਕ ਰਸਤੇ ਉਤੇ ਨਹੀਂ ਤੁਰਦੀ । ਅਤੇ ਅੰਜਾਨ ਪੁਣੇ ਵਿੱਚ ਹੀ ਆਪਣੇ ਜੀਵਨ ਦਾ ਅਨਮੋਲ ਸਮਾਂ ਗੁਆ ਦੇਂਦੀ ਹੈ, ਹੇ ਨਾਨਕ ! ਅਜੇਹੀ ਜੀਵ-ਇਸਤ੍ਰੀ ਨੇ ਤਾਂ ਬਾਲ-ਉਮਰੇ ਹੀ ਰੰਡੇਪਾ ਸਹੇੜ ਲਿਆ, ਤੇ ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾ ਉਸ ਦਾ ਹਿਰਦਾ-ਕਮਲ ਕੁਮਲਾਇਆ ਹੀ ਰਿਹਾ ।1।

ਅਜ ਅਜੇਹੀ ਹੀ ਹਾਲਤ ਸਾਡੀ ਬਹੁਤੇ ਗੁਰਸਿੱਖਾਂ ਦੀ ਹੈ। ਅਸੀਂ ਵੀ ਬਹੁਤੇ ਕਰਮ ਸਤਿਗੁਰੂ ਕੋਲੋਂ ਪੁੱਛੇ ਬਗੈਰ ਹੀ, ਕੇਵਲ ਭਾਵਨਾ ਦੇ ਵੇਗ ਵਿੱਚ ਵੱਗ ਕੇ ਕਰੀ ਜਾ ਰਹੇ ਹਾਂ। ਜਿਵੇਂ ਅੱਜਕਲ ਕੁਝ ਵਿਅਕਤੀਆਂ ਵਲੋਂ ਚੰਗੀ ਸਿਹਤ ਦੇ ਨਾਂਅ ਤੇ ਸਾਡੇ ਗੁਰਸਿੱਖਾਂ ਵਿੱਚ ਅਨਮਤੀ ਵਿਚਾਰਧਾਰਾ ਨਾਲ ਸਬੰਧਤ ਯੋਗਾ ਨੂੰ ਵਾੜਨ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਕੰਮ ਨੂੰ ਸੁਖੇਣ ਤਰੀਕੇ ਨਾਲ ਕਰਨ ਲਈ ਇਸ ਦੇ ਨਾਲ ਨਾਮ ਸਿਮਰਨ ਦਾ ਛਰਾਮਾ ਜੋੜ ਲਿਆ ਗਿਆ ਹੈ। ਕਿਉਂਕਿ ਸਿੱਖ ਕੌਮ ਵਿੱਚ ਗੁਰਮਤਿ ਅਨੁਸਾਰ ਨਾਮ ਸਿਮਰਨ ਬਾਰੇ ਸਪੱਸ਼ਟਤਾ ਨਹੀਂ ਅਤੇ ਸਭ ਕੁਝ ਕੇਵਲ ਬ੍ਰਾਹਮਣੀ ਪ੍ਰਭਾਵ ਵਿੱਚ ਅੰਧੀ ਭਾਵਨਾ ਅਨੁਸਾਰ ਹੀ ਕੀਤਾ ਜਾ ਰਿਹਾ ਹੈ, ਨਾਮ ਸਿਮਰਨ ਦੇ ਨਾਂ ਤੇ ਬਹੁਤੇ ਸਿੱਖ ਸੌਖੇ ਹੀ ਭੁਲੇਖੇ ਵਿੱਚ ਆ ਜਾਂਦੇ ਹਨ। ਹੋਰ ਤਾਂ ਹੋਰ ਨਾਮ ਸਿਮਰਨ ਦੇ ਨਾਂਅ ਤੇ ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕ ਸਾਹਿਬਾਨ ਵੀ ਭੁਲੇਖਾ ਖਾ ਜਾਂਦੇ ਹਨ ਅਤੇ ਇਨ੍ਹਾਂ ਲੋਕਾਂ ਦੀਆਂ ਲੂੰਮੜ ਚਾਲਾਂ ਨੂੰ ਸਮਝੇ ਬਗੈਰ ਇਨ੍ਹਾਂ ਨੂੰ ਆਪਣੇ ਪ੍ਰੋਗਰਾਮਾਂ ਲਈ ਗੁਰਦੁਆਰਾ ਸਾਹਿਬ ਦੀ ਵਰਤੋਂ ਦੀ ਆਗਿਆ ਦੇ ਦੇਂਦੇ ਹਨ, ਜਿਸ ਨਾਲ ਇਨ੍ਹਾਂ ਨੂੰ ਭੋਲੇਭਾਲੇ ਸਿੱਖਾਂ ਨੂੰ ਗੁਮਰਾਹ ਕਰਨਾ ਹੋਰ ਸੁਖੇਣ ਹੋ ਜਾਂਦਾ ਹੈ ।

ਜਪੁ ਜੀ ਸਾਹਿਬ ਦੀ ਬਾਣੀ ਅੰਦਰ ਹੀ ਗੁਰੂ ਨਾਨਕ ਸਹਿਬ ਨੇ 28 ਤੋਂ 31 ਤਕ ਚਾਰ ਪਉੜੀਆਂ ਜੋਗਮੱਤ ਦਾ ਖੰਡਨ ਕਰਨ ਲਈ ਉਚਾਰੀਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਬਾਰਬਾਰ ਜੋਗਮੱਤ ਅਤੇ ਇਸ ਦੇ ਸਿਧਾਂਤਾਂ ਦਾ ਖੰਡਨ ਕਰਦੀ ਹੈ:

"ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥"

{ ਸਿਰੀ ਰਾਗੁ ਮਹਲਾ ੩, ਪੰਨਾ ੬੭}

ਜੋਗੀ (ਹੋਣ) ਸੰਨਿਆਸੀ (ਹੋਣ, ਇਹ ਸਾਰੇ ਹੀ) ਛੇ ਭੇਖਾਂ ਦੇ ਸਾਧ ਗੁਰੂ ਦੀ ਸਰਨ ਤੋਂ ਬਿਨਾਂ ਮਾਇਆ ਦੀ ਭਟਕਣਾ ਵਿਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ । ਜਦੋਂ (ਇਹ) ਗੁਰੂ ਦੀ ਸਰਨ ਪੈਂਦੇ ਹਨ, ਤਦੋਂ ਪਰਮਾਤਮਾ ਦਾ ਨਾਮ ਆਪਣੇ ਮਨ ਵਿਚ ਵਸਾ ਕੇ ਉੱਚੀ ਆਤਮਕ ਅਵਸਥਾ ਤੇ (ਸਹੀ) ਜੀਵਨ-ਜੁਗਤਿ ਪ੍ਰਾਪਤ ਕਰਦੇ ਹਨ।

"ਜੋਗੀ ਜੰਗਮ ਸੰਨਿਆਸੀ ਭੂਲੇ ਵਿਣੁ ਗੁਰ ਤਤੁ ਨ ਪਾਇਆ ॥"

{ਸਲੋਕ ਮਃ ੩, ਪੰਨਾ ੯੫੨}

ਹੇ ਭਾਈ ! ਗੁਰੂ ਤੋਂ ਬਿਨਾ ਜੋਗੀ ਜੰਗਮ ਸੰਨਿਆਸੀ ਭੀ ਕੁਰਾਹੇ ਪਏ ਰਹੇ, ਉਹਨਾਂ ਨੇ ਭੀ ਅਸਲੀ ਵਸਤ ਨਾਹ ਲੱਭੀ ।

"ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥ ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥10॥"

{ਰਾਮਕਲੀ ਮਹਲਾ ੧, ਪੰਨਾ ੯੩੯}

ਮਨ ਵਿਚ ਸਤਿਗੁਰੂ ਦੇ ਸ਼ਬਦ ਨੂੰ ਇੱਕ-ਰਸ ਵਸਾਣਾ—ਇਹ (ਕੰਨਾਂ ਵਿਚ) ਮੁੰਦ੍ਰਾਂ (ਪਾਉਣੀਆਂ) ਹਨ, (ਜੋ ਮਨੁੱਖ ਗੁਰ-ਸ਼ਬਦ ਨੂੰ ਵਸਾਂਦਾ ਹੈ ਉਹ) ਆਪਣੀ ਹਉਮੈ ਅਤੇ ਮਮਤਾ ਨੂੰ ਦੂਰ ਕਰ ਲੈਂਦਾ ਹੈ; ਕਾਮ, ਕ੍ਰੋਧ ਅਤੇ ਅਹੰਕਾਰ ਨੂੰ ਮਿਟਾ ਲੈਂਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਉਸ ਨੂੰ ਸੋਹਣੀ ਸੂਝ ਪੈ ਜਾਂਦੀ ਹੈ । ਹੇ ਨਾਨਕ ! ਪ੍ਰਭੂ ਨੂੰ ਸਭ ਥਾਈਂ ਵਿਆਪਕ ਸਮਝਣਾ ਉਸ ਮਨੁੱਖ ਦੀ ਗੋਦੜੀ ਤੇ ਝੋਲੀ ਹੈ । ਸਤਿਗੁਰੂ ਦੇ ਸੱਚੇ ਸ਼ਬਦ ਦੀ ਰਾਹੀਂ ਉਹ ਮਨੁੱਖ ਇਹ ਨਿਰਣਾ ਕਰ ਲੈਂਦਾ ਹੈ ਕਿ ਇਕ ਪਰਮਾਤਮਾ ਹੀ (ਮਾਇਆ ਦੀ ਚੋਟ ਤੋਂ) ਬਚਾਂਦਾ ਹੈ ਜੋ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ ਤੇ ਜਿਸ ਦੀ ਵਡਿਆਈ ਭੀ ਸਦਾ ਟਿਕੀ ਰਹਿਣ ਵਾਲੀ ਹੈ ।10।

ਇਹ ਤਾਂ ਐਵੇਂ ਕਿਣਕਾ ਮਾਤਰ ਪ੍ਰਮਾਣ ਹਨ। ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਤਾਂ ਜੋਗ ਮਤਿ ਦੀ ਵਿਚਾਰ ਧਾਰਾ, ਕਿਰਿਆਵਾਂ ਅਤੇ ਇਸ ਭੇਖ ਦੇ, ਖੰਡਨ ਨਾਲ ਭਰਪੂਰ ਹੈ । ਕੁਝ ਭੁੱਲੜ ਵੀਰ, ਭੈਣਾਂ ਕਹਿਣਗੇ ਕਿ, ਜੀ ਅਸੀਂ ਤਾਂ ਕੇਵਲ ਯੋਗਆਸਣਾਂ ਦੁਆਰਾ ਕਸਰਤ ਕਰਦੇ ਹਾਂ। ਪਹਿਲਾਂ ਤਾਂ ਯੋਗਆਸਣ ਜੋਗਮੱਤ ਦੇ ਫਲਸਫੇ ਦਾ ਇਕ ਅੰਗ ਹਨ, ਅਤੇ ਇਨ੍ਹਾਂ ਨੂੰ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਉਂਜ ਵੀ ਸਾਰੀ ਗੁਰਬਾਣੀ ਅੰਦਰ ਇਨ੍ਹਾਂ ਕਸਰਤ ਰੂਪੀ ਯੋਗਆਸਣਾਂ ਅਤੇ ਪ੍ਰਾਣਾਯਾਮ ਆਦਿ ਨੂੰ ਵੀ ਸਪਸ਼ਟ ਸ਼ਬਦਾਂ ਵਿੱਚ ਰੱਦ ਕੀਤਾ ਗਿਆ ਹੈ। ਆਓ ਵੇਖੀਏ ਗੁਰਬਾਣੀ ਯੋਗਆਸਣਾਂ ਬਾਰੇ ਕੀ ਅਗਵਾਈ ਬਖਸ਼ਦੀ ਹੈ:

"ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥2॥"

{ਮਾਝ ਮਹਲਾ ੫, ਪੰਨਾ ੯੮}

ਕਈ ਐਸੇ ਹਨ ਜੋ ਨਿਵਲੀ ਕਰਮ ਆਦਿਕ ਜੋਗੀਆਂ ਵਾਲੇ ਚੌਰਾਸੀ ਆਸਣ ਕਰਦੇ ਹਨ । ਪਰ ਇਹਨਾਂ ਉੱਦਮਾਂ ਨਾਲ (ਮਨ ਵਿਚ) ਸ਼ਾਂਤੀ ਨਹੀਂ ਆਉਂਦੀ ।2।

"ਆਸਨੁ ਪਵਨ ਦੂਰਿ ਕਰਿ ਬਵਰੇ ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥1॥"

{ਬਿਲਾਵਲ ਕਬੀਰ ਜੀ, ਪੰਨਾ ੮੫੭}

ਹੇ ਝੱਲੇ ਜੋਗੀ ! ਜੋਗ-ਅੱਭਿਆਸ ਤੇ ਪ੍ਰਾਣਾਯਾਮ ਨੂੰ ਤਿਆਗ । ਇਸ ਪਖੰਡ ਨੂੰ ਛੱਡ, ਤੇ ਸਦਾ ਪ੍ਰਭੂ ਦੀ ਬੰਦਗੀ ਕਰ ।1।

"ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥ ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥2॥" {ਵਡਹੰਸੁ ਮਹਲਾ ੩, ਪੰਨਾ ੫੫੮}

ਜੇ ਮਨੁੱਖ ਜੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੇ ਕਾਮ-ਵਾਸਨਾ ਨੂੰ ਜਿੱਤ ਕੇ (ਆਸਣਾਂ ਦੇ ਅੱਭਿਆਸ ਦੀ) ਕਮਾਈ ਕਰਨ ਲੱਗ ਪਏ, ਤਾਂ ਭੀ ਮਨ ਦੀ ਮੈਲ ਨਹੀਂ ਲਹਿੰਦੀ, (ਮਨ ਵਿਚੋਂ) ਹਉਮੈ ਦੀ ਮੈਲ ਨਹੀਂ ਜਾਂਦੀ ।2।

"ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥6॥"

{ਸੋਰਠਿ ਮਹਲਾ ੫, ਪੰਨਾ ੬੪੨}

ਜੋਗ-ਮਤ ਵਿਚ ਸਿੱਧਾਂ ਦੇ ਪ੍ਰਸਿੱਧ ਚੌਰਾਸੀ ਆਸਣ ਹਨ । ਇਹ ਆਸਣ ਕਰ ਕਰ ਕੇ ਭੀ ਮਨੁੱਖ ਥੱਕ ਜਾਂਦਾ ਹੈ। ਉਮਰ ਤਾਂ ਲੰਮੀ ਕਰ ਲੈਂਦਾ ਹੈ, ਪਰ ਇਸ ਤਰ੍ਹਾਂ ਪਰਮਾਤਮਾ ਨਾਲ ਮਿਲਾਪ ਨਹੀਂ ਬਣਦਾ, ਮੁੜ ਮੁੜ ਜਨਮਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ ।6।

"ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥ ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥5॥" {ਬਿਲਾਵਲੁ ਮਹਲਾ ੪, ਪੰਨਾ ੮੩੫}

ਹੇ ਭਾਈ । (ਜੋਗ-ਸਾਧਨਾਂ ਵਿਚ) ਪੁੱਗੇ ਹੋਏ ਜੋਗੀ ਅਨੇਕਾਂ ਆਸਣ ਸਿੱਖਦੇ ਹਨ (ਸ਼ੀਰਸ਼-ਆਸਣ, ਪਦਮ-ਆਸਣ ਆਦਿਕ), ਪਰ ਉਹ ਭੀ ਆਪਣੇ ਮਨ ਵਿਚ ਕਰਾਮਾਤੀ ਤਾਕਤਾਂ ਤੇ ਨਾਟਕ-ਚੇਟਕ ਹੀ ਮੰਗਦੇ ਰਹਿੰਦੇ ਹਨ (ਜਿਨ੍ਹਾਂ ਨਾਲ ਉਹ ਆਮ ਜਨਤਾ ਉਤੇ ਆਪਣਾ ਪ੍ਰਭਾਵ ਪਾ ਸਕਣ) । (ਉਹਨਾਂ ਦੇ) ਮਨ ਵਿਚ ਮਾਇਆ ਵਲੋਂ ਤ੍ਰਿਪਤੀ ਨਹੀਂ ਹੁੰਦੀ, ਉਹਨਾਂ ਨੂੰ ਸੰਤੋਖ ਨਹੀਂ ਪ੍ਰਾਪਤ ਹੁੰਦਾ, ਮਨ ਵਿਚ ਸ਼ਾਂਤੀ ਨਹੀਂ ਆਉਂਦੀ । ਹਾਂ, ਗੁਰੂ ਨੂੰ ਮਿਲ ਕੇ ਪਰਮਾਤਮਾ ਦੇ ਨਾਮ ਦੀ ਰਾਹੀਂ ਮਨੁੱਖ ਤ੍ਰਿਪਤੀ ਹਾਸਲ ਕਰ ਲੈਂਦਾ ਹੈ, ਆਤਮਕ ਜੀਵਨ ਦੀ ਸਫਲਤਾ ਪ੍ਰਾਪਤ ਕਰ ਲੈਂਦਾ ਹੈ ।5।

ਗੁਰਬਾਣੀ ਦੀ ਇਤਨੀ ਸਪਸ਼ਟ ਅਗਵਾਈ ਹੋਣ ਦੇ ਬਾਵਜੂਦ ਵੀ, ਜੇ ਕੁਝ ਵੀਰ ਭੈਣਾਂ ਭਟਕਦੇ ਫਿਰਦੇ ਹਨ ਤਾਂ ਫਿਰ ਕੀ ਸਮਝਿਆ ਜਾਵੇ, ਕਿ ਕੀ ਸਿੱਖ ਦੀ ਗੁਰੂ ਪ੍ਰਤੀ ਵਚਨਬਧਤਾ ਘੱਟ ਗਈ ਹੈ? ਸਿੱਖ ਨੇ ਗੁਰੂ ਪਾਤਿਸ਼ਾਹ ਦੀ ਸਿੱਖਿਆ ਅਤੇ ਆਦੇਸ਼ ਨੂੰ ਟਿੱਚ ਸਮਝਣਾ ਸ਼ੁਰੂ ਕਰ ਦਿੱਤਾ ਹੈ ?

ਐਸਾ ਬਿਲਕੁਲ ਨਹੀਂ ਹੋ ਸਕਦਾ ਅਤੇ ਨਾ ਹੀ ਐਸਾ ਜਾਪਦਾ ਹੈ। ਕਿਉਂਕਿ ਸਿੱਖ ਦਾ ਤਾਂ ਜੀਵਨ ਹੀ ਗੁਰਬਾਣੀ ਹੈ, ਜਿਸ ਤੋਂ ਸਿੱਖਿਆ ਅਤੇ ਆਦੇਸ਼ ਪ੍ਰਾਪਤ ਕਰ ਕੇ ਸਿੱਖ ਆਪਣੇ ਜੀਵਨ ਮਾਰਗ ਦੀ ਸੇਧ ਪ੍ਰਾਪਤ ਕਰਦਾ ਹੈ। ਜੇ ਗੁਰਬਾਣੀ ਗੁਰੂ ਨਾਲੋਂ ਹੀ ਸੰਬਧ ਟੁਟ ਗਿਆ ਤਾਂ ਫਿਰ ਸਿੱਖ ਕਿਥੇ ਰਹਿ ਗਿਆ ਅਤੇ ਸਿੱਖੀ ਕਿਥੇ ਗਈ। ਕਿਉਂਕਿ ਸਤਿਗੁਰੂ ਦੀ ਪਾਵਨ ਬਾਣੀ ਤਾਂ ਫੁਰਮਾਂਦੀ ਹੈ:

"ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥"

{ਰਾਗੁ ਸੂਹੀ ਅਸਟਪਦੀਆ ਮਹਲਾ ੪, ਪੰਨਾ ੭੫੭-੭੫੮}

ਜਿਵੇਂ ਪ੍ਰਾਣੀ ਪਾਣੀ ਮਿਲਣ ਤੋਂ ਬਿਨਾ ਮਰਨ ਲੱਗ ਪੈਂਦਾ ਹੈ, ਤਿਵੇਂ ਸਿੱਖ ਗੁਰੂ

ਤੋਂ ਬਿਨਾ ਆਪਣੀ ਆਤਮਕ ਮੌਤ ਆ ਗਈ ਸਮਝਦਾ ਹੈ ।15।

ਵੈਸੇ ਵੀ ਜਿਹੜੇ ਗੁਰਸਿੱਖ ਇਸ ਦੇ ਨਾਲ ਜੁੜ ਰਹੇ ਹਨ ਉਨ੍ਹਾਂ ਦੇ ਗੁਰੂ ਪ੍ਰਤੀ ਸ਼ਰਧਾ, ਵਿਸ਼ਵਾਸ ਅਤੇ ਸਮਰਪਣ ਬਾਰੇ ਰੱਤੀ ਭਰ ਵੀ ਸ਼ੰਕਾ ਨਹੀਂ ਕੀਤਾ ਜਾ ਸਕਦਾ।

ਫਿਰ ਕਾਰਨ ਕੀ ਹੈ ?

ਮੂਲ ਕਾਰਣ ਤਾਂ ਵਿਸ਼ੇ ਪ੍ਰਤੀ ਸਪੱਸ਼ਟਤਾ ਨਾ ਹੋਣਾ ਹੀ ਜਾਪਦਾ ਹੈ। ਸਾਡੀਆਂ ਬਹੁਤੀਆਂ ਸਮੱਸਿਆਵਾਂ ਦਾ ਮੂਲ ਕਾਰਨ ਤਾਂ ਗੁਰਬਾਣੀ ਦਾ ਸਮਝ ਕੇ ਨਾ ਪੜ੍ਹਿਆ ਜਾਣਾ ਹੈ। ਪਹਿਲਾਂ ਤਾਂ ਬਾਣੀ ਪੜ੍ਹੀ ਹੀ ਬਹੁਤ ਘੱਟ ਜਾ ਰਹੀ ਹੈ। ਬੜੇ ਚੰਗੇ ਚੰਗੇ ਗੁਰਸਿੱਖ ਵੀਰ ਵੀ ਨਿਤਨੇਮ ਤਕ ਹੀ ਸੀਮਤ ਹਨ। ਵਿਰਲੇ ਭਾਗਾਂ ਵਾਲੇ ਹੀ ਹੋਣਗੇ, ਜਿਨ੍ਹਾਂ ਸੰਪੂਰਨ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਵੀ ਕੀਤੇ ਹੋਣ। ਬਾਣੀ ਵਿਚਾਰਨ ਅਤੇ ਸਮਝਣ ਦੀ ਗੱਲ ਤਾਂ ਜਿਵੇਂ ਗੁਆਚ ਜਿਹੀ ਗਈ ਹੈ। ਜਦਕਿ ਸਤਿਗੁਰੂ ਦੇ ਬੜੇ ਸਪੱਸ਼ਟ ਆਦੇਸ਼ ਹਨ:

"ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥"

{ਮਾਝ ਕੀ ਵਾਰ ਮਹਲਾ ੧, ਪੰਨਾ ੧੪੮}

ਪੜ੍ਹਨ ਨਾਲ ਭੇਤ ਨਹੀਂ ਪੈਂਦਾ । ਸਮਝਣ ਨਾਲ ਮਤਿ ਉੱਚੀ ਹੁੰਦੀ ਹੈ ਅਤੇ ਰਾਜ਼ ਸਮਝ ਵਿਚ ਆਉਂਦਾ ਹੈ।

"ਪਾਠੁ ਪੜੈ ਨ ਬੂਝਈ ਭੇਖੀ ਭਰਮਿ ਭੁਲਾਇ ॥"

{ਸਿਰੀ ਰਾਗੁ ਮਹਲਾ ੩, ਪੰਨਾ ੬੬}

(ਜੇਹੜਾ ਮਨੁੱਖ ਧਾਰਮਿਕ ਪੁਸਤਕਾਂ ਦਾ) ਨਿਰਾ ਪਾਠ (ਹੀ) ਪੜ੍ਹਦਾ ਹੈ, ਪਰ ਇਸ ਦੇ ਅੰਦਰੀਵੀ ਭਾਵ ਨੂੰ ਨਹੀਂ ਸਮਝਦਾ (ਨਿਰੇ) ਧਾਰਮਿਕ ਭੇਖਾਂ ਨਾਲ (ਸਗੋਂ) ਭਟਕਣਾ ਵਿਚ ਪੈ ਕੇ ਕੁਰਾਹੇ ਪੈ ਜਾਂਦਾ ਹੈ ।

"ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥" {ਰਾਮਕਲੀ ਮਹਲਾ ੧, ਪੰਨਾ ੯੦੪}

ਸਾਰੀਆਂ ਵਿਚਾਰਾਂ ਤੋਂ ਸ੍ਰੇਸ਼ਟ ਵਿਚਾਰ ਇਹ ਹੈ ਕਿ ਮਨੁੱਖ ਗੁਰੂ ਦੇ ਸ਼ਬਦ ਨੂੰ ਸਮਝ ਕੇ ਮਨ ਵਿਚ ਵਸਾਏ ।

ਸਿੱਖ ਸੰਤ ਸਰੂਪ ਹੈ, ਸੁਭਾਓ ਤੋਂ ਭੋਲਾ ਹੈ। ਇਹ ਭੋਲਾਪਨ ਹੀ ਕਦੇ ਕਦੇ ਇਸ ਦਾ ਵੈਰੀ ਬਣ ਜਾਂਦਾ ਹੈ। ਜਦੋਂ ਕਿਸੇ ਵਿਸ਼ੇ ਜਾਂ ਸਮੱਸਿਆ ਨੂੰ ਗੁਰਮਤਿ ਦੀ ਕਸਵੱਟੀ ਤੇ ਪਰਖੇ ਬਿਨਾਂ ਭਾਵਨਾ ਦੇ ਵੇਗ ਵਿੱਚ ਇਸ ਦੇ ਪਿੱਛੇ ਲੱਗ ਜਾਂਦਾ ਹੈ।

ਜੋਗ ਮਤ ਇਕ ਬਹੁਤ ਪੁਰਾਤਨ ਵਿਚਾਰਧਾਰਾ ਹੈ। ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ, ਗੁਰੂ ਪਾਤਿਸ਼ਾਹਾਂ ਨੇ ਗੁਰਬਾਣੀ ਵਿੱਚ ਇਸ ਵਿਚਾਰਧਾਰਾ ਨੂੰ ਸੰਪੂਰਨ ਰੂਪ ਵਿੱਚ ਰੱਦ ਕੀਤਾ ਹੈ। ਜਿਥੇ ਭਾਰਤ ਵਿੱਚ ਸਥਾਪਤ ਦੂਸਰੇ ਦੋ ਧਰਮਾਂ ਬਿਪਰਵਾਦ ਅਤੇ ਇਸਲਾਮ ਦੇ ਧਾਰਮਿਕ ਆਗੂਆਂ ਨੂੰ ਰੱਦ ਕੀਤਾ ਹੈ, ਨਾਲ ਹੀ ਜੋਗੀਆਂ ਨੂੰ ਵੀ ਰੱਦ ਕੀਤਾ ਹੈ:

"ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥2॥"

{ਧਨਾਸਰੀ ਮਹਲਾ ੧, ਪੰਨਾ ੬੬੨}

ਕਾਜ਼ੀ (ਜੋ ਇਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ ਤੇ ਦੂਜੇ ਪਾਸੇ ਹਾਕਮ ਭੀ ਹੈ, ਰਿਸ਼ਵਤ ਦੀ ਖ਼ਾਤਰ ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ । ਬ੍ਰਾਹਮਣਾਂ (ਕ੍ਰੋੜਾਂ ਸ਼ੂਦਰ-ਅਖਵਾਂਦੇ) ਬੰਦਿਆਂ ਨੂੰ ਦੁਖੀ ਕਰ ਕਰ ਕੇ ਤੀਰਥ-ਇਸ਼ਨਾਨ (ਭੀ) ਕਰਦਾ ਹੈ । ਜੋਗੀ ਭੀ ਅੰਨ੍ਹਾ ਹੈ ਤੇ ਜੀਵਨ ਦੀ ਜਾਚ ਨਹੀਂ ਜਾਣਦਾ । (ਇਹ ਤਿੰਨੇ ਆਪਣੇ ਵਲੋਂ ਧਰਮ-ਨੇਤਾ ਹਨ, ਪਰ) ਇਹਨਾਂ ਤਿੰਨਾਂ ਦੇ ਹੀ ਅੰਦਰ ਆਤਮਕ ਜੀਵਨ ਵਲੋਂ ਸੁੰਞ ਹੀ ਸੁੰਞ ਹੈ ।2।

ਯੋਗ-ਆਸਣ ਇਸੇ ਜੋਗ ਮੱਤ ਦਾ ਇਕ ਅੰਗ ਹੈ। ਜਿਵੇਂ ਉਪਰ ਬੇਨਤੀ ਕੀਤੀ ਗਈ ਹੈ, ਇਨ੍ਹਾਂ ਨੂੰ ਇਸ ਮੱਤ ਦੀ ਵਿਚਾਰਧਾਰਾ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ।

ਅੱਜ ਬਿਪਰਵਾਦ ਅਤੇ ਜੋਗਮੱਤ ਆਪਸ ਵਿੱਚ ਰੱਲਗੱਡ ਹੋ ਕੇ ਇਕ ਸਾਂਝਾ "ਹਿੰਦੂ" ਧਰਮ ਬਣ ਚੁੱਕੇ ਹਨ। ਜਿਵੇਂ ਦੁਨੀਆਂ ਦੀਆਂ ਸਾਰੀਆਂ ਕੌਮਾਂ ਆਪਣੇ ਧਰਮ ਅਤੇ ਵਿਚਾਰਧਾਰਾ ਦਾ ਪ੍ਰਚਾਰ ਕਰਦੀਆਂ ਹਨ, ਪਹਿਲਾਂ ਜੋਗੀਆਂ ਦੁਆਰਾ ਅਤੇ ਰੱਲਗੱਡ ਹੋਣ ਤੋਂ ਬਾਅਦ ਹਿੰਦੂਆਂ ਦੁਆਰਾ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਯੋਗ-ਆਸਣਾਂ ਨੂੰ ਸਾਧਨ ਬਣਾਇਆ ਜਾਂਦਾ ਰਿਹਾ ਹੈ।

ਅੱਜ ਇਹ ਮਹਿਸੂਸ ਕਰਦੇ ਹੋਏ ਕਿ ਆਮ ਮਨੁੱਖ ਦੇ ਬਦਲੇ ਹੋਏ ਰਹਿਣ-ਸਹਿਣ ਅਤੇ ਖਾਣ-ਪਾਣ ਦੀਆਂ ਆਦਤਾਂ ਕਾਰਣ ਸਰੀਰਕ ਰੋਗਾਂ ਵਿੱਚ ਬਹੁਤ ਵਾਧਾ ਹੋ ਰਿਹਾ ਹੈ, ਹਿੰਦੂ ਕੌਮ ਨੇ ਇਸ ਮੌਕੇ ਨੂੰ ਆਪਣੇ ਧਰਮ ਦੇ ਪ੍ਰਚਾਰ ਨੂੰ ਦੁਨੀਆਂ ਤਕ ਪਹੁੰਚਾਉਣ ਲਈ ਯੋਗ-ਆਸਣਾਂ ਨੂੰ ਇਕ ਵਧੀਆ ਹਥਿਆਰ ਦੇ ਤੌਰ ਤੇ ਵਰਤਣਾ ਸ਼ੁਰੂ ਕੀਤਾ ਹੈ।

ਜਰਾ ਸੋਚੀਏ ! ਕੀ ਪਿਛਲੇ 50-60 ਸਾਲਾਂ ਵਿੱਚ ਸਾਡੇ ਵੇਖਦੇ-ਵੇਖਦੇ ਵੀ ਇਸ ਦੀ ਇਤਨੀ ਚਰਚਾ ਅਤੇ ਪ੍ਰਚਾਰ ਹੋਇਆ ਹੈ, ਜਿਵੇਂ ਪਿਛਲੇ 2-3 ਸਾਲਾਂ ਵਿੱਚ ਹੋਇਆ ਹੈ। ਪਿਛਲੇ 2-3 ਸਾਲਾਂ ਵਿੱਚ ਹੀ ਰਾਮਦੇਵ ਨਾਂਅ ਦਾ ਯੋਗਸਾਧਕ ਜਿਵੇਂ ਸੁਪਰ ਹੀਰੋ ਬਣ ਗਿਆ ਹੋਵੇ। ਭਾਰਤ ਦਾ ਕੋਈ ਟੀ. ਵੀ. ਚੈਨਲ, ਖਬਰਾਂ ਵਾਲਾ, ਫਿਲਮਾਂ ਵਾਲਾ, ਧਾਰਮਿਕ ਜਾਂ ਮਨੋਰੰਜਨ ਵਾਲਾ, ਕਿਸੇ ਭਾਸ਼ਾ ਦਾ ਹੋਵੇ, ਜਿਵੇਂ ਰਾਮਦੇਵ ਦੇ ਯੋਗਆਸਣਾਂ ਬਗੈਰ ਪੂਰਾ ਹੀ ਨਹੀਂ ਹੁੰਦਾ।

ਰਾਮਦੇਵ ਅੱਜ ਪੈਦਾ ਹੋਇਆ ਹੋ ਸਕਦਾ ਹੈ, ਯੋਗਾ ਤਾਂ ਅਜ ਪੈਦਾ ਨਹੀਂ ਹੋਇਆ, ਸਦੀਆਂ ਪੁਰਾਣਾ ਹੈ । ਉਂਜ ਤਾਂ ਰਾਮਦੇਵ ਦੀ ਉਮਰ ਵੀ 50 ਕੁ ਵਰਿਆਂ ਦੇ ਨੇੜੇ ਤੇੜੇ ਹੋਣੀ ਹੀ ਹੈ । ਜਿਵੇਂ ਰਾਮਦੇਵ ਵਲੋਂ ਯੋਗਆਸਣਾਂ ਨੂੰ ਦੁਨੀਆਂ ਦੇ ਸਾਰੇ ਰੋਗਾਂ ਦੇ ਰਾਮਬਾਣ ਇਲਾਜ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ, ਫੇਰ ਤਾਂ ਭਾਰਤ ਵਿੱਚ ਵੱਡੇ-ਵੱਡੇ ਹਸਪਤਾਲਾਂ ਦੀ ਲੋੜ ਹੀ ਨਹੀਂ ਸੀ। ਬੜੇ ਬੜੇ ਪੁਰਾਤਨ ਯੋਗ ਆਸ਼ਰਮ ਹਨ, ਉਨ੍ਹਾਂ ਨਾਲ ਹੀ ਕੰਮ ਚੱਲ ਜਾਣਾ ਸੀ ।

ਗੱਲ ਬੜੀ ਸਪੱਸ਼ਟ ਹੈ, ਹਿੰਦੂਤਵੀ ਸ਼ਕਤੀਆਂ ਵਲੋਂ ਇਸ ਨੂੰ ਇਕ ਬੜੀ ਸੋਚੀ ਸਮਝੀ ਸਕੀਮ ਅਧੀਨ ਪਰਫੁੱਲਤ ਕੀਤਾ ਜਾ ਰਿਹਾ ਹੈ। ਸਰੀਰਕ ਰੋਗ ਤਕਰੀਬਨ ਹਰ ਆਦਮੀ ਦੀ ਸਮੱਸਿਆ ਹੈ, ਉਹ ਛੇਤੀ ਹੀ ਇਸ ਤੋਂ ਪ੍ਰਭਾਵਤ ਹੋ ਜਾਂਦਾ ਹੈ, ਭਾਵੇਂ ਕਿਸੇ ਧਰਮ ਜਾਂ ਕੌਮ ਦਾ ਹੋਵੇ। ਜਦੋਂ ਕਿਸੇ ਕੌਮ ਦੇ ਲੋਕ ਪਰਭਾਵਤ ਹੋ ਗਏ, ਸਮਝੋ ਉਹ ਕੌਮ ਤਾਂ ਆਪੇ ਪ੍ਰਭਾਵਤ ਹੋ ਗਈ। ਕੌਮ ਹੋਰ ਕੀ ਹੁੰਦੀ ਹੈ? ਇਕ ਵਿਚਾਧਾਰਾ ਦੇ ਸਮਰਥਕ

ਲੋਕਾਂ ਦਾ ਸਮੂਹ ਹੀ ਤਾਂ ਹੁੰਦਾ ਹੈ।

ਮਨੁੱਖਤਾ ਦੀ ਸੇਵਾ ਦੇ ਨਾਂਅ ਤੇ, ਦੂਸਰੇ ਧਰਮਾਂ ਦੀ ਪ੍ਰਵਾਨਗੀ ਦੀ ਮੋਹਰ ਲੁਆਉਣ ਲਈ, ਇਨ੍ਹਾਂ ਨੇ ਦੂਸਰੀਆਂ ਕੌਮਾਂ ਦੇ ਧਰਮ ਅਸਥਾਨਾਂ ਵਿੱਚ ਇਹ ਯੋਗਾ ਦੇ ਕੈਂਪ ਲੁਆਉਣ ਦਾ ਕੰਮ ਸ਼ੁਰੂ ਕੀਤਾ। ਲੇਕਿਨ ਦੂਜੀਆਂ ਕੌਮਾਂ ਇਤਨੀਆਂ ਅਵੇਸਲੀਆਂ ਨਹੀਂ ਸਨ, ਜਿਤਨਾ ਇਨ੍ਹਾਂ ਸੋਚਿਆ ਸੀ। ਇਸਾਈ ਅਤੇ ਮੁਸਲਮਾਨ ਵੀਰਾਂ ਸਾਰੀ ਖੇਡ ਨੂੰ ਸਮਝਦੇ ਹੋਏ, ਆਪਣੇ ਧਰਮ ਅਸਥਾਨਾਂ ਨੂੰ ਇਸ ਮਕਸਦ ਲਈ ਵਰਤੇ ਜਾਣ ਤੋਂ ਪੂਰਨ ਇਨਕਾਰ ਕਰ ਦਿੱਤਾ। ਅਤੇ ਨਾਲ ਹੀ ਇਸ ਸਾਜਿਸ਼ ਬਾਰੇ ਆਪਣੇ ਲੋਕਾਂ ਨੂੰ ਵੀ ਸੁਚੇਤ ਕਰਨਾ ਸ਼ੁਰੂ ਕਰ ਦਿੱਤਾ।

ਸਿੱਖ ਤਾਂ ਪਹਿਲਾਂ ਹੀ, ਹਿੰਦੂਤਵੀ ਸ਼ਕਤੀਆਂ ਦੁਆਰਾ, ਦੂਸਰੀਆਂ ਕੌਮਾਂ ਦੇ ਭਗਵਾਕਰਣ ਦੇ ਪ੍ਰੋਗਰਾਮ ਦੇ, ਪਹਿਲੇ ਨਿਸ਼ਾਨੇ ਤੇ ਹਨ। ਉਂਜ ਵੀ ਸ਼ਾਇਦ ਭਾਰਤ ਦੀ ਕੋਈ ਵੀ ਘੱਟ ਗਿਣਤੀ ਕੌਮ ਐਸੀ ਨਹੀਂ ਹੋਵੇਗੀ, ਜਿਸ ਨੇ ਬਹੁਗਿਣਤੀ ਹਿੰਦੂ ਮੱਤ ਦੇ ਪ੍ਰਭਾਵ ਨੂੰ, ਕੁਝ ਨਾ ਕੁਝ, ਨਾ ਕਬੂਲਿਆ ਹੋਵੇ। ਫਿਰ ਬਹੁਤੇ ਸਿੱਖ ਤਾਂ ਅੱਜ ਵੀ, ਕੁਝ ਇਤਿਹਾਸਕ ਕਾਰਨਾਂ ਕਰ ਕੇ ਹਿੰਦੂਆਂ ਨਾਲ ਜ਼ਿਆਦਾ ਨੇੜਤਾ ਸਮਝਦੇ ਹਨ, ਹਾਲਾਂਕਿ ਸਿਧਾਂਤਕ ਤੌਰ ਤੇ ਗੱਲ ਇਸ ਤੋਂ ਬਿਲਕੁਲ ਉਲਟ ਹੈ। ਇਸ ਨੇੜਤਾ ਕਰਕੇ ਸਿੱਖਾਂ ਅੰਦਰ ਬ੍ਰਾਹਮਣੀ ਸੋਚ ਦਾ ਪ੍ਰਭਾਵ ਹਰ ਦਿਨ ਵਧਦਾ ਜਾ ਰਿਹਾ ਹੈ। ਫਿਰ ਗੁਰਮਤਿ ਅਨੁਸਾਰ ਜੀਵਨ ਨਾ ਬਤੀਤ ਕਰਨ ਕਰ ਕੇ ਸਿੱਖਾਂ ਅੰਦਰ ਵੀ ਸਰੀਰਕ ਰੋਗ ਕਿਸੇ ਤਰ੍ਹਾਂ ਘੱਟ ਨਹੀਂ। ਜਿਵੇਂ ਜਿਵੇਂ ਸਰੀਰ ਦੇ ਭੋਗ ਵਧਦੇ ਹਨ, ਰੋਗ ਵੀ ਵਧਦੇ ਹਨ। ਪਾਵਨ ਗੁਰਵਾਕ ਹੈ:

"ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ ॥"

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੪)

(ਜਿਥੇ) ਜਨਮ ਹੈ (ਉਥੇ) ਮੌਤ ਭੀ ਹੈ, ਖ਼ੁਸ਼ੀ ਹੈ ਤਾਂ ਗ਼ਮੀ ਭੀ ਹੈ, (ਮਾਇਕ ਪਦਾਰਥਾਂ ਦੇ) ਭੋਗ ਹਨ ਤਾਂ (ਉਹਨਾਂ ਤੋਂ ਉਪਜਦੇ) ਰੋਗ ਭੀ ਹਨ ।

ਸਾਡਾ ਸੁਭਾ ਹੈ ਆਪਣੇ ਜੀਵਨ ਨੂੰ ਗੁਰਮਤਿ ਅਨੁਸਾਰ ਸਾਧਨ ਦੀ ਕੋਸ਼ਿਸ਼ ਨਹੀਂ ਕਰਨੀ, ਬਸ ਦੌੜ ਪਏ ਸਿੱਖ ਵੀ ਯੋਗਾ ਕੈਂਪਾਂ ਵਲ। ਕਸਰਤ ਕਰਨ ਦੀ ਸਿੱਖ ਕੌਮ ਵਿੱਚ ਮਨਾਹੀ ਨਹੀਂ। ਬਲਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ, ਕਿ ਗੁਰੂ ਪਾਤਿਸ਼ਾਹ ਤਾਂ ਆਪਣੇ ਜੀਵਨ ਕਾਲ ਵਿੱਚ ਮੱਲ-ਅਖਾੜੇ ਲਗਾਉਂਦੇ ਸਨ। ਕਸਰਤ ਬਗੈਰ ਮੱਲ-ਅਖਾੜੇ ਦਾ ਕੋਈ ਮਤਲਬ ਹੀ ਨਹੀਂ । ਸ਼ਸਤਰ ਵਿਦਿਆ ਗਤਕੇ ਦੀ ਪਿਰਤ ਗੁਰੂ ਪਾਤਿਸ਼ਾਹ ਨੇ ਆਪ ਸਿੱਖ ਕੌਮ ਵਿੱਚ ਪਾਈ। ਅੱਜ ਵੀ ਇਹ ਸਿੱਖਾਂ ਦੀ ਕੌਮੀ ਖੇਡ ਹੈ, ਜੋ ਕਿ ਇਕ ਵਧੀਆ ਕਸਰਤ ਦੇ ਨਾਲ, ਲੋੜ ਪੈਣ ਤੇ ਸਵੈ-ਰਖਿਆ ਦਾ ਵੀ ਵਧੀਆ ਸਾਧਨ ਹੈ। ਗੁਰਬਾਣੀ ਵਿੱਚ ਵੀ ਸਤਿਗੁਰੂ ਮਨ ਨਾਲ ਤਨ ਨੂੰ ਵੀ ਅਰੋਗ ਰੱਖਣ ਦਾ ਆਦੇਸ਼ ਕਰਦੇ ਹਨ:

"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥"

{ਸੋਰਠਿ ਮਹਲਾ ੫, ਪੰਨਾ ੬੧੧}

(ਹੇ ਭਾਈ ! ਅੰਮ੍ਰਿਤ ਵੇਲੇ) ਇਸ਼ਨਾਨ ਕਰ ਕੇ, ਆਪਣੇ ਪ੍ਰਭੂ ਦਾ ਨਾਮ ਸਿਮਰ ਕੇ ਮਨ ਅਤੇ ਸਰੀਰ ਨਰੋਏ ਹੋ ਜਾਂਦੇ ਹਨ ।

"ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥2॥"

{ ਮਃ ੫, ਪੰਨਾ ੫੫੪)

ਹੇ ਨਾਨਕ ! (ਜਿਸ ਮਨੁੱਖ ਦੇ) ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਵੱਸਦੇ ਹਨ ਤੇ ਜੀਭ ਹਰੀ ਨੂੰ ਜਪਦੀ ਹੈ, ਅਤੇ ਪ੍ਰਭੂ (ਜਿਸ ਸਰੀਰ ਕਰਕੇ) ਸਿਮਰਿਆ ਜਾਂਦਾ ਹੈ ਉਸ ਸਰੀਰ ਦੀ ਪਾਲਣਾ ਕਰੋ ।2।

ਅੱਜ ਦੇ ਸਮੇਂ ਵਿੱਚ ਜਦੋਂ ਸਰੀਰਕ ਕੰਮ ਬਹੁਤ ਘੱਟ ਗਏ ਹਨ, ਕਸਰਤ ਹੋਰ ਵੀ ਜ਼ਰੂਰੀ ਹੋ ਗਈ ਹੈ। ਇਸ ਲੇਖ ਦਾ ਮਕਸਦ ਕਿਸੇ ਵਿਅਕਤੀ ਨੂੰ ਕਸਰਤ ਤੋਂ ਰੋਕਣਾ ਨਹੀ, ਬਲਕਿ ਇਹ ਚੇਤੰਨ ਕਰਨਾ ਹੈ, ਕਿ ਕਸਰਤ ਦੇ ਨਾਂ ਤੇ ਭੁਲੇਖਾ ਖਾ ਕੇ, ਕਿਤੇ ਗੁਰਮਤਿ ਤੋਂ ਹੀ ਦੂਰ ਨਾ ਹੋ ਜਾਈਏ। ਹਾਲਾਂਕਿ ਅਸਲ ਹਾਲਾਤ ਇਸ ਤੋਂ ਵੀ ਗੰਭੀਰ ਹਨ।

ਪਹਿਲਾਂ ਤਾਂ ਹਾਲਾਤ ਇਥੋਂ ਤਕ ਹੀ ਸਨ ਕਿ ਕੁਝ ਸਿੱਖ ਵੀਰ, ਭੈਣਾਂ ਯੋਗਾ ਸੈਂਟਰਾਂ ਜਾਂ ਕੈਂਪਾਂ ਵਿੱਚ ਜਾਂਦੇ ਸਨ। ਹਾਲਾਂਕਿ ਬਹੁਤਿਆਂ ਨੂੰ, ਗੁਰਮਤਿ ਸਿਧਾਂਤਾਂ ਤੋਂ ਅੰਜਾਣ ਹੋਣ ਕਾਰਣ ਆਪ ਹੀ ਪਤਾ ਨਹੀਂ ਲਗਦਾ ਕਿ ਉਹ ਕਦੋਂ ੧ਓੰ ਤੋਂ ਓਮ ਦੀ ਧੁਨੀ ਤੱਕ ਪਹੁੰਚ ਗਏ ਹਨ, ਅਤੇ ਫਿਰ ਪ੍ਰਾਣਾਯਾਮ ਆਦਿ ਸਵਾਸ ਕਿਰਿਆਵਾਂ ਦੁਆਰਾ ਧਿਆਨ ਜੋੜਨ ਦੀ ਕਿਰਿਆ ਵਿੱਚ ਉਲਝ ਗਏ ਹਨ, ਜਿਨ੍ਹਾਂ ਨਾਲ ਗੁਰਮਤਿ ਦਾ ਨੇੜੇ-ਤੇੜੇ ਦਾ ਸਬੰਧ ਨਹੀਂ। ਅੱਜ ਜੋ ਨਾਮ ਸਿਮਰਨ ਦੇ ਨਾਂ ਤੇ, ਵਹਿਗੁਰੂ ਸ਼ਬਦ ਦੇ ਰਟਨ ਦਾ ਤਰੀਕਾ ਦਸਿਆ ਜਾ ਰਿਹਾ ਹੈ ਕਿ ਸਾਹ ਅੰਦਰ ਜਾਵੇ ਤਾਂ ਵਾਹਿ ਅੰਦਰ ਲੈ ਜਾਓ, ਸਾਹ ਬਾਹਰ ਕੱਢੋ ਤੇ ਗੁਰੂ ਬਾਹਰ ਕੱਢ ਦਿਓ, ਇਹ ਸਭ ਪ੍ਰਾਣਾਯਾਮ ਹੀ ਹੈ। ਅੱਜ ਹਾਲਾਤ ਬਹੁਤ ਗੰਭੀਰ ਮੋੜ ਲੈ ਗਏ ਹਨ, ਜਿਸ ਜੋਗਮੱਤ ਅਤੇ ਯੋਗਆਸਣਾਂ ਨੂੰ ਗੁਰਮਤਿ ਬਾਰ-ਬਾਰ ਰੱਦ ਕਰਦੀ ਹੈ, ਉਸ ਨੂੰ ਗੁਰਮਤਿ ਨਾਲ ਰੱਲ-ਗੱਡ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।

ਅੱਜ ਸਿੱਖ ਕੌਮ ਅੰਦਰ ਵੀ ਐਸੀਆਂ ਸੰਸਥਾਵਾਂ ਹੋਂਦ ਵਿੱਚ ਆ ਰਹੀਆਂ ਹਨ, ਬਲਕਿ ਜੇ ਇਹ ਕਹੀਏ, ਕਿ ਸਥਾਪਤ ਕਰ ਦਿੱਤੀਆਂ ਗਈਆਂ ਹਨ, ਤਾਂ ਜ਼ਿਆਦਾ ਯੋਗ ਹੋਵੇਗਾ, ਜੋ ਯੋਗਾ ਨੂੰ ਸਿੱਖ ਸਿਧਾਂਤਾਂ ਨਾਲ ਰੱਲ-ਗੱਡ ਕਰਕੇ ਸਿੱਖੀ ਵਿੱਚ ਦਾਖਲ ਕਰਨ ਦੀ ਕੋਸ਼ਿਸ ਕਰ ਰਹੀਆਂ ਹਨ। ਇਨ੍ਹਾਂ ਦੇ ਪ੍ਰਮੁਖਾਂ ਦੇ ਪਹਿਰਾਵੇ ਬਹੁਤ ਗੁਰਸਿੱਖਾਂ ਵਾਲੇ ਹੋਣ ਕਾਰਣ ਬਾਹਰੋਂ ਵੇਖਣ ਨੂੰ ਇੰਜ ਹੀ ਮਹਿਸੂਸ ਹੁੰਦਾ ਹੈ ਕਿ ਸਿੱਖ ਸਿਧਾਂਤਾਂ ਦੇ ਪ੍ਰਚਾਰਕ ਹੋਣਗੇ। ਇਨ੍ਹਾਂ ਨੇ ਕੌਮ ਨੂੰ ਹੋਰ ਭਰਮਜਾਲ ਵਿੱਚ ਫਸਾਉਣ ਲਈ ਨਾਲ ਨਾਮ ਸਿਮਰਨ ਨੂੰ ਜੋੜ ਲਿਆ ਹੈ।

ਸਿੱਖ ਕੌਮ ਦਾ ਇਕ ਵੱਡਾ ਹਿੱਸਾ ਤਾਂ ਪਹਿਲਾਂ ਵੀ ਇਸ ਧਾਰਮਿਕ ਪਹਿਰਾਵੇ ਅਤੇ ਨਾਮ ਸਿਮਰਨ ਦੇ ਭੁਲੇਖੇ ਵਿੱਚ ਕਈ ਵੱਡੇ-ਵੱਡੇ ਡੇਰਿਆਂ ਨੂੰ ਨਾ ਸਿਰਫ ਜਨਮ ਦੇ ਚੁੱਕਾ ਹੈ, ਬਲਕਿ ਇਸ ਰੂਪ ਵਿਚ ਸਥਾਪਤ ਕਰ ਚੁੱਕਾ ਹੈ ਕਿ ਅੱਜ ਉਹ ਸਿੱਖ ਕੌਮ ਨੂੰ ਅਤੇ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਨੂੰ ਹੀ ਚੁਨੌਤੀਆਂ ਦੇ ਰਹੇ ਹਨ। ਬਲਿਹਾਰ ਹਾਂ ਖਾਲਸਾ ਜੀ ਦੇ ਭੋਲੇਪਨ ਤੇ ! ਸਾਡੇ ਪਹਿਲਾਂ ਦੇ ਸਥਾਪਤ ਕੀਤੇ ਡੇਰੇ ਤਾਂ ਸਿੱਖਾਂ ਦੇ ਖੂਨ ਨਾਲ ਹੋਲੀ ਖੇਡਣ ਤੱਕ ਗਏ ਹਨ, ਅਤੇ ਅੱਜ ਵੀ ਖੇਡ ਰਹੇ ਹਨ। ਪਹਿਲਿਆਂ ਨਾਲ ਤਾਂ ਕੌਮੀ ਤੌਰ ਤੇ ਜੰਗ ਕਰ ਰਹੇ ਹਾਂ, ਅਤੇ ਭੋਲੇ ਭਾਅ ਹੋਰਾਂ ਨੂੰ ਸਥਾਪਤ ਕਰੀ ਜਾ ਰਹੇ ਹਾਂ।

'ਗੁਰ ਨਾਨਕ ਯੋਗ ਮਿਸ਼ਨ ਨਾਂਅ ਦੀ ਇਕ ਸੰਸਥਾ ਅੱਜ ਕੱਲ ਇਸੇ ਯੋਗਾ ਰਾਹੀਂ ਸਿੱਖਾਂ ਦੇ ਭਗਵਾਕਰਨ ਦੇ ਇਸ ਕਾਰਜ ਵਿੱਚ ਖੂਬ ਸਰਗਰਮ ਹੈ। ਪਹਿਲਾਂ ਤਾਂ ਇਹ ਪੁਛੋ ਕਿ ਨਾਨਕ ਕੀ, ਤੇ ਯੋਗ ਕੀ? ਜਿਸ ਗੁਰੂ ਨਾਨਕ ਪਾਤਿਸ਼ਾਹ ਨੇ ਜੋਗਮੱਤ ਦੀ ਵਿਚਾਰ ਧਾਰਾ, ਕਿਰਿਆਵਾਂ ਅਤੇ ਇਸ ਦੇ ਭੇਖ ਦਾ, ਬਾਰਬਾਰ ਖੰਡਨ ਕੀਤਾ ਹੈ, ਉਸੇ ਗੁਰ ਨਾਨਕ ਪਾਤਿਸ਼ਾਹ ਦਾ ਨਾਂਅ ਯੋਗ ਨਾਲ ਜੋੜ ਦਿੱਤਾ ਗਿਆ ਹੈ। ਅਖੇ ਜੀ ! ਅਸੀਂ ਜੋਗੀਆਂ ਦੇ ਜੋਗ ਦਾ ਨਹੀਂ, ਗੁਰੂ ਨਾਨਕ ਪਾਤਿਸ਼ਾਹ ਦੇ ਜੋਗਮੱਤ ਦਾ ਪ੍ਰਚਾਰ ਕਰ ਰਹੇ ਹਾਂ। ਗੁਰੂ ਪਿਆਰਿਓ ਆਪ ਹੀ ਵਿਚਾਰ ਕਰ ਲਓ, ਕਿ ਗੁਰੂ ਨਾਨਕ ਪਾਤਿਸ਼ਾਹ ਦਾ ਮੱਤ ਜੋਗ ਹੈ ਕਿ ਸਿੱਖੀ ? ਬਹੁਤੀ ਹੈਰਾਨਗੀ ਇਸ ਗੱਲ ਦੀ ਹੈ, ਕਿ ਚੰਗੇ ਚੰਗੇ ਗੁਰਸਿੱਖਾਂ ਨੂੰ ਵੀ ਇਸ ਵਿੱਚ ਕੋਈ ਤਕਲੀਫ ਨਹੀਂ ਹੋਈ, ਬਲਕਿ ਅੱਖਾਂ ਬੰਦ ਕਰਕੇ ਉਧਰ ਦੌੜੀ ਜਾ ਰਹੇ ਹਨ। ਹੋਰ ਤਾਂ ਹੋਰ ਗੁਰਬਾਣੀ ਦੀਆਂ ਪੰਗਤੀਆਂ ਦੀ ਕਿਵੇਂ ਦੁਰਵਰਤੋਂ ਕੀਤੀ ਜਾ ਰਹੀ ਹੈ। ਗੁਰਬਾਣੀ ਦੀਆਂ ਇਹ ਪੰਗਤੀਆਂ ਆਪਣੇ ਇਸ਼ਤਿਹਾਰਾਂ ਤੇ ਛਾਪੀਆਂ ਹਨ:

"ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥"

{ਸੂਹੀ ਮਹਲਾ ੧, ਪੰਨਾ ੭੩੦}

ਪ੍ਰੋ. ਸਾਹਿਬ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦਰਪਨ ਵਿੱਚ ਇਸ ਦੇ ਅਰਥ ਇੰਝ ਕਰਦੇ ਹਨ: ਹੇ ਨਾਨਕ ! ਪਰਮਾਤਮਾ ਦੇ ਮਿਲਾਪ ਦਾ ਅੱਭਿਆਸ ਇਉਂ ਕਰਨਾ ਚਾਹੀਦਾ ਹੈ ਕਿ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਹੀ ਵਿਕਾਰਾਂ ਵਲੋਂ ਪਰੇ ਹਟੇ ਰਹਿਣਾ ਚਾਹੀਦਾ ਹੈ ।

ਜੋਗ ਦਾ ਅਖਰੀ ਅਰਥ ਹੈ ਮਿਲਾਪ । ਗੁਰੂ ਨਾਨਕ ਪਾਤਿਸ਼ਾਹ ਇਥੇ ਯੋਗ ਦੀਆਂ ਕਿਰਿਆਵਾਂ ਨੂੰ ਰੱਦ ਕਰਦੇ ਹੋਏ ਫੁਰਮਾ ਰਹੇ ਹਨ ਕਿ ਅਕਾਲ ਪੁਰਖ ਨਾਲ ਮਿਲਾਪ ਦਾ ਅਸਲੀ ਤਰੀਕਾ ਇਹ ਹੈ ਕਿ ਜੀਵਨ ਵਿੱਚ ਵਿਚਰਦਿਆਂ ਆਪਣੇ ਵਿਕਾਰਾਂ ਨੂੰ ਕਾਬੂ ਕਰਕੇ ਰਖੀਏ। ਇਹ ਕਹਿੰਦੇ ਹਨ ਅਸੀਂ ਯੋਗਆਸਣ ਅਤੇ ਪ੍ਰਾਣਾਯਾਮ ਕਰਵਾ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਇਸ ਜੋਗਮੱਤ ਦਾ ਪ੍ਰਚਾਰ ਕਰ ਰਹੇ ਹਾਂ।

ਇਸ ਸੰਸਥਾ ਦੀ ਮੁਖੀ ਬੀਬੀ ਦਾ ਕਹਿਣਾ ਹੈ ਕਿ ਸਾਡਾ ਆਰ. ਐਸ. ਐਸ. ਨਾਲ ਕੋਈ ਸੰਬਧ ਨਹੀਂ, ਹਾਲਾਂਕਿ ਸੋਢਲ ਮੰਦਰ, ਜਲੰਧਰ ਵਾਲੇ ਇਸ ਦੇ ਗੁਰੂ ਰਾਹੀਂ ਇਸ ਦੇ ਸੰਪਰਕ ਹੋਰ ਹੀ ਸੰਕੇਤ ਕਰਦੇ ਹਨ। ਉਂਝ ਵੀ ਸਿੱਖ ਕੌਮ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਖਾਲਸਾ ਸਾਜਨਾ ਦੇ 300 ਸਾਲਾ ਮੌਕੇ ਤੇ ਭਾਰਤ ਸਰਕਾਰ ਵਲੋਂ ਜੋ 50 ਕਰੋੜ ਰੁਪਿਆ, ਰਾਸ਼ਟਰੀ ਸਿੱਖ ਸੰਗਤ ਨੂੰ ਦਿੱਤਾ ਗਿਆ ਸੀ, ਉਹ ਸਿੱਖ ਕੌਮ ਅੰਦਰ ਜ਼ਹਿਰੀਲਾ, ਭੁਲੇਖਾ ਪਾਉ ਸਾਹਿਤ ਤਿਆਰ ਕਰਾਉਣ ਅਤੇ ਸਿੱਖੀ ਸਰੂਪ ਵਾਲੇ ਖਤਰਨਾਕ ਪ੍ਰਚਾਰਕ ਤਿਆਰ ਕਰਕੇ ਪੰਥ ਵਿੱਚ ਘੁਸੇੜਨ ਲਈ ਵਰਤਿਆ ਜਾ ਰਿਹਾ ਹੈ। ਚਲੋ ਜੇ ਇਸ ਬੀਬੀ ਦੀ ਗੱਲ ਨੂੰ ਸੱਚ ਵੀ ਮੰਨ ਲਿਆ ਜਾਵੇ, ਤਾਂ ਵੀ ਇਸ ਵਿੱਚ ਰਤੀ ਭਰ ਵੀ ਸ਼ੰਕਾ ਨਹੀਂ ਕਿ ਜਾਣੇ ਅੰਜਾਣੇ ਸਾਰੀ ਖੇਡ ਆਰ. ਐਸ. ਐਸ. ਦੀ ਹੀ ਖੇਡੀ ਜਾ ਰਹੀ ਹੈ।

ਇਸ ਤੋਂ ਇਲਾਵਾ ਵੀ ਇਸ ਬੀਬੀ ਅਤੇ ਇਸ ਦੇ ਸਾਥੀਆਂ ਵਲੋਂ ਗੁਰਦੁਆਰਾ ਸਾਹਿਬ ਸੈਕਟਰ 34 ਚੰਡੀਗੜ੍ਹ ਵਿੱਚ, ਪੰਥ ਦੇ ਕੁਝ ਜਿੰਮੇਂਵਾਰ ਨੁਮਾਇੰਦਿਆਂ ਨਾਲ ਕੀਤੀ ਮੀਟਿੰਗ, ਜਿਸ ਵਿੱਚ ਇਕ ਮੈਂਬਰ ਸ਼੍ਰੋਮਣੀ ਕਮੇਟੀ, ਚੰਡੀਗੜ੍ਹ ਦੀ ਸਾਬਕਾ ਮੇਅਰ, ਦੋ ਪ੍ਰਮੁੱਖ ਪੰਥਕ ਜਥੇਬੰਦੀਆਂ ਦੇ ਆਗੂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸ਼ਾਮਲ ਸਨ,

ਵਿੱਚ ਸੰਸਥਾ ਦਾ ਨਾਂਅ ਬਦਲਣ ਅਤੇ ਆਪਣੇ ਪ੍ਰੋਗਰਾਮਾਂ ਨੂੰ ਗੁਰਦੁਆਰਿਆਂ ਤੋਂ ਬਾਹਰ ਰਖਣ ਸਮੇਤ ਕੀਤੇ ਫੈਸਲਿਆਂ ਤੋਂ ਮੁਕਰ ਜਾਣਾ ਵੀ ਇਸੇ ਗਲ ਵੱਲ ਸੰਕੇਤ ਕਰਦੇ ਹਨ, ਕਿ ਅੱਗੇ ਚਿਹਰਾ ਮੋਹਰਾ ਇਨ੍ਹਾਂ ਦਾ ਹੈ, ਪਿੱਛੇ ਆਦੇਸ਼ ਕਿਸੇ ਹੋਰ ਦੇ ਹੀ ਚੱਲ ਰਹੇ ਹਨ।

ਖਾਲਸਾ ਜੀ ! ਕੀ ਇਕ ਭੋਲੀ-ਭਾਲੀ ਸੂਰਤ ਵਾਲੀ ਬੀਬੀ ਦੇ ਸਿਰ ਤੇ ਬੱਝੀ ਦਸਤਾਰ, ਚਿੱਟੇ ਚੋਲੇ, ਅਤੇ ਹੱਥ ਵਿੱਚ ਫੜੀ ਡੇਢ ਫੁਟ ਦੀ ਕਿਰਪਾਨ ਵੇਖ ਕੇ ਹੀ ਮੂਰਖ ਬਣ ਜਾਵਾਂਗੇ? ਕਿੰਨਾ ਚਿਰ ਇੰਜ ਹੀ ਭਾਵਨਾ ਦੇ ਵੇਗ ਵਿੱਚ ਵੱਗ ਕੇ ਗੁੰਮਰਾਹ ਹੁੰਦੇ ਰਹਾਂਗੇ? ਕੀ ਕੋਈ ਵੀ ਗੋਲ ਪੱਗ ਬੰਨ ਕੇ, ਚੋਲਾ ਪਾ ਕੇ ਧਾਰਮਿਕ ਪਹਿਰਾਵੇ ਦਾ ਵਿਖਾਵਾ ਕਰਕੇ ਧਰਮ ਦੇ ਨਾਂਅ ਤੇ ਸਾਡੇ ਜਜ਼ਬਾਤਾਂ ਨਾਲ ਖਿਲਵਾੜ ਕਰਦਾ ਰਹੇਗਾ। ਜਦ ਕਿ ਐਸੇ ਭੇਖਾਂ ਬਾਰੇ ਪਾਵਣ ਗੁਰਬਾਣੀ ਫੁਰਮਾਂਦੀ ਹੈ:

"ਆਸਾ ॥ ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ ॥ ਗਲੀ ਜਿਨ੍ਾ ਜਪਮਾਲੀਆ, ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ ॥1॥ ਐਸੇ ਸੰਤ, ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥1॥"

{ਪੰਨਾ 476}

(ਜੋ ਮਨੁੱਖ) ਸਾਢੇ ਤਿੰਨ ਤਿੰਨ ਗਜ਼ (ਲੰਮੀਆਂ) ਧੋਤੀਆਂ (ਪਹਿਨਦੇ, ਅਤੇ) ਤਿਹਰੀਆਂ ਤੰਦਾਂ ਵਾਲੇ ਜਨੇਊ ਪਾਂਦੇ ਹਨ, ਜਿਨ੍ਹਾਂ ਦੇ ਗਲਾਂ ਵਿਚ ਮਾਲਾਂ ਹਨ ਤੇ ਹੱਥ ਵਿੱਚ ਲਿਸ਼ਕਾਏ ਹੋਏ ਲੋਟੇ ਹਨ, (ਨਿਰੇ ਇਹਨਾਂ ਲੱਛਣਾਂ ਕਰਕੇ) ਉਹ ਮਨੁੱਖ ਪਰਮਾਤਮਾ ਦੇ ਭਗਤ ਨਹੀਂ ਆਖੇ ਜਾਣੇ ਚਾਹੀਦੇ, ਉਹ ਤਾਂ (ਅਸਲ ਵਿਚ) ਬਨਾਰਸੀ ਠੱਗ ਹਨ ।1।

ਮੈਨੂੰ ਅਜਿਹੇ ਸੰਤ ਚੰਗੇ ਨਹੀਂ ਲੱਗਦੇ, ਜੋ ਮੂਲ ਨੂੰ ਭੀ ਟਹਿਣੀਆਂ ਸਮੇਤ ਖਾ ਜਾਣ (ਭਾਵ, ਜੋ ਮਾਇਆ ਦੀ ਖ਼ਾਤਰ ਮਨੁੱਖਾਂ ਨੂੰ ਜਾਨੋਂ ਮਾਰਨੋਂ ਭੀ ਸੰਕੋਚ ਨਾ ਕਰਨ) ।1।ਰਹਾਉ।

ਅੱਜ ਫਰਕ ਸਿਰਫ ਇਤਨਾ ਹੀ ਪਿਆ ਹੈ ਕਿ ਬਨਾਰਸ ਦੇ ਠੱਗਾਂ ਨੇ ਪਹਿਰਾਵਾ ਬਦਲ ਲਿਆ ਹੈ। ਅਸੀਂ ਬਹੁਤੇ ਭਾਵਕ ਨਾਮ ਸਿਮਰਨ* ਤੋਂ ਹੋ ਜਾਂਦੇ ਹਾਂ। ਅਸਲ ਵਿੱਚ ਨਾਮ ਸਿਮਰਨ ਦੇ ਮਿੱਠੇ ਅੰਮ੍ਰਿਤ ਵਿੱਚ ਸਾਨੂੰ ਜੋਗਮੱਤ ਰੂਪੀ ਜ਼ਹਿਰ ਪਾਕੇ ਹਜ਼ਮ ਕਰਾਉਣ ਦੀ ਕੋਸ਼ਿਸ਼ ਹੋ ਰਹੀ ਹੈ।*

ਖਾਲਸਾ ਜੀ! ਭਾਵੁਕ ਹੋਣ ਦੀ ਬਜਾਏ ਸੁਚੇਤ ਹੋਣ ਦੀ ਜ਼ਰੂਰਤ ਹੈ। ਜੇ ਸੁਚੇਤ ਨਾ ਹੋਏ ਤਾਂ ਦਿਨਾਂ ਵਿੱਚ ਹੀ ਪਤਾ ਨਹੀਂ ਕਿਤਨੀਆਂ ਹੋਰ ਐਸੀਆਂ ਯੋਗਾ ਸੰਸਥਾਵਾਂ ਬਰਸਾਤ ਦੀਆਂ ਖੁੰਬਾਂ ਵਾਗੂੰ ਪੰਥ ਦੇ ਵਿਹੜੇ ਵਿੱਚ ਉਗ ਪੈਣਗੀਆਂ, ਅਤੇ ਪੰਥ ਦਾ ਨਿਰਮਲ ਸਰੂਪ ਵਿਗਾੜ ਕੇ ਰੱਖ ਦੇਣਗੀਆਂ। ਇਹ ਦੁਕਾਨਾਂ ਚਲਾਉਣ ਵਾਲੇ ਤਾਂ ਪਹਿਲੇ ਹੀ ਬਹੁਤ ਸਰਗਰਮ ਫਿਰਦੇ ਹਨ।

• *ਵਧੇਰੇ ਜਾਣਕਾਰੀ ਲਈ, ਪੜ੍ਹੋ ਇਸੇ ਕਲਮ ਤੋਂ 'ਗੁਰਮਤਿ ਨਾਮ ਸਿਮਰਨ'।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ੴ ਸਤਿਗੁਰਪ੍ਰਸਾਦਿ॥

ਇਕ ਅਮਲੀ ਜੀਵਨ ਤੋਂ ਸੁਫਨਿਆਂ ਦਾ ਧਰਮ

ਭਾਰਤੀ ਸਮਾਜ, ਵਿੱਚ ਸਦੀਆਂ ਤੋਂ ਕੁਝ ਕਰਮਕਾਂਡਾਂ ਨੂੰ ਹੀ, ਧਰਮ ਕਰ ਕੇ ਪ੍ਰਚਾਰਿਆ ਅਤੇ ਸਵੀਕਾਰਿਆ ਜਾ ਰਿਹਾ ਸੀ। ਕਰਮਕਾਂਡੀ ਵਿਚਾਰਧਾਰਾ ਵਿੱਚ ਵਹਿਮਾਂ-ਭਰਮਾਂ ਦਾ ਬੋਲਬਾਲਾ ਹੋਣਾ ਇਕ ਸੁਭਾਵਿਕ ਪਰਕਿਰਿਆ ਹੈ, ਜਿਸ ਦੇ ਨਤੀਜੇ ਵਜੋਂ ਸਮਾਜ ਹਰ ਦਿਨ ਕਮਜ਼ੋਰ ਹੁੰਦਾ, ਅਤੇ ਨਿਘਾਰ ਵੱਲ ਰੁੜ੍ਹਦਾ ਜਾਂਦਾ ਹੈ। ਗੁਰੂ ਨਾਨਕ ਪਾਤਿਸ਼ਾਹ ਨੇ ਪ੍ਰਕਾਸ਼ਮਾਨ ਹੋਣ ਤੋਂ ਬਾਅਦ ਸਮਾਜ ਦੀ ਨਿਘਾਰ ਦੀ ਅਵੱਸਥਾ ਦਾ ਅੰਦਾਜ਼ਾ ਬਹੁਤ ਚੰਗੀ ਤਰ੍ਹਾਂ ਲਾ ਲਿਆ ਸੀ। ਇਸੇ ਕਰਕੇ ਭਾਈ ਗੁਰਦਾਸ ਜੀ ਲਿਖਦੇ ਹਨ:

"ਬਾਬਾ ਦੇਖੇ ਧਿਆਨ ਧਰ ਜਲਤੀ ਸਭ ਪ੍ਰਿਥਵੀ ਦਿਸ ਆਈ॥
ਬਾਝਹੁ ਗੁਰੂ ਗੁਬਾਰ ਹੈ ਹੈਹੈ ਕਰਦੀ ਸੁਣੀ ਲੁਕਾਈ॥" (1-24-5,6)

ਐਸੇ ਸਮਾਜਕ ਢਾਂਚੇ ਵਿੱਚ ਸਿੱਖ ਧਰਮ ਦਾ ਪ੍ਰਗਟ ਹੋਣਾ ਅਤੇ ਪ੍ਰਫੁਲਤ ਹੋਣਾ, ਮਨੁੱਖੀ ਸਮਾਜ ਦਾ ਇਕ ਵੱਡਾ ਇਨਕਲਾਬ ਸੀ। ਗੁਰੂ ਨਾਨਕ ਪਾਤਿਸ਼ਾਹ ਨੇ ਸਿੱਖ ਧਰਮ ਨੂੰ ਇਕ ਈਸ਼ਵਰੀਵਾਦ ਅਤੇ ਮਨੁੱਖੀ ਬਰਾਬਰੀ ਤੇ ਅਧਾਰਤ, ਸਭ ਵਹਿਮਾਂ ਭਰਮਾਂ ਅਤੇ ਕਰਮਕਾਂਡਾਂ ਤੋਂ ਮੁਕਤ, ਸ਼ੁਭ ਗੁਣਾਂ ਵਾਲੇ ਇਕ ਅਮਲੀ, ਸਚਿਆਰ ਜੀਵਨ ਵਾਲੇ ਧਰਮ ਦੇ ਰੂਪ ਵਿੱਚ ਪ੍ਰਗਟ ਕੀਤਾ। ਸਤਿਗੁਰੂ ਨੇ ਦਸ ਜਾਮੇ ਧਾਰਨ ਕਰਕੇ ਹੀ ਇਹ ਸਪੱਸ਼ਟ ਕਰ ਦਿੱਤਾ, ਕਿ ਸਦੀਆਂ ਤੋਂ ਇਸ ਪੱਧਰ ਤੇ ਮਾਨਸਿਕ ਗੁਲਾਮੀ ਕਬੂਲ ਚੁੱਕੇ ਸਮਾਜ ਨੂੰ ਕੁਝ ਸਾਲਾਂ ਵਿੱਚ ਹੀ ਮੁਕਤ ਨਹੀਂ ਕਰਾਇਆ ਜਾ ਸਕਦਾ ਸਗੋਂ ਇਸ ਕੰਮ ਲਈ ਵਧੇਰੇ ਸਮੇਂ ਦੀ ਲੋੜ ਹੈ। ਐਸਾ ਨਹੀਂ, ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਅਗੋਂ ਸਰੀਰਕ ਗੁਰੂ ਦੀ ਪ੍ਰਥਾ ਨੂੰ ਇਸ ਕਰਕੇ ਖਤਮ ਕਰ ਦਿੱਤਾ, ਕਿਉਂਕਿ ਸਤਿਗੁਰੂ ਨੇ ਇਹ ਮਹਿਸੂਸ ਕਰ ਲਿਆ ਸੀ, ਕਿ ਗੁਰੂ ਨਾਨਕ ਪਾਤਿਸ਼ਾਹ ਦੁਆਰਾ ਆਰੰਭਿਆ ਕਾਰਜ ਸੰਪੂਰਨ ਹੋ ਚੁੱਕਾ ਹੈ, ਬਲਕਿ ਉਹ ਇਲਾਹੀ, ਗਿਆਨ ਜਿਸ ਨੇ ਮਨੁੱਖੀ ਚੇਤਨਤਾ ਨੂੰ ਝੰਜੋੜ ਕੇ, ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਾਕੇ, ਸਚਿਆਰ ਧਰਮ ਦਾ ਪਾਂਧੀ ਬਨਾਉਣਾ ਸੀ, ਉਹ ਨਾ ਕੇਵਲ ਪ੍ਰਗਟ ਕੀਤਾ ਜਾ ਚੁੱਕਾ ਸੀ, ਬਲਕਿ ਗ੍ਰੰਥ ਸਾਹਿਬ ਦੇ ਸੰਪੂਰਨ ਅਤੇ ਸੁਚਜੇ ਰੂਪ ਵਿੱਚ ਸੰਕਲਤ ਕੀਤਾ ਜਾ ਚੁੱਕਾ ਸੀ। ਇਸੀ ਇਲਾਹੀ ਗਿਆਨ ਦੇ ਖਜਾਨੇ ਨੂੰ ਗੁਰਗੱਦੀ ਬਖਸ਼ ਕੇ, ਸਤਿਗੁਰੂ ਨੇ ਮਨੁੱਖਤਾ ਦਾ ਸਦੈਵੀ ਗੁਰੂ, ਗੁਰੂ ਗ੍ਰੰਥ ਸਾਹਿਬ ਬਣਾ ਦਿੱਤਾ। ਸਤਿਗੁਰੂ ਨਾਨਕ ਪਾਤਿਸ਼ਾਹ ਦੇ ਸਮੇਂ ਤੋਂ ਹੀ ਜੋ ਮਨੁੱਖ ਜਾਗ੍ਰਿਤ ਹੁੰਦੇ ਗਏ, ਉਹ ਸਿੱਖਾਂ ਦੇ ਰੂਪ ਵਿੱਚ ਗੁਰੂ ਘਰ ਨਾਲ ਜੁੜਦੇ ਗਏ ਅਤੇ ਜਥੇਬੰਦਕ ਹੁੰਦੇ ਗਏ। ਇਨ੍ਹਾਂ ਸਿੱਖਾਂ ਨੂੰ ਹੀ ਖਾਲਸੇ ਦੇ ਰੂਪ ਵਿੱਚ ਪ੍ਰਗਟ ਕਰਕੇ, ਸਤਿਗੁਰੂ ਨੇ ਗੁਰੂ ਨਾਨਕ ਪਾਤਿਸ਼ਾਹ ਦੇ ਇਨਕਲਾਬ ਨੂੰ ਸਦੈਵੀ ਬਨਾਉਣ ਦੀ ਜ਼ਿੰਮੇਂਵਾਰੀ ਪਾ ਦਿੱਤੀ। ਇਸ ਖਾਲਸੇ ਨੇ, ਜਿਥੇ, ਆਪਣੇ ਜੀਵਨ ਨੂੰ ਸਤਿਗੁਰੂ ਦੇ ਇਲਾਹੀ ਗਿਆਨ ਨਾਲ ਸਰੋਸ਼ਾਰ ਕਰਕੇ, ਹੋਰ ਬੁਲੰਦੀਆਂ ਵੱਲ ਲੈਕੇ ਜਾਣਾ ਸੀ, ਉਥੇ ਸਤਿਗੁਰੂ ਦੇ ਇਲਾਹੀ ਗਿਆਨ ਨਾਲ, ਪੂਰੀ ਮਨੁੱਖਤਾ ਨੂੰ ਵਹਿਮਾਂ ਭਰਮਾਂ ਅਤੇ ਕਰਮਕਾਂਡਾਂ ਦੇ ਬੰਧਨਾਂ ਤੋ ਮੁਕਤ ਕਰਾਕੇ, ਇਕ ਨਰੋਏ ਸਮਾਜ ਦੀ ਸਿਰਜਣਾ ਕਰਨੀ ਸੀ, ਜਿਸ ਨੂੰ ਗੁਰਬਾਣੀ ਵਿੱਚ ਬੇਗਮਪੁਰਾ ਦਾ ਨਾਂ ਦਿਤਾ ਗਿਆ ਹੈ। ਜਿਸ ਦੇ ਸਰੂਪ ਨੂੰ ਬਿਆਨ ਕਰਦੇ ਹੋਏ ਭਗਤ

ਰਵਿਦਾਸ ਜੀ ਲਿਖਦੇ ਹਨ:

"ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥" {ਪੰਨਾ 345}

ਉਸ ਸ਼ਹਿਰ (ਸਾਮਾਜਿਕ ਵਿਉਂਤ) ਦਾ ਨਾਮ ਹੈ ਬੇ-ਗ਼ਮਪੁਰਾ; ਉਸ ਥਾਂ ਨਾਹ ਕੋਈ ਦੁੱਖ ਹੈ, ਨਾਹ ਚਿੰਤਾ ਅਤੇ ਨਾਹ ਕੋਈ ਘਬਰਾਹਟ, ਉਥੇ ਦੁਨੀਆ ਵਾਲੀ ਜਾਇਦਾਦ ਨਹੀਂ ਅਤੇ ਨਾਹ ਹੀ ਉਸ ਜਾਇਦਾਦ ਨੂੰ ਮਸੂਲ ਹੈ; ਉਸ ਅਵਸਥਾ ਵਿਚ ਕਿਸੇ ਪਾਪ ਕਰਮ ਕਰਨ ਦਾ ਖ਼ਤਰਾ ਨਹੀਂ; ਕੋਈ ਡਰ ਨਹੀਂ; ਕੋਈ ਗਿਰਾਵਟ ਨਹੀਂ ।1।

ਅੱਜ ਸਿੱਖ ਕੌਮ ਵਿੱਚ ਵਰਤ ਰਹੇ ਵਰਤਾਰੇ ਵੱਲ ਧਿਆਨ ਮਾਰੀਏ, ਤਾਂ ਮਨ ਕੰਬ ਜਾਂਦਾ ਹੈ, ਕਿ ਕੀ ਇਹ ਕਰਮ ਉਹੀ ਖਾਲਸਾ ਕਰ ਰਿਹਾ ਹੈ, ਜਿਸ ਨੇ ਦੂਜਿਆਂ ਭਟਕੇ ਹੋਏ ਮਨੁੱਖਾਂ ਨੂੰ ਅਗਵਾਈ ਦੇਣੀ ਸੀ? ਹਰ ਦਿਨ ਹਰ ਰੋਜ਼, ਸਿੱਖੀ ਜੀਵਨ ਵਿੱਚ ਕੋਈ ਨਵੀਂ ਗਿਰਾਵਟ ਦੀ, ਦੁਖਦਾਈ ਖਬਰ ਸੁਣਨ, ਪੜ੍ਹਨ ਨੂੰ ਮਿਲਦੀ ਹੈ। ਪਿਛਲੇ ਦਿਨਾਂ ਵਿੱਚ ਵਾਪਰੀਆਂ ਦੋ ਮੰਦਭਾਗੀਆਂ ਘਟਨਾਵਾਂ ਕੌਮ ਦਾ ਵਿਸ਼ੇਸ਼ ਧਿਆਨ ਮੰਗਦੀਆਂ ਹਨ।

ਪਹਿਲਾ ਤਾਂ ਸੰਗਰੂਰ ਦੇ ਕੋਲ ਮਸਤੂਆਣੇ ਦੇ ਸਥਾਨ ਤੇ ਦਰਬਾਰ ਸਾਹਿਬ ਦੀ ਨਕਲ ਬਣਾਉਣਾ।

ਗੁਰਦੁਆਰੇ ਦੋ ਤਰ੍ਹਾਂ ਦੇ ਹਨ, ਇਕ ਇਤਿਹਾਸਕ, ਅਤੇ ਦੂਸਰੇ ਸਿੰਘ ਸਭਾ ਜਾਂ ਸੰਗਤੀ ਗੁਰਦੁਆਰੇ। ਇਤਿਹਾਸਕ ਉਹ ਸਥਾਨ ਹਨ, ਜਿਥੇ ਸਤਿਗੁਰੂ ਨੇ ਜਾਂ ਖਾਲਸੇ ਨੇ ਕੋਈ ਵਿਸ਼ੇਸ਼ ਕੌਤਕ ਵਰਤਾਇਆ, ਕੋਈ ਮਹੱਤਵ ਪੂਰਨ ਇਤਿਹਾਸਕ ਘਟਨਾ ਵਾਪਰੀ ਅਤੇ ਅਗਲੀਆਂ ਪੀੜ੍ਹੀਆਂ ਨੇ, ਉਸ ਦੀ ਯਾਦ ਵਿੱਚ, ਉਥੇ ਗੁਰਦੁਆਰਾ ਸਥਾਪਤ ਕਰ ਦਿੱਤਾ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਸ ਇਤਿਹਾਸਕ ਘਟਨਾ ਤੋਂ ਪ੍ਰੇਰਨਾ ਲੈ ਸਕਣ।

ਦੂਸਰੇ ਸਿੰਘ ਸਭਾ ਜਾਂ ਸੰਗਤੀ ਗੁਰਦੁਆਰੇ, ਜਿਥੇ ਵੀ ਸਿੱਖਾਂ ਦੀ ਕੁਝ ਵਸੋਂ ਹੁੰਦੀ ਹੈ, ਬਣਾ ਲਏ ਜਾਂਦੇ ਹਨ ਤਾਂ ਕਿ ਸੰਗਤਾਂ ਇਕੱਠੀਆਂ ਹੋਕੇ, ਸਤਿਸੰਗਤ ਕਰਕੇ, ਗੁਰਮਤਿ ਨਾਲ ਜੁੜੀਆਂ ਰਹਿਣ ਅਤੇ ਸਿੱਖਾਂ ਦੇ ਸਮਾਜਕ ਜੀਵਨ ਦੇ ਕਾਰਜਾਂ ਲਈ ਵੀ ਇਕ ਕੇਂਦਰ ਬਣ ਜਾਵੇ।

ਗੁਰਦੁਆਰਾ ਇਤਿਹਾਸਕ ਹੋਵੇ ਜਾਂ ਸੰਗਤੀ, ਇਕ ਤਾਂ ਦੋਹਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ, ਦੂਸਰਾ ਇਕ ਹੋਰ ਕਾਰਜ ਦੋਹਾਂ ਲਈ ਸਾਂਝਾ ਹੈ, ਉਹ ਹੈ ਗੁਰਮਤਿ ਪ੍ਰਚਾਰ, ਤਾਂਕਿ ਸੰਗਤਾਂ ਉਥੋਂ ਸਤਿਗੁਰੂ ਦਾ ਇਲਾਹੀ ਗਿਆਨ ਪ੍ਰਾਪਤ ਕਰ ਸਕਣ। ਇਸੇ ਲਈ ਸਤਿਗੁਰੂ ਬਾਣੀ ਵਿੱਚ ਵੀ ਫੁਰਮਾਉਂਦੇ ਹਨ:

"ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥
ਏਤੁ ਦੁਆਰੈ ਧੋਇ ਹਛਾ ਹੋਇਸੀ ॥" {ਸੂਹੀ ਮਹਲਾ ੧, ਪੰਨਾ ੭੩੦}


ਇਸੇ ਲਈ ਗੁਰਦੁਆਰੇ ਦੀ ਮਰਿਯਾਦਾ ਵਿੱਚ, ਰੋਜ਼ ਨੇਮ ਨਾਲ ਕੀਰਤਨ ਅਤੇ ਗੁਰਮਤਿ ਵਿਚਾਰਾਂ ਦਾ ਹੋਣਾ ਲਾਜ਼ਮੀ ਹੈ। ਜਿਥੇ ਇਹ ਦੋਵੇਂ ਕਾਰਜ ਨੇਮ ਨਾਲ ਨਹੀਂ ਹੋ

ਰਹੇ, ਸਪਸ਼ਟ ਹੈ ਕਿ ਉਥੇ ਮਰਿਯਾਦਾ ਦਾ ਪਾਲਨ ਨਹੀਂ ਹੋ ਰਿਹਾ। ਗੁਰਦੁਆਰੇ ਦੇ ਨਾਲ ਲੰਗਰ ਹੋਣਾ, ਯਾਤਰੂਆਂ ਦੇ ਠਹਿਰਨ ਦਾ ਪ੍ਰਬੰਧ ਹੋਣਾ, ਹਸਪਤਾਲ ਜਾਂ ਡਿਸਪੈਂਸਰੀ ਆਦਿ ਹੋਣਾ ਬਹੁਤ ਚੰਗੀ ਗੱਲ ਹੈ, ਪਰ ਇਹ ਗੁਰਮਤਿ ਪ੍ਰਚਾਰ ਦਾ ਬਦਲ ਨਹੀਂ ਹੋ ਸਕਦੇ। ਗੁਰਦੁਆਰੇ ਦਾ ਅਸਲ ਮਕਸਦ ਤਾਂ ਗੁਰਮਤਿ ਪ੍ਰਚਾਰ ਹੀ ਹੈ। ਕਿਸੇ ਤਰ੍ਹਾਂ ਵੀ ਗੁਰਦੁਆਰਾ ਪੂਜਾ ਦਾ ਸਥਾਨ ਨਹੀਂ ਹੈ। ਇਹ ਅਲੱਗ ਗੱਲ ਹੈ ਕਿ ਸਿੱਖ ਸਿਧਾਂਤਾਂ ਦੀ ਚੇਤਨਤਾ ਨਾ ਹੋਣ ਕਾਰਨ, ਵਿਰਲੇ ਸਿੱਖ ਹੀ ਗੁਰਦੁਆਰੇ ਗੁਰਮਤਿ ਦ੍ਰਿੜ ਕਰਨ ਲਈ ਜਾਂਦੇ ਹਨ। ਬਹੁਤੇ ਤਾਂ ਪੂਜਾ ਕਰਨ ਲਈ ਹੀ ਜਾਂਦੇ ਹਨ। ਉਸ ਤੋਂ ਵੀ ਵਧੇਰੇ ਦੁੱਖਦਾਈ ਗੱਲ ਇਹ ਹੈ ਕਿ ਬਹੁਤੇ ਗੁਰਦੁਆਰਿਆਂ ਵਿੱਚ ਗੁਰਮਤਿ ਪ੍ਰਚਾਰ ਵਾਸਤੇ ਪ੍ਰਚਾਰਕ ਹੀ ਨਹੀਂ। ਜਿਥੇ ਹਨ ਵੀ, ਯੋਗ ਪ੍ਰਚਾਰਕ ਤਾਂ ਬਹੁਤ ਹੀ ਘੱਟ ਗੁਰਦੁਆਰਿਆਂ ਵਿੱਚ ਹਨ।

ਇਕ ਤੀਸਰੇ ਤਰ੍ਹਾਂ ਦੇ ਗੁਰਦੁਆਰੇ ਬਣ ਗਏ ਹਨ, ਇਹ ਹਨ ਡੇਰੇ। ਵੈਸੇ ਤਾਂ ਇਨ੍ਹਾਂ ਨੂੰ ਗੁਰਦੁਆਰਾ ਕਹਿਣਾ ਹੀ ਠੀਕ ਨਹੀਂ, ਕਿਉਂਕਿ ਸਿਵਾਏ ਇਸ ਦੇ ਕਿ ਇਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੁੰਦਾ ਹੈ, ਇਹ ਹੋਰ ਕਿਸੇ ਤਰ੍ਹਾਂ ਵੀ ਗੁਰਦੁਆਰੇ ਦੀ ਪਰਿਭਾਸ਼ਾ ਉਤੇ ਖਰੇ ਨਹੀਂ ਉਤਰਦੇ। ਇਹ ਮੂਲ ਰੂਪ ਵਿੱਚ ਪੂਜਾ ਦੇ ਸਥਾਨ ਹਨ। ਹੋਰ ਤਾਂ ਹੋਰ ਇਥੇ ਪੂਜਾ ਵੀ ਸ਼ਖਸੀ ਕੀਤੀ ਜਾਂਦੀ ਹੈ। ਹਰ ਡੇਰੇ ਦਾ ਕੋਈ ਡੇਰੇਦਾਰ ਹੁੰਦਾ ਹੈ। ਜਿਸ ਨੂੰ ਸੰਤ, ਮਹੰਤ ਜਾਂ ਬਾਬਾ ਆਦਿ ਕਿਹਾ ਜਾਂਦਾ ਹੈ, ਅਸਲ ਵਿੱਚ ਉਸੇ ਦੀ ਪੂਜਾ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤਾਂ ਕੇਵਲ ਭੋਲੇ-ਭਾਲੇ ਲੋਕਾਂ ਨੂੰ ਭਰਮ ਜਾਲ ਵਿੱਚ ਫਸਾਉਣ ਲਈ ਕੀਤਾ ਜਾਂਦਾ ਹੈ, ਸੰਗਤਾਂ ਨੂੰ ਮੂਰਖ ਬਨਾਉਣ ਲਈ ਹੀ ਇਨ੍ਹਾਂ ਡੇਰਿਆਂ ਤੇ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਦਾ ਅਡੰਬਰ ਵੀ ਖੂਬ ਰਚਿਆ ਜਾਂਦਾ ਹੈ। ਅਸਲ ਵਿੱਚ ਤਾਂ ਇਹ ਧਰਮ ਦੇ ਨਾਂ ਤੇ ਖੋਲ੍ਹੀਆਂ ਗਈਆਂ ਦੁਕਾਨਾਂ ਹਨ। ਇਸੇ ਲਈ ਅੱਜਕਲ ਬਹੁਤ ਨਵੇਂ ਡੇਰੇ ਪ੍ਰਮੁਖ ਸੜਕਾਂ ਉਤੇ ਖੋਲ੍ਹੇ ਜਾਂਦੇ ਹਨ, ਤਾਂਕਿ ਮੁੱਖ ਮਾਰਗਾਂ ਤੋਂ ਲੰਘ ਰਹੇ ਲੋਕਾਂ ਨੂੰ ਆਪਣੇ ਵੱਲ ਖਿਚਿਆ ਜਾ ਸਕੇ। ਬਿਲਕੁਲ ਉਵੇਂ, ਜਿਵੇਂ ਕੋਈ ਦੁਕਾਨ ਖੋਲਣ ਲਈ ਮੁੱਖ ਮਾਰਕੀਟ ਨੂੰ ਪਹਿਲ ਦੇਂਦਾ ਹੈ। ਜੇ ਮਕਸਦ ਗੁਰਮਤਿ ਪ੍ਰਚਾਰ ਕਰਨਾ ਹੋਵੇ ਤਾਂ ਫੇਰ ਤਾਂ ਵਸੋਂ ਦੇ ਨੇੜੇ ਕੋਈ ਇਕਾਂਤ ਸਥਾਨ ਚੁਣਿਆ ਜਾਣਾ ਚਾਹੀਦਾ ਹੈ। ਅਸਲ ਵਿੱਚ ਇਹ ਡੇਰੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਿੰਦੂਤਵੀ ਤਾਕਤਾਂ ਦੇ ਏਜੰਟ ਹਨ, ਜੋ ਸਿੱਖ ਕੌਮ ਨੂੰ ਅਲੌਕਿਕ ਗੁਰਮਤਿ ਵਿਚਾਰਧਾਰਾ ਨਾਲੋਂ ਤੋੜ ਕੇ ਇਸਨੂੰ ਵਾਪਸ ਬ੍ਰਾਹਮਣੀ ਕਰਮਕਾਂਡਾਂ ਵਿੱਚ ਗਲਤਾਨ ਕਰਨ ਦਾ ਕੰਮ ਕਰ ਰਹੇ ਹਨ। ਬਹੁਤ ਗੁਰਦੁਆਰਿਆਂ ਵਿੱਚ ਵੀ ਇਨ੍ਹਾਂ ਡੇਰਿਆਂ ਤੋਂ ਸਿੱਖਿਆਂ ਲੈਕੇ ਆਏ ਨੀਮ ਹਕੀਮ ਪ੍ਰਚਾਰਕ ਬਣ ਕੇ ਬੈਠੇ ਹਨ, ਜੋ ਸੰਗਤਾਂ ਨੂੰ ਗੁਰਮਤਿ ਨਾਲ ਘੱਟ ਅਤੇ ਬ੍ਰਾਹਮਣੀ ਕਰਮਕਾਂਡਾਂ ਨਾਲ ਵਧੇਰੇ ਜੋੜ ਰਹੇ ਹਨ।

ਉਂਜ ਤਾਂ ਇਨ੍ਹਾਂ ਵਿਚੋਂ ਬਹੁਤੇ ਆਪ ਵੀ ਨਹੀਂ ਚਾਹੁੰਦੇ ਕਿ ਇਨ੍ਹਾਂ ਦੇ ਡੇਰੇ ਨੂੰ ਗੁਰਦੁਆਰਾ ਕਿਹਾ ਜਾਵੇ, ਕਿਉਂਕਿ ਇਕ ਤਾਂ ਇਹ ਆਪਣਾ ਵਖਰੇਵਾਂ ਬਣਾਈ ਰਖਣਾ ਚਾਹੁੰਦੇ ਹਨ, ਦੂਸਰਾ ਇਨ੍ਹਾਂ ਨੂੰ ਇਹ ਡਰ ਖਾਈ ਜਾਂਦਾ ਹੈ ਕਿ ਗੁਰਦੁਆਰਾ ਕਹਿਣ ਨਾਲ ਕਿਤੇ ਇਨ੍ਹਾਂ ਦੇ ਡੇਰੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਨਾ ਆ ਜਾਣ, ਕਈ ਇਸੇ ਡਰ ਤੋਂ ਨਿਸ਼ਾਨ ਸਾਹਿਬ ਵੀ ਨਹੀਂ ਲਾਉਂਦੇ, ਜੋ ਕਿ ਪੰਥਕ ਫੈਸਲੇ ਅਨੁਸਾਰ ਹਰ ਗੁਰਦੁਆਰੇ ਲਈ ਜ਼ਰੂਰੀ ਹੈ। ਇਸ ਲਈ ਇਹ ਇਨ੍ਹਾਂ ਸਥਾਨਾਂ ਨੂੰ ਡੇਰਾ, ਠਾਠ ਯਾ ਟਿਕਾਣਾ ਆਦਿ ਦੇ ਨਾਵਾਂ ਨਾਲ ਬੁਲਾਉਂਦੇ ਹਨ। ਇਹ ਡੇਰੇ ਠਾਠ ਯਾ ਟਿਕਾਣੇ ਗੁਰਦੁਆਰਿਆਂ ਦੇ ਪੂਰਕ ਨਹੀਂ, ਬਲਕਿ ਸ਼ਰੀਕ ਹਨ। ਹਰ ਚੰਗੀ ਮਾਨਤਾ ਵਾਲੇ ਗੁਰਦੁਆਰੇ ਦੇ ਮੁਕਾਬਲੇ ਤੇ ਕੋਈ ਨਾ ਕੋਈ ਬਾਬਾ ਆਪਣਾ ਡੇਰਾ ਜਰੂਰ ਬਣਾ ਲੈਂਦਾ ਹੈ। ਇਥੋਂ ਤੱਕ ਕਿ ਕਈਆਂ ਨੇ ਤਾਂ ਆਪਣੇ ਡੇਰਿਆਂ ਨਾਲ ਆਪੇ ਘੜੇ ਇਤਿਹਾਸ ਵੀ ਜੋੜ ਲਏ ਹਨ।

ਹੁਣ ਤਾਂ ਸਿੱਖਰ ਹੋ ਗਈ ਹੈ ਜਦੋਂ ਸੰਗਰੂਰ ਦੇ ਕੋਲ ਮਸਤੂਆਣਾ ਨਾਂ ਦੇ ਸਥਾਨ ਤੇ ਬਲਵੰਤ ਸਿੰਘ ਸਿਹੋੜੇ ਵਾਲੇ ਅਤੇ ਸਾਧੂ ਸਿੰਘ ਨਾਂ ਦੇ ਪਾਖੰਡੀ ਬਾਬਿਆਂ ਨੇ ਦਰਬਾਰ ਸਾਹਿਬ ਦੀ ਇਨ-ਬਿਨ ਨਕਲ ਤਿਆਰ ਕਰ ਦਿੱਤੀ। ਪਹਿਲਾਂ ਤਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਦਰਬਾਰ ਸਾਹਿਬ ਕੋਈ ਆਮ ਗੁਰਦੁਆਰਾ ਨਹੀਂ। ਇਹ ਸਤਿਗੁਰੂ ਦੁਆਰਾ ਆਪ ਤਿਆਰ ਕਰਾਇਆ ਗਿਆ, ਸਿੱਖੀ ਦਾ ਕੇਂਦਰ ਹੈ, ਅਤੇ ਕੇਂਦਰ ਕੇਵਲ ਇਕ ਹੀ ਹੋਇਆ ਕਰਦਾ ਹੈ। ਸਿੱਖ ਇਤਿਹਾਸ ਅਤੇ ਸਿੱਖ ਮਾਨਸਿਕਤਾ ਵਿੱਚ ਇਸ ਦਾ ਆਪਨਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ।



ਮਸਤੂਆਣਾ ਜਿਲਾ ਸੰਗਰੂਰ ਵਿੱਚ ਦਰਬਾਰ ਸਾਹਿਬ ਦੇ ਮੁਕਾਬਲੇ ਤੇ ਤਿਆਰ ਕੀਤਾ ਜਾ ਰਿਹਾ ਨਕਲੀ ਦਰਬਾਰ ਸਾਹਿਬ

ਇਥੇ ਇਹ ਵੀ ਸਮਝ ਲੈਣਾ ਜ਼ਰੂਰੀ ਹੈ ਕਿ ਸ਼ੁਰੂ ਤੋਂ ਅੱਜ ਤਕ ਅੰਮ੍ਰਿਤਸਰ ਨਗਰ ਦੀ ਮਹੱਤਤਾ ਦਰਬਾਰ ਸਾਹਿਬ ਕਰਕੇ ਹੈ, ਨਾ ਕਿ ਦਰਬਾਰ ਸਾਹਿਬ ਦੀ ਅੰਮ੍ਰਿਤਸਰ ਨਗਰ ਕਰਕੇ। ਦਰਬਾਰ ਸਾਹਿਬ ਸਿੱਖੀ ਦਾ ਧੁਰਾ ਹੈ। ਸਿੱਖ ਦੁਨੀਆਂ ਵਿੱਚ ਕਿਧਰੇ ਵੀ ਵਸਿਆ ਹੋਵੇ, ਉਹ ਦਰਬਾਰ ਸਾਹਿਬ ਨਾਲ ਜ਼ਰੂਰ ਜੁੜਿਆ ਹੋਇਆ ਹੈ। ਸਿੱਖ ਦੇ ਦਰਬਾਰ ਸਾਹਿਬ ਨਾਲ ਜਜ਼ਬਾਤੀ ਰਿਸ਼ਤੇ ਨੂੰ ਸ਼ਾਇਦ ਲਫਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਜਿਵੇਂ ਕੋਈ ਜਾਨਵਰ ਮਾਲਕ ਦੇ ਕਿੱਲੇ ਨਾਲ ਬਝਾ ਪਾਲਤੂ ਕਹਾਉਂਦਾ ਹੈ, ਅਤੇ ਕਿੱਲੇ ਨਾਲੋਂ ਛੁਟ ਕੇ ਲਵਾਰਸ ਜਾਂ ਅਵਾਰਾ, ਤਿਵੇਂ ਜਿਹੜਾ ਸਿੱਖ ਦਰਬਾਰ ਸਾਹਿਬ ਨਾਲੋਂ ਅਤੇ ਦਰਬਾਰ ਦੀ ਰੂਹ ਗੁਰੂ ਗ੍ਰੰਥ ਸਾਹਿਬ ਤੋਂ ਟੁਟ ਗਿਆ, ਉਹ ਨਾ ਦੀਨ ਦਾ ਰਿਹਾ, ਨਾ ਦੁਨੀ ਦਾ। ਇਸੇ ਵਾਸਤੇ ਜਦੋਂ ਵੀ ਕਿਸੇ ਪੰਥ ਦੁਸ਼ਮਨ ਨੇ ਸਿੱਖੀ ਨੂੰ ਬਰਬਾਦ ਕਰਨ ਦੀ ਸੋਚੀ, ਉਸ ਦਾ ਪਹਿਲਾ ਅਤੇ ਪ੍ਰਮੁਖ ਨਿਸ਼ਾਨਾ ਦਰਬਾਰ ਸਾਹਿਬ ਰਿਹਾ। ਗੱਲ ਭਾਵੇਂ ਪਠਾਨਾਂ ਦੀ ਕਰੀਏ, ਅਫਗਾਨਾਂ ਦੀ ਜਾਂ ਭਾਰਤ ਦੇ ਅੱਜ ਦੇ ਹਾਕਮਾਂ ਦੀ। ਦਿੱਲੀ ਦੇ ਮੁਗਲ ਹਾਕਮਾਂ ਦੀ ਕਰੀਏ, ਹਮਲਾਵਾਰ ਅਬਦਾਲੀ ਦੀ, ਦੁਰਾਨੀ ਦੀ ਜਾਂ ਇੰਦਰਾ ਗਾਂਧੀ ਦੀ। ਸਿੱਖਾਂ ਦੇ ਦਰਬਾਰ ਸਾਹਿਬ ਨਾਲ ਜਜ਼ਬਾਤੀ ਰਿਸ਼ਤੇ ਨੂੰ ਇਸ ਗੱਲ

ਤੋਂ ਵੀ ਸਪਸ਼ਟ ਸਮਝਿਆ ਜਾ ਸਕਦਾ ਹੈ ਕਿ ਸਿੱਖਾਂ ਨੇ ਕਿਸੇ ਵੀ ਹਮਲਾਵਾਰ ਨੂੰ ਨਹੀਂ ਬਖਸ਼ਿਆ। ਜੇ ਮੱਸੇ ਰੰਘੜ ਦਾ ਇਤਿਹਾਸ ਪੜ੍ਹਦੇ, ਸੁਣਦੇ ਰਹੇ ਹਾਂ, ਕਿ ਭਰੇ ਦਰਬਾਰ ਚੋਂ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਉਸ ਦਾ ਸਿਰ ਵੱਢ ਕੇ ਲੈ ਗਏ ਤਾਂ ਇੰਦਰਾ ਗਾਂਧੀ ਨੂੰ ਉਸ ਦੇ ਘਰ ਵਿੱਚ, ਅਤੇ ਉਸ ਦੇ ਜਰਨੈਲ ਵੈਦਿਆ ਨੂੰ, ਸਰੇ ਬਾਜ਼ਾਰ, ਸਜ਼ਾ ਯਾਫਤਾ ਕੀਤੇ ਜਾਣ ਦਾ ਇਤਿਹਾਸ ਅਸੀਂ ਆਪਣੀਆਂ ਅੱਖਾਂ ਸਾਹਮਣੇ ਸਿਰਜਿਆ ਜਾਂਦਾ ਵੇਖਿਆ ਹੈ।

ਹਮਲਾ ਦਰਬਾਰ ਸਾਹਿਬ ਤੇ ਅੱਜ ਫੇਰ ਹੋਇਆ ਹੈ, ਪਰ ਇਹ ਹਮਲਾ ਪਹਿਲੇ ਵਾਂਗੂ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹੁਣ ਲਈ ਨਹੀਂ। ਕਿਉਂਕਿ ਪੰਥ ਦੁਸ਼ਮਨਾਂ ਨੇ ਇਮਾਰਤ ਤੇ ਪਹਿਲਾਂ ਵੀ ਹਮਲੇ ਕਰਕੇ ਵੇਖ ਲਿਆ ਹੈ, ਕਿ ਜੋ ਦਰਬਾਰ ਸਾਹਿਬ ਸਿੱਖਾਂ ਦੇ ਹਿਰਦਿਆਂ ਵਿੱਚ ਉਕਰਿਆ ਹੋਇਆ ਹੈ ਉਹ ਨਹੀਂ ਢਹਿੰਦਾ ਅਤੇ ਸਿੱਖ ਇਮਾਰਤ ਫੇਰ ਪਹਿਲਾਂ ਵਰਗੀ ਬਣਾ ਲੈਂਦੇ ਹਨ। ਹੁਣ ਹਮਲਾ ਵਧੇਰੇ ਖਤਰਨਾਕ ਹੈ। ਇਹ ਹਮਲਾ ਹੈ ਦਰਬਾਰ ਸਾਹਿਬ ਦੀ ਅਹਿਮੀਅਤ ਘਟਾਉਣ ਦਾ। ਦਰਬਾਰ ਸਾਹਿਬ ਦੇ ਮੁਕਾਬਲੇ ਵਿੱਚ ਇਨ-ਬਿਨ ਦਰਬਾਰ ਸਾਹਿਬ ਦੀ ਨਕਲ ਤਿਆਰ ਕਰ ਦਿੱਤੀ ਗਈ ਹੈ। ਇਹ ਇਕ ਸਥਾਪਤ ਸਚਾਈ ਹੈ ਕਿ ਜਿਸ ਚੀਜ਼ ਜਾਂ ਸ਼ਖਸੀਅਤ ਦੀ ਮਹੱਤਤਾ ਘਟਾਉਣੀ ਹੋਵੇ, ਉਸ ਦੇ ਬਰਾਬਰ ਉਸ ਵਰਗੀ ਹੋਰ ਚੀਜ਼ ਬਣਾ ਦਿਓ ਜਾਂ ਉਸ ਸ਼ਖਸੀਅਤ ਦੇ ਬਰਾਬਰ ਹੋਰ ਸ਼ਖਸੀਅਤ ਖੜੀ ਕਰ ਦਿਓ, ਅਤੇ ਪ੍ਰਾਪੇਗੰਡਾ ਕਰਕੇ ਉਸ ਨੂੰ ਵਧੇਰੇ ਮਾਨਤਾ ਦੇਣੀ ਸ਼ੁਰੂ ਕਰ ਦਿਓ। ਬਿਲਕੁਲ ਉਵੇਂ, ਜਿਵੇਂ ਅਜ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਬਚਿੱਤਰ ਨਾਟਕ ਨਾਂ ਦੀ ਕਿਤਾਬ ਨੂੰ ਦਸਮ ਗ੍ਰੰਥ ਦੇ ਨਾਂ ਤੇ ਉਭਾਰਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਹਿੰਦੂਤਵੀ ਤਾਕਤਾਂ ਦੁਆਰਾ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੀ ਨਕਲ ਤੇ ਦੁਰਗਿਆਨਾ ਮੰਦਿਰ ਬਣਾ ਕੇ ਇਹ ਕੋਸ਼ਿਸ਼ ਕੀਤੀ ਗਈ ਸੀ। ਅਸਲ ਵਿੱਚ ਅੱਜ ਸਿੱਖ ਕੌਮ ਦੀ ਹਰ ਪ੍ਰਮੁਖ ਸੰਸਥਾ ਹਮਲੇ ਅਧੀਨ ਹੈ।

ਪਖੰਡੀ ਸਾਧ ਬਲਵੰਤ ਸਿੰਘ ਸਿਹੋੜੇ ਵਾਲਾ ਜੋ ਪਿਛਲੇ ਦਿਨਾਂ ਵਿੱਚ ਇਸ ਦਾ ਸਰੋਵਰ ਆਦਿ ਬਣਵਾਕੇ ਇਸ ਨੂੰ ਪੂਰਨ ਕਰਨ ਦੀ ਅਖੌਤੀ ਸੇਵਾ ਕਰਵਾ ਰਿਹਾ ਸੀ, ਦਾ ਇਹ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਆਪ ਉਸ ਨੂੰ ਆਦੇਸ਼ ਕੀਤਾ ਸੀ ਕਿ ਇਹ ਇਮਾਰਤ ਅਤੇ ਸਰੋਵਰ ਉਸ ਨੇ ਬਨਾਉਣਾ ਹੈ। ਹੈਰਾਨਗੀ ਦੀ ਗੱਲ ਹੈ, ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਉਸ ਨੂੰ ਮਿਲੇ ਕਿਥੇ? ਜ਼ਾਹਿਰ ਹੈ ਕਿਤੇ ਸੁਫਨੇ ਵਿੱਚ ਮਿਲੇ ਹੋਣਗੇ। ਸੁਫਨੇ ਵਿੱਚ ਆਕੇ ਉਨ੍ਹਾਂ ਇਹ ਨਹੀਂ ਕਿਹਾ, ਕਿ ਪੰਜਾਬ ਵਿੱਚ 90 % ਸਿੱਖ ਪਤਿਤ ਹੋ ਗਿਆ ਹੈ, ਸਿੱਖੀ ਨੂੰ ਮੁੜ ਸੁਰਜੀਤ ਕਰਨ ਲਈ ਕੋਈ ਪ੍ਰਚਾਰ ਲਹਿਰ ਚਲਾਓ, ਨਾਂ ਇਹ ਕਿਹਾ ਕਿ ਪੰਜਾਬ ਨਸ਼ਿਆਂ ਵਿੱਚ ਗਲਤਾਨ ਹੋਕੇ, ਬਰਬਾਦ ਹੁੰਦਾ ਜਾ ਰਿਹਾ ਹੈ, ਇਸ ਨੂੰ ਬਚਾਉਣ ਦੇ ਕੋਈ ਉਪਰਾਲੇ ਕਰੋ। ਸਿੱਧਾ ਇਹ ਹੀ ਕਿਹਾ, ਕਿ ਮਹਾਂਪੁਰਖੋ(ਮਹਾਂਮੂਰਖੋ) ਤੁਸੀਂ ਸਤਿਗੁਰੂ ਰਾਮਦਾਸ ਪਾਤਿਸ਼ਾਹ ਦੇ ਮੁਕਾਬਲੇ ਤੇ ਉਤਰ ਆਓ, ਅਤੇ ਉਨ੍ਹਾਂ ਦੁਆਰਾ ਸਥਾਪਿਤ ਕੀਤੇ ਸਿੱਖੀ ਦੇ ਕੇਂਦਰ ਦੇ ਮੁਕਾਬਲੇ ਤੇ ਇਕ ਇਮਾਰਤ ਖੜ੍ਹੀ ਕਰਕੇ, ਦਰਬਾਰ ਸਾਹਿਬ ਦੀ ਅਹਿਮੀਅਤ ਘਟਾ ਦਿਓ, ਅਤੇ ਸਿੱਖਾਂ ਨੂੰ ਵੰਡਣ ਵਾਸਤੇ ਕੰਮ ਸ਼ੁਰੂ ਕਰ ਦਿਓ। ਵਾਹ ! ਕਿਆ ਲਾਜਵਾਬ ਢਕੌਂਸਲੇ ਬਾਜ਼ੀ ਹੈ। ਪਰ ਇਨ੍ਹਾਂ ਦੀਆਂ ਢਕੌਂਸਲੇ ਬਾਜ਼ੀਆਂ ਚਲਦੀਆਂ ਹਨ, ਕਿਉਂਕਿ ਗੁਰਬਾਣੀ ਤੋਂ ਟੁੱਟ ਚੁੱਕੇ ਇਨ੍ਹਾਂ ਦੇ ਪੈਰੋਕਾਰਾਂ ਨੂੰ ਇਨ੍ਹਾਂ ਤੇ ਅੰਨ੍ਹਾ ਵਿਸ਼ਵਾਸ ਹੈ, ਕਿ ਐਡੇ ਵੱਡੇ ਮਹਾਂਪੁਰਖ ਝੂਠ ਥੋੜ੍ਹਾ ਬੋਲ ਸਕਦੇ ਹਨ।(ਹਾਲਾਂਕਿ ਸੱਚ ਇਹ ਹੈ, ਕਿ ਇਹ ਪਾਖੰਡੀ, ਵੱਸ ਲੱਗਿਆਂ ਕਦੇ ਸੱਚ ਨਹੀਂ ਬੋਲਦੇ, ਹਾਂ ਕਿਤੇ ਅਣਭੋਲ ਮੂੰਹੋਂ ਸੱਚ ਨਿਕਲ ਜਾਵੇ ਜਾਂ ਮਜਬੂਰੀ ਵਿੱਚ ਬੋਲਣਾ ਪੈ

ਜਾਵੇ ਤਾਂ ਅਲੱਗ ਗੱਲ ਹੈ)। ਉਨ੍ਹਾਂ ਨੂੰ ਇਤਨਾ ਵੀ ਨਹੀਂ ਨਜ਼ਰ ਆਉਂਦਾ ਕਿ ਸੁਫਨੇ ਦੇ ਨਾਂਅ ਤੇ ਕੌਮ ਦੀ ਕਿਸ ਸ਼੍ਰੋਮਣੀ ਸੰਸਥਾ ਤੇ ਹਮਲਾ ਕੀਤਾ ਜਾ ਰਿਹਾ ਹੈ। ਉਹ ਤਾਂ ਇਸ ਮਹਾਂਪਾਪ ਨੂੰ ਵੀ ਪਾਖੰਡੀ ਮਹਾਂਪੁਰਖਾਂ ਦਾ ਵੱਡਾ ਉਪਕਾਰ, ਅਤੇ ਵੱਡਾ ਧਰਮ ਦਾ ਕਾਰਜ ਸਮਝ ਰਹੇ ਹਨ। ਇਹ ਹਮਲਾ ਇਤਨਾ ਖਤਰਨਾਕ ਹੈ ਕਿ ਇਹ ਇਸ ਨਕਲੀ ਦਰਬਾਰ ਸਾਹਿਬ ਦੇ ਸਾਹਮਣੇ ਇਕ ਹੋਰ ਅਕਾਲ ਤਖ਼ਤ ਬਨਾਉਣ ਦਾ ਐਲਾਨ ਵੀ ਕਰ ਚੁਕੇ ਹਨ। ਮਾਲਵੇ ਦਾ ਅਲੱਗ ਅਕਾਲ ਤਖ਼ਤ। ਕੌਮ ਨੂੰ ਟੁਕੜੇ ਟੁਕੜੇ ਕਰਨ ਅਤੇ ਕੌਮ ਦੀਆਂ ਪ੍ਰਮੁਖ ਸੰਸਥਾਵਾਂ ਨੂੰ ਬਰਬਾਦ ਕਰਨ ਵਿੱਚ ਹੈ ਕੋਈ ਕਸਰ?

ਦੁੱਖ ਅਤੇ ਹੈਰਾਨੀ ਨਾ ਇਨ੍ਹਾਂ ਪਖੰਡੀਆਂ ਦੇ ਝੂਠੇ ਸੁਫਨਿਆਂ ਤੇ ਹੈ, ਅਤੇ ਨਾਂ ਹੀ ਇਨ੍ਹਾਂ ਦੇ ਅਗਿਆਨੀ ਪੈਰੋਕਾਰਾਂ ਦੇ ਕਿਰਦਾਰ ਤੇ, ਬਲਕਿ ਇਸ ਗੱਲ ਦੀ ਹੈ ਕਿ ਸਿੱਖ ਕੌਮ ਕਿੱਥੇ ਸੁੱਤੀ ਪਈ ਹੈ? ਅਸਲ ਵਿੱਚ ਇਨ੍ਹਾਂ ਲੋਕਾਂ ਦਾ ਹੌਂਸਲਾ ਇਸ ਕਰਕੇ ਵੀ ਹੋਰ ਵੱਧ ਜਾਂਦਾ ਹੈ ਕਿਉਂਕਿ ਪਹਿਲਾਂ ਵੀ ਸੁਫਨਿਆਂ ਦੇ ਅਧਾਰ ਤੇ ਬਣੇ ਕਈ ਗੁਰਦੁਆਰਿਆਂ ਨੂੰ ਸੰਗਤਾਂ ਵਲੋਂ ਭਰਪੂਰ ਮਾਨਤਾ ਮਿਲ ਚੁੱਕੀ ਹੈ।

ਮਈ-ਜੂਨ 2009 ਵਿੱਚ ਇਸ ਨਕਲੀ ਦਰਬਾਰ ਸਾਹਿਬ ਦੇ ਵਿੱਸ਼ੇ ਤੇ ਕੁਝ ਰੌਲਾ ਰੱਪਾ ਪੈਣ ਨਾਲ, ਜਾਪਿਆ ਜਿਵੇਂ ਕੌਮ ਵਿੱਚ ਕੁਝ ਜਾਗ੍ਰਿਤੀ ਆਈ ਹੋਵੇ। ਜਿਥੇ ਸ਼੍ਰੋਮਣੀ ਕਮੇਟੀ ਵਿੱਚ ਕੁਝ ਹਿਲਜੁਲ ਵੇਖਣ ਨੂੰ ਮਿਲੀ, ਅਕਾਲ ਤਖਤ ਸਾਹਿਬ ਦੇ ਮੁੱਖ ਸੇਵਾਦਾਰ ਨੇ ਵੀ ਵਿਸ਼ੇ ਦੀ ਮਹਤੱਤਾ ਨੂੰ ਸਮਝਦੇ ਹੋਏ, 20 ਜੂਨ 2009 ਨੂੰ ਪੰਥਕ ਜਥੇਬੰਦੀਆਂ ਦੀ ਇਕ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿੱਖੇ ਸੱਦ ਲਈ। ਇਕ ਵਾਰੀ ਤਾਂ ਇੰਜ ਜਾਪਿਆ ਜਿਵੇਂ ਮਹੱਤਵ ਪੂਰਨ ਕੌਮੀ ਮਸਲਿਆਂ ਨੂੰ ਹਲ ਕਰਨ ਲਈ ਪੁਰਾਤਨ ਸਰਬਤ ਖਾਲਸਾ ਦੀ ਮਰਿਆਦਾ ਸੁਰਜੀਤ ਕਰਨ ਵਲ ਵਧ ਰਹੇ ਹੋਈਏ। ਇਸ ਮੀਟਿੰਗ ਤੋਂ ਪਹਿਲਾਂ ਮੇਰੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ ਅਵਤਾਰ ਸਿੰਘ ਨਾਲ ਗੱਲ ਹੋਈ ਤਾਂ ਉਨ੍ਹਾਂ ਅਖਿਆ ਸ੍ਰ. ਰਾਜਿੰਦਰ ਸਿੰਘ ਜੀ, ਇਕ ਵਾਰੀ ਇਹ ਸੇਵਾ ਸਾਨੂੰ ਮਿਲ ਜਾਣ ਦਿਓ, ਇਹ ਸਾਰੀ ਜ਼ਮੀਨ ਜਾਇਦਾਦ ਸਾਡੀ ਹੈ, ਨਾਲੇ ਇਸ ਬਹਾਨੇ ਇਸ ਦਾ ਕਬਜ਼ਾ ਸਾਨੂੰ ਮਿਲ ਜਾਵੇਗਾ, ਨਾਲੇ ਬਗੈਰ ਢਾਹੇ, ਇਸ ਇਮਾਰਤ ਦੀ ਉਹ ਹਾਲਤ ਕਰ ਦੇਵਾਂਗੇ ਕਿ ਉਥੇ ਖਿੜਕੀਆਂ ਦਰਵਾਜ਼ਿਆ ਤੱਕ ਕੁਝ ਨਹੀਂ ਨਜ਼ਰ ਆਵੇਗਾ। ਪਰ ਪੁੱਟਿਆ ਪਹਾੜ ਅਤੇ ਨਿਕਲਿਆ ਚੂਹਾ। ਪਹਿਲਾਂ ਤਾਂ ਉਥੇ ਸਾਰਾ ਲਾਮਡੋਰਾ, ਉਨ੍ਹਾਂ ਡੇਰੇਦਾਰਾਂ ਦਾ ਹੀ ਇਕੱਠਾ ਕੀਤਾ ਹੋਇਆ ਸੀ, ਜੋ ਇਨ੍ਹਾਂ ਦੇ ਹੀ ਭਾਈ ਬੰਦ ਹਨ ਅਤੇ ਆਪਣੇ ਆਪਣੇ ਤਰੀਕੇ ਨਾਲ ਸਿੱਖੀ ਨੂੰ ਬ੍ਰਾਹਮਣਵਾਦੀ ਕਰਮਕਾਂਡੀ ਧਰਮ ਬਨਾਉਣ ਅਤੇ ਭੋਲੇ ਭਾਲੇ ਲੋਕਾਂ ਦਾ ਮਾਨਸਿਕ, ਧਾਰਮਿਕ ਅਤੇ ਸਮਾਜਿਕ ਸੋਸ਼ਨ ਕਰਨ ਦੇ ਆਹਰ ਵਿੱਚ ਲਗੇ ਹੋਏ ਹਨ। ਫਿਰ ਬਾਵਜੂਦ ਇਸ ਦੇ ਕਿ ਉਥੇ ਹਾਜ਼ਰ ਜਥੇਬੰਦੀਆਂ ਦੇ ਬਹੁਗਿਣਤੀ ਨੁਮਾਂਇਦਿਆਂ ਨੇ, ਇਸ ਇਮਾਰਤ ਨੂੰ ਫੌਰੀ ਢਾਹੁਣ ਦੀ ਸਿਫਾਰਸ਼ ਕੀਤੀ, ਅਤੇ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ ਹਾਜ਼ਰ ਸੰਗਤਾਂ ਨੇ ਭਰਪੂਰ ਜੈਕਾਰੇ ਛੱਡੇ, ਪਰ ਸ਼੍ਰੋਮਣੀ ਕਮੇਟੀ ਨੇ ਆਪਣੇ ਪਾਲਤੂ ਤੋਤਿਆਂ ਕੋਲੋਂ, ਰਟੀ-ਰਟਾਈ ਭਾਸ਼ਾ ਬੁਲਵਾਕੇ, ਫੈਸਲਾ ਉਹੀ ਸੁਣਾਇਆ ਜੋ ਉਨ੍ਹਾਂ ਪਹਿਲਾਂ ਹੀ ਕੀਤਾ ਹੋਇਆ ਸੀ, ਕਿ ਵਿਵਾਦਿਤ ਗੁਰਦੁਆਰੇ ਦੀ ਇਮਾਰਤ ਵਿੱਚ ਤਬਦੀਲੀ ਕਰ ਦਿੱਤੀ ਜਾਵੇ ਤਾਕਿ ਇਹ ਦਰਬਾਰ ਸਾਹਿਬ ਵਰਗੀ ਨਾ ਲੱਗੇ, ਅਤੇ ਇਹ ਕੰਮ ਕਰਨ ਦੀ ਜ਼ੁਮੇਂਵਾਰੀ ਸ਼੍ਰੋਮਣੀ ਕਮੇਟੀ ਤੇ ਪਾ ਦਿੱਤੀ।

ਹਾਲਾਂਕਿ ਉਥੇ ਹਾਜ਼ਰ ਬਾਬਿਆਂ ਦੇ ਨੁਮਾਂਇੰਦੇ ਨੇ ਇਹ ਯਕੀਨ ਦੁਆਇਆ ਸੀ, ਕਿ ਉਹ ਪੰਥ ਦਾ ਹਰ ਫੈਸਲਾ ਪ੍ਰਵਾਨ ਕਰਨਗੇ, ਪਰ ਦੋ-ਚਾਰ ਦਿਨਾਂ ਬਾਅਦ ਹੀ, ਉਨ੍ਹਾਂ ਫੈਸਲੇ ਤੇ ਵਿਚਾਰ ਕਰਨ ਲਈ 28 ਜੂਨ ਨੂੰ ਇਕ ਇਕੱਠ ਸੱਦ ਲਿਆ। ਪਹਿਲਾਂ ਤਾਂ ਸੁਆਲ ਇਹ ਹੈ ਕਿ ਕੀ ਪੰਥਕ ਫੈਸਲੇ ਤੇ ਵਿਚਾਰ ਕੀਤੀ ਜਾ ਸਕਦੀ ਹੈ?

ਦੂਸਰਾ ਉਨ੍ਹਾਂ ਇਕੱਠ ਸੱਦਣ ਦੀ ਖਬਰ ਛਾਪਦਿਆਂ, ਸੰਗਤਾਂ ਨੂੰ ਭਾਵੁਕ ਕਰਨ ਲਈ ਇਹ ਲਿਖਿਆ, ਕਿ ਗੁਰਦੁਆਰੇ ਢਾਹੁਣਾ ਅਬਦਾਲੀਆਂ ਅਤੇ ਦੁਰਾਨੀਆਂ ਦਾ ਕੰਮ ਹੈ, ਸਿਖਾਂ ਦਾ ਨਹੀਂ। ਦੂਸਰਾ ਸੁਆਲ ਇਹ ਹੈ ਕਿ ਕੀ ਸਿੱਖੀ ਦੇ ਕੇਂਦਰ ਦੇ ਮੁਕਾਬਲੇ ਵਿੱਚ ਇਕ ਸਾਜਸ਼ ਅਧੀਨ ਖੜ੍ਹੀ ਕੀਤੀ ਜਾ ਰਹੀ ਇਮਾਰਤ ਨੂੰ ਸਿਰਫ ਇਸ ਵਾਸਤੇ ਗੁਰਦੁਆਰਾ ਆਖ ਦਿਆਂਗੇ, ਕਿਉਂਕਿ, ਉਥੇ ਕੌਮ ਨੂੰ ਮੂਰਖ ਬਨਾਉਣ ਲਈ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਿਆ ਹੈ? ਗੁਰਦੁਆਰਾ ਕੋਈ ਪੂਜਾ ਦਾ ਅਸਥਾਨ ਨਹੀਂ, ਜਿਥੇ ਅਲੱਗ ਅਲੱਗ ਦੇਵੀ-ਦੇਵਤਿਆਂ ਦੀ ਪੂਜਾ ਵਾਸਤੇ ਅਲੱਗ-ਅਲੱਗ ਮੰਦਰ ਬਣਾਏ ਜਾਣ। ਜਦ ਉਥੇ ਪਹਿਲਾਂ ਹੀ ਅੰਗੀਠਾ ਸਾਹਿਬ ਅਤੇ ਨਾਲ ਨਾਲ ਹੀ ਦੋ ਤਿੰਨ ਹੋਰ ਗੁਰਦੁਆਰੇ ਬਣਾਏ ਹੋਏ ਹਨ, ਜਿਨ੍ਹਾਂ ਨੂੰ, ਜੇ ਨੀਅਤ ਹੋਵੇ ਤਾਂ ਇਕ ਚੰਗੇ ਧਰਮ ਪ੍ਰਚਾਰ ਦੇ ਕੇਂਦਰ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ, ਤਾਂ ਫੇਰ ਨਾਲ ਹੀ ਹੋਰ ਗੁਰਦੁਆਰਾ ਬਨਾਉਣ ਦੀ ਲੋੜ ਹੀ ਕਿੱਥੇ ਹੈ? ਪਰ ਜਿਥੇ ਸੁਆਰਥ ਹੋਵੇ, ਉਥੇ ਸਿਧਾਂਤ ਕਿਥੇ ਨਜ਼ਰ ਆਉਂਦਾ ਹੈ? ਵੈਸੇ ਵੀ ਇਨ੍ਹਾਂ ਪਖੰਡੀ ਬਾਬਿਆਂ ਦੀ ਸਾਰੀ ਦੁਕਾਨਦਾਰੀ ਅੰਧੀ ਭਾਵਨਾ ਤੇ ਹੀ ਚਲਦੀ ਹੈ, ਸਿਧਾਂਤ ਨਾਲ ਇਨ੍ਹਾਂ ਦਾ ਨੇੜੇ ਤੇੜੇ ਦਾ ਕੋਈ ਵਾਸਤਾ ਨਹੀਂ।

ਬਸ ਬਾਬਿਆਂ ਦੇ ਦਬਕੇ ਦੀ ਦੇਰ ਸੀ, ਕਿ ਅਖੌਤੀ ਜਥੇਦਾਰਾਂ ਦੀ ਅਤੇ ਸ਼੍ਰੋਮਣੀ ਕਮੇਟੀ ਦੀ ਸਾਰੀ ਫੂਕ ਨਿਕਲ ਗਈ। ਝਟਪਟ ਅੰਦਰ ਵੱੜ ਕੇ ਗੁਪਤ ਸਮਝੌਤਾ ਕਰ ਲਿਆ। ਦੁਨੀਆਂ ਨੂੰ ਵਿਖਾਣ ਲਈ ਤਾਂ ਇਹ ਕਿਹਾ ਗਿਆ, ਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਤੇ ਉਨ੍ਹਾਂ ਇਕੱਠ ਸੱਦਣ ਦਾ ਫੈਸਲਾ ਰੱਦ ਕਰ ਦਿੱਤਾ ਹੈ, ਪਰ ਸਚਾਈ ਤੋਂ ਅੱਜ ਹਰ ਸੁਚੇਤ ਸਿੱਖ ਜਾਣੂ ਹੈ। 30 ਜੂਨ ਨੂੰ ਸ਼੍ਰੋਮਣੀ ਕਮੇਟੀ ਦੀ ਇਕ ਸਬ ਕਮੇਟੀ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ੍ਰ.ਸੁਖਦੇਵ ਸਿੰਘ ਭੌਰ ਕਰ ਰਹੇ ਸਨ, ਮੌਕੇ ਤੇ ਗਈ, ਅਤੇ ਬਾਬਿਆਂ ਦੇ ਹੀ ਇੰਨਜੀਨੀਅਰ, ਜੋ ਉਥੇ ਅਖੌਤੀ ਕਾਰ ਸੇਵਾ ਦੀ ਦੇਖ ਰੇਖ ਕਰ ਰਹੇ ਹਨ, ਨੂੰ ਇਹ ਕਹਿ ਆਏ, ਕਿ ਪ੍ਰਮੁੱਖ ਇਮਾਰਤ ਨੂੰ ਕੋਈ ਨੁਕਸਾਨ ਪਹੁੰਚਾਏ ਬਿਨਾਂ ਉਸ ਦੀ ਦਿੱਖ ਬਦਲ ਦਿਤੀ ਜਾਏ। ਜਦੋਂ ਮੈਂ ਸ੍ਰ. ਭੌਰ ਨੂੰ ਇਸ ਬਾਰੇ ਟੈਲੀਫੋਨ ਤੇ ਪੁੱਛਿਆ, ਕਿ ਸਤਿਕਾਰ ਯੋਗ ਜੀਓ! ਕਿਰਪਾ ਕਰ ਕੇ ਇਹ ਤਾਂ ਦਸ ਦਿਓ, ਕਿ ਬਿਲਡਿੰਗ ਨੂੰ ਨੁਕਸਾਨ ਪਹੁੰਚਾਏ ਬਗੈਰ ਦਿੱਖ ਕਿਵੇਂ ਬਦਲੀ ਜਾ ਸਕਦੀ ਹੈ? ਤਾਂ ਉਹ ਇਕ ਦਮ ਮੁੱਕਰ ਗਏ, ਅਤੇ ਕਹਿਣ ਲਗੇ, ਅਸੀਂ ਤਾਂ ਇਹ ਕਹਿ ਕੇ ਆਏ ਹਾਂ ਕਿ ਅਕਾਲ ਤਖਤ ਸਾਹਿਬ ਦਾ ਹੁਕਮ ਇਨ ਬਿਨ ਲਾਗੂ ਕਰੋ। ਅਖਬਾਰਾਂ ਵਿੱਚ ਵੀ ਉਨ੍ਹਾਂ ਇਹੀ ਬਿਆਨ ਦਿੱਤਾ।

ਅੱਜ ਅਸਲ ਹਾਲਤ ਇਹ ਹੈ, ਕਿ ਕੇਵਲ ਪ੍ਰਮੁਖ ਇਮਾਰਤ ਦੇ ਦੁਆਲੇ ਇਕ ਵਰਾਂਡਾ ਬਣਾ ਦਿੱਤਾ ਗਿਆ ਹੈ, ਅਤੇ ਅਖੌਤੀ ਹਰ ਕੀ ਪਉੜੀ ਅੱਗੇ ਇਕ ਦੀਵਾਰ ਬਣਾ ਦਿੱਤੀ ਗਈ ਹੈ। ਦਰਬਾਰ ਸਾਹਿਬ ਦੀ ਨਕਲ ਬਨਾਉਣ ਦਾ ਇਹ ਮਹਾਨ ਕੁਕਰਮ ਸਭ ਤੋਂ ਪਹਿਲਾਂ ਇਸ ਡੇਰੇ ਦੇ ਇਕ ਸਾਧ ਧਰਮ ਸਿੰਘ ਨੇ 1990 ਵਿੱਚ ਸ਼ੁਰੂ ਕਰਾਇਆ ਸੀ। ਉਸ ਦਾ ਕਹਿਣਾ ਸੀ ਕਿ ਉਸ ਨੂੰ ਸੰਤ ਅਤਰ ਸਿੰਘ ਨੇ ਸੁਫਨੇ ਵਿੱਚ ਆਕੇ ਇਹ ਦਰਬਾਰ ਸਾਹਿਬ ਬਨਾਉਣ ਲਈ ਆਖਿਆ ਹੈ, ਇਥੇ ਇਹ ਦੱਸ ਦੇਣਾ ਵੀ ਜ਼ਰੂਰੀ ਹੈ ਕਿ 1996 ਵਿੱਚ ਵੀ ਅਕਾਲ ਤਖਤ ਦੇ ਆਦੇਸ਼ਾਂ ਤੇ ਇਸ ਇਮਾਰਤ ਨੂੰ ਅੱਗੋਂ ਬਨਣੋ ਰੁਕਵਾਇਆ ਗਿਆ ਸੀ, ਹੁਣ ਬਲਵੰਤ ਸਿੰਘ ਸਹੋੜੇ ਵਾਲੇ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਉਸ ਨੂੰ ਸਰੋਵਰ ਬਨਵਾਉਣ ਅਤੇ ਇਹ ਕਾਰਜ ਸੰਪੂਰਨ ਕਰਨ ਦਾ ਆਦੇਸ਼ ਦਿੱਤਾ ਹੈ। ਇਸੇ ਲਈ ਉਸ ਦੁਆਰਾ ਇਹ ਕੰਮ ਫਿਰ ਦੁਬਾਰਾ ਸ਼ੁਰੂ ਕਰ ਲਿਆ ਗਿਆ। ਸੁਆਲ ਤਾਂ ਇਹ ਹੈ ਕਿ ਇਸ ਵਰਾਂਡੇ ਅਤੇ ਦੀਵਾਰ ਨੂੰ ਢਾਹੁੰਦਿਆਂ ਕਿਤਨਾ ਸਮਾਂ ਲਗਣਾ ਹੈ? ਸਰੋਵਰ ਉਥੇ ਦਾ ਉਥੇ ਹੈ, ਜਦੋਂ ਮਰਜ਼ੀ ਪਾਣੀ ਭਰ ਲਓ।

ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਈ ਮੀਟਿੰਗ ਵਿੱਚ ਮੈਂ ਇਸ ਇਮਾਰਤ ਨੂੰ ਪੂਰੀ ਤਰ੍ਹਾਂ ਢਾਹੁਣ ਦੀ ਸਿਫਾਰਸ਼ ਕਰਦੇ ਹੋਏ, ਬਲਵੰਤ ਸਿੰਘ ਸਿਹੋੜੇ ਵਾਲੇ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੀਤੇ ਜਾ ਰਹੇ ਮਨਮੱਤੀ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਸੀ, ਜਿਵੇਂ ਸਤਿਗੁਰੂ ਦੀ ਹਜ਼ੂਰੀ ਵਿੱਚ ਅਲੱਗ ਗੱਦੀ ਲਾਕੇ ਬੈਠਣਾ, ਆਪਣੇ ਸਿਰ ਤੇ ਕਪੜੇ ਦਾ ਚੌਰ ਕਰਾਉਣਾ, ਸੰਗਤਾਂ ਕੋਲੋਂ ਮੱਥਾ ਟਿਕਵਾਉਣਾ, ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਤਿਗੁਰੂ ਦੇ ਦਰਬਾਰ ਵਿੱਚ ਆਉਣਾ ਅਤੇ ਬਾਅਦ ਵਿੱਚ ਪੰਜ ਪਿਆਰਿਆਂ ਦਾ, ਬਾਬੇ ਦੇ ਬਾਡੀਗਾਰਡਾਂ ਵਾਂਗੂੰ ਬਾਬੇ ਦੇ ਪਿੱਛੇ, ਦੀਵਾਨ ਦੀ ਸਮਾਪਤੀ ਤੱਕ ਖੜੇ ਰਹਿਣਾ, ਗੁਰੂ ਗ੍ਰੰਥ ਸਾਹਿਬ ਦੀ ਬਜਾਏ ਬਾਬੇ ਨੂੰ ਰੁਮਾਲਾ ਭੇਟ ਕਰਨਾ ਅਤੇ ਪਹਿਨਾਉਣਾ ਆਦਿ..। ਬਜਾਏ ਇਸ ਪਾਖੰਡੀ ਬਾਬੇ ਨੂੰ ਪੰਥ ਦੀ ਕਚਹਿਰੀ ਵਿੱਚ ਪੇਸ਼ ਕਰਨ ਦੇ, ਹੋਏ ਗੁਪਤ ਸਮਝੌਤੇ ਅਨੁਸਾਰ ਬਾਬੇ ਨੂੰ ਇਹ ਕਹਿ ਕੇ ਸੁਰਖਰੂ ਕਰ ਦਿੱਤਾ ਗਿਆ, ਕਿ ਬਾਬੇ ਨੇ ਯਕੀਨ ਦੁਆਇਆ ਹੈ ਕਿ ਉਹ ਅਗੋਂ ਐਸਾ ਨਹੀਂ ਕਰੇਗਾ।

ਜਥੇਦਾਰ ਜੀ! ਅੱਗੋਂ ਦੀ ਗੱਲ ਤਾਂ ਅੱਗੋਂ ਦੇਖੀ ਜਾਏਗੀ, ਸੰਗਤਾਂ ਨੂੰ ਇਹ ਦਸਣ ਦੀ ਖੇਚਲ ਕਰੋ, ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਜਾ ਚੁੱਕੀ ਘੋਰ ਬੇਅਦਬੀ ਬਾਰੇ ਕੀ ਕੀਤਾ ਜੇ?

ਜੇ ਮੁੱਖ ਦੋਸ਼ੀ ਖਿਲਾਫ ਹੀ ਕੋਈ ਕਾਰਵਾਈ ਨਹੀਂ ਹੋਈ ਤਾਂ, ਇਸ ਕਾਰ ਸੇਵਾ ਦੇ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸ੍ਰ. ਸੁਖਦੇਵ ਸਿੰਘ ਢੀਂਡਸਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ, ਬਾਬੇ ਨੂੰ ਮੱਥਾ ਟੇਕਣ ਵਾਲੇ ਅਤੇ ਬਾਬੇ ਦੇ ਗੁਣ ਗਾਉਣ ਵਾਲੇ ਸ੍ਰ. ਸਿਮਰਨ ਜੀਤ ਸਿੰਘ ਮਾਨ ਨੂੰ ਕਿਸ ਪੁੱਛਣਾ ਸੀ ?

ਦੂਸਰੀ ਮੰਦ ਭਾਗੀ ਘਟਨਾ, ਟਾਂਗਰਾਂ ਨੇੜੇ, ਪਿੰਡ ਜੈਤੋ ਸਰਜਾ ਦੀ ਹੈ

ਪਿੰਡ ਜੈਤੋ ਸਰਜਾ, ਦੇ ਸ੍ਰ. ਮਨਜੀਤ ਸਿੰਘ ਦੀ ਪਤਨੀ ਸਵਿੰਦਰ ਕੌਰ ਨੇ 13 ਜੁਲਾਈ 2009 ਨੂੰ ਆਪਣੇ ਪਤੀ ਨੂੰ ਦੱਸਿਆ(ਦੱਸਿਆ ਜਾਂ ਮਿਲੀ ਭੁਗਤ ਬਣਾਈ), ਕਿ ਰਾਤ ਉਸ ਨੂੰ ਸੁਫਨਾ ਆਇਆ ਹੈ, ਜਿਸ ਵਿੱਚ ਉਸ ਨੂੰ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਦਰਸ਼ਨ ਦਿੱਤੇ ਹਨ, ਅਤੇ ਆਖਿਆ ਹੈ, ਕਿ ਉਹ ਉਨ੍ਹਾਂ ਦੇ ਘਰ ਆਕੇ ਦਰਸ਼ਨ ਦੇਣਗੇ। ਸ੍ਰ. ਮਨਜੀਤ ਸਿੰਘ ਨੇ ਇਹ ਖਬਰ ਆਪਣੇ ਪਿੰਡ ਵਿੱਚ ਹੀ ਨਹੀਂ, ਨਾਲ ਦੇ ਕੁਝ ਪਿੰਡਾਂ ਵਿੱਚ ਵੀ ਫੈਲਾ ਦਿੱਤੀ। ਅਗਲੇ ਦਿਨ 14 ਜੁਲਾਈ ਨੂੰ ਸਵੇਰੇ 8.30 ਵਜੇ, ਉਨ੍ਹਾਂ ਦੇ ਘਰ ਇਕ ਬਾਜ ਗੁਰੂ ਪਾਤਿਸ਼ਾਹਾਂ ਦੀਆਂ ਫੋਟੋਆਂ ਤੇ ਆ ਕੇ ਬੈਠ ਗਿਆ ਤੇ ਫੇਰ ਥੋੜੀ ਦੇਰ ਬਾਅਦ ਛੱਤ ਤੇ ਲੱਗੇ ਪੱਖੇ ਤੇ ਜਾ ਬੈਠਾ। ਬਸ ਫੇਰ ਕੀ ਸੀ, ਬਾਜ (ਸਾਹਿਬ) ਦੇ ਰੂਪ ਵਿੱਚ ਪਰਗਟ ਹੋਏ, ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਦਰਸ਼ਨ ਕਰਨ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ। ਸੁਭਾਵਿਕ ਹੈ ਇਕੋ ਦਿਨ ਵਿੱਚ ਘਰ ਵਾਲਿਆਂ ਦੇ ਵੀ ਵਾਰੇ ਨਿਆਰੇ ਹੋ ਗਏ ਹੋਣਗੇ। ਇਹ ਤਾਂ ਜਿਸ ਵੇਲੇ ਕੁਝ ਸੁਚੇਤ ਵੀਰਾਂ ਨੇ ਸਾਰੀ ਗੱਲ ਦੀ ਘੋਖ ਪੜਤਾਲ ਕੀਤੀ, ਅਤੇ ਬੀਬੀ ਨੂੰ ਵੀ ਕੁਝ ਸਮਝਾਇਆ, ਕੁਝ ਧਮਕਾਇਆ ਤਾਂ ਉਸ ਨੇ ਮੰਨ ਲਿਆ, ਕਿ ਸੁਫਨੇ ਦੀ ਗੱਲ, ਉਸ ਨੇ ਝੂਠ ਬੋਲਿਆ ਸੀ, ਅਤੇ ਬਾਜ ਵਰਗਾ ਇਕ ਪੰਛੀ ਤਾਂ ਉਨ੍ਹਾਂ ਪਹਿਲਾਂ ਹੀ ਕਾਬੂ ਕੀਤਾ ਹੋਇਆ ਸੀ।

ਇਸ ਤੋਂ ਪਹਿਲਾਂ 12 ਜੁਲਾਈ ਨੂੰ ਬਠਿੰਡਾ ਦੇ ਬਾਬਾ ਦੀਪ ਸਿੰਘ ਨਗਰ ਦੇ ਗੁਰਦੁਆਰੇ ਵਿੱਚ ਮਿਲਦੀ ਜੁਲਦੀ ਖਬਰ ਵੇਖਣ ਨੂੰ ਮਿਲੀ ਸੀ, ਜਦੋਂ ਗੁਰਦੁਆਰੇ ਦੇ ਗ੍ਰੰਥੀ ਨੇ ਲਾਉਡ ਸਪੀਕਰ ਤੇ ਐਲਾਨ ਕੀਤਾ ਕਿ ਗੁਰਦੁਆਰਾ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ ਆਇਆ ਹੈ, ਅਤੇ ਸੰਗਤਾਂ ਦਰਸ਼ਨ ਕਰ ਲੈਣ। ਜਦੋਂ ਸੰਗਤਾਂ ਗੁਰਦੁਆਰੇ

ਪੁੱਜੀਆਂ, ਤਾਂ ਵੇਖਿਆ, ਕਿ ਇਕ ਗਰਮੀ ਨਾਲ ਅਧਮੋਇਆ ਹੋਇਆ ਪੰਛੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੇ ਬੈਠਾ ਹੋਇਆ ਸੀ, ਅਤੇ ਗ੍ਰੰਥੀ ਸਾਹਿਬ ਉਸ ਨੂੰ ਉਥੋਂ ਉਡਾਉਣ ਦੀ ਬਜਾਏ ਸੰਗਤਾਂ ਨੂੰ ਦੱਸ ਰਹੇ ਸਨ, ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬਾਜ ਦੇ ਕੁੱਲ ਵਿਚੋਂ ਹੈ, ਜਿਵੇਂ ਉਸ ਨੇ ਸਤਿਗੁਰੂ ਦੇ ਬਾਜ ਦੇ ਕੁੱਲ ਦਾ ਸਾਰਾ ਰਿਕਾਰਡ ਰਖਿਆ ਹੋਵੇ। ਥੋੜ੍ਹੀ ਦੇਰ ਬਾਅਦ ਉਸ ਪੰਛੀ ਨੇ ਸਤਿਗੁਰੂ ਜੀ ਦੇ ਪਾਵਨ ਸਰੂਪ ਤੇ ਵਿੱਠ ਕਰ ਦਿੱਤੀ, ਤਾਂ ਕੁਝ ਸੁਚੇਤ ਗੁਰਸਿੱਖਾਂ ਨੇ ਇਤਰਾਜ਼ ਕੀਤਾ ਅਤੇ ਉਸ ਪੰਛੀ ਨੂੰ ਉਥੋਂ ਹਟਾਇਆ ਗਿਆ। ਉਸ ਤੋਂ ਬਾਅਦ ਮਸਲਾ ਤਖਤ ਦਮਦਮਾ ਸਾਹਿਬ ਜਾ ਪਹੁੰਚਿਆ।

ਬਾਜ (ਸਾਹਿਬ)

ਵੇਖਣ ਨੂੰ ਭਾਵੇਂ ਉਪਰੋਕਤ ਗੱਲਾਂ ਬਹੁਤ ਮਮੂਲੀ ਜਿਹੀਆਂ ਜਾਪਦੀਆਂ ਹੋਣ, ਪਰ ਇਹ ਬਾਜ (ਸਾਹਿਬ) ਦੇ ਪਛੋਕੜ ਵਿੱਚ ਜਾਈਏ ਤਾਂ ਪਤਾ ਲਗਦਾ ਹੈ ਕਿ ਇਸ ਬਾਜ ਦੇ ਚੱਕਰ ਨੇ ਲੰਬੇ ਸਮੇਂ ਤੋਂ ਕੌਮ ਨੂੰ ਭਰਮਾਇਆ ਹੋਇਆ ਹੈ। ਜਦੋਂ ਕੌਮ ਦਾ ਕੋਈ ਸੰਘਰਸ਼ ਚਲਦਾ ਹੈ, ਕੋਈ ਮੋਰਚਾ ਲਗਦਾ ਹੈ ਜਾਂ ਕੋਈ ਔਕੜ ਦਾ ਸਮਾਂ ਆਉਂਦਾ ਹੈ, ਕਈ ਵੀਰਾਂ ਭੈਣਾਂ ਦੀਆਂ ਅੱਖਾਂ ਗੁਰਦੁਆਰੇ ਜਾ ਕੇ ਅਕਾਸ਼ ਵੱਲ ਵੇਖਣ ਲਗ ਪੈਂਦੀਆਂ ਹਨ। ਬਸ ਜਿਵੇਂ ਹੀ ਕੋਈ ਬਾਜ ਵਰਗਾ ਪੰਛੀ ਨਜ਼ਰ ਆਇਆ, ਸੰਗਤਾਂ ਦੇ ਹਜੂਮ ਦਰਸ਼ਨ ਕਰਨ ਲਈ ਇਕੱਠੇ ਹੋ ਜਾਂਦੇ ਹਨ। ਚਿਹਰਿਆਂ ਤੇ ਨਿਖਾਰ ਆ ਜਾਂਦਾ ਹੈ, ਕਿ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਬਾਜ ਭੇਜ ਦਿੱਤਾ ਹੈ, ਹੁਣ ਕੋਈ ਕਰਿਸ਼ਮਾ ਵਾਪਰੇਗਾ, ਹੁਣ ਪੰਥ ਦੀ ਚੜ੍ਹਦੀ ਕਲਾ ਹੋ ਜਾਵੇਗੀ। ਮੈਂ ਆਪਣੇ ਜੀਵਨ ਦੇ ਪੈਂਠ ਵਰ੍ਹਿਆਂ ਵਿੱਚ ਪਤਾ ਨਹੀਂ ਕਿਤਨੀ ਵਾਰੀ ਇਹ ਨਜ਼ਾਰਾ ਵੇਖਿਆ ਹੈ, ਅਤੇ ਇਤਿਹਾਸ ਗਵਾਹ ਹੈ ਕਿ ਹਰ ਦਿਨ ਕੌਮ ਢਹਿੰਦੀਆਂ ਕਲਾਂ ਵੱਲ ਹੀ ਜਾ ਰਹੀ ਹੈ। ਜਦੋਂ ਅਸੀਂ ਆਪਣੀ ਕੌਮੀ ਸ਼ਕਤੀ ਤੋਂ ਭਰੋਸਾ ਛੱਡ ਕੇ ਪੰਛੀਆਂ ਦੀਆਂ ਕਰਾਮਾਤਾਂ ਤੇ ਆਸ ਰਖਾਂਗੇ, ਤਾਂ ਹੋਰ ਹੋਵੇਗਾ ਵੀ ਕੀ ?

ਬਾਜ (ਸਾਹਿਬ) ਦੀ ਕਰਾਮਾਤ ਇਥੇ ਹੀ ਨਹੀਂ ਖਤਮ ਹੁੰਦੀ। ਇਨ੍ਹਾਂ ਨੇ ਪਤਾ ਨਹੀਂ ਕਿਤਨੇ ਸਿੱਖਾਂ ਨੂੰ ਮਹਾਪੁਰਖ ਬਣਾ ਦਿਤਾ ਹੈ। ਮੈਂ ਇਥੇ ਹੇਮਕੁੰਟ ਦੇ ਨਾਂ ਤੇ ਕੌਮ ਨਾਲ ਰਚੇ ਗਏ ਪਾਖੰਡ ਬਾਰੇ ਤਾਂ ਬਹੁਤਾ ਨਹੀਂ ਲਿਖਣਾ ਚਾਹੁੰਦਾ, ਕਿਉਂਕਿ ਇਹ ਇਸ ਲੇਖ ਦਾ ਵਿਸ਼ਾ ਨਹੀਂ, ਪਰ ਇਤਨਾ ਕਹਿਣਾ ਜ਼ਰੂਰੀ ਹੈ, ਕਿ ਜਿਥੇ ਇਸ ਦੇ ਚੱਕਰ ਵਿੱਚ ਇਕ ਪਾਸੇ ਕੌਮ ਦਾ ਕਰੋੜਾਂ ਰੁਪਿਆ ਹਰ ਸਾਲ ਬਰਬਾਦ ਹੋ ਰਿਹਾ ਹੈ, ਉਥੇ ਇਸ ਨੇ ਇਕ ਹੋਰ ਬੜੇ ਵੱਡੇ ਪਾਖੰਡ ਨੂੰ ਜਨਮ ਦਿੱਤਾ ਹੈ। ਉਹ ਹੈ ਉਥੇ ਕੁਝ ਵਿਅਕਤੀਆਂ ਨੂੰ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਦਰਸ਼ਨ ਦੇਣਾ। ਇਨ੍ਹਾਂ ਵਿੱਚੋਂ ਕਈਆਂ ਨੂੰ ਤਾਂ ਸਤਿਗੁਰੂ ਪ੍ਰਤੱਖ ਦਰਸ਼ਨ ਦੇਂਦੇ ਹਨ, ਅਤੇ ਕਈਆਂ ਨੂੰ ਬਾਜ ਦੇ ਰੂਪ ਵਿੱਚ। ਬਸ ਫੇਰ ਕੀ ਵਾਪਸ ਆਕੇ ਉਹ ਆਪਣੇ ਇਲਾਕੇ ਦੇ ਵੱਡੇ ਮਹਾਪੁਰਖ ਬਣ ਜਾਂਦੇ ਹਨ। ਲੋਕਾਂ ਨੂੰ ਭਰਮਾਉਣ ਲਈ ਕਿਵੇਂ ਧਾਰਮਿਕ ਹੋਣ ਦੇ ਵਿਖਾਵੇ ਕਰਨੇ ਹਨ, ਇਹ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਇਨ੍ਹਾਂ ਲੋਕਾਂ ਤੇ ਕੀ ਗਿਲਾ ਹੈ ਕਿਉਂਕਿ ਇਨ੍ਹਾਂ ਦੇ ਤਾਂ ਵੱਡੇ ਸੁਆਰਥ ਹਨ। ਸ਼ੋਹਰਤ ਅਤੇ ਮਹਾਪੁਰਖਾਂ ਵਾਲਾ ਸਤਿਕਾਰ ਹਾਸਲ ਕਰਨ ਦਾ ਇਸ ਤੋਂ ਸਸਤਾ ਤਰੀਕਾ ਹੋਰ ਭਲਾ ਕੀ ਹੋ ਸਕਦਾ ਹੈ? ਹੁਣ ਜੇ ਇਹ ਬੀਬੀ ਫੜੀ ਨਾ ਜਾਂਦੀ ਤਾਂ ਆਪਣੇ ਇਲਾਕੇ ਦੀ ਪੱਕੀ ਸੰਤਨੀ ਬਣ ਗਈ ਸੀ।



ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਬੈਠਾ ਬਾਜ ਵਰਗਾ ਪੰਛੀ

ਸੋਚਣ ਦੀ ਲੋੜ ਤਾਂ ਸਿੱਖ ਕੌਮ ਨੂੰ ਹੈ ਕਿ ਅਸੀਂ ਕਿਧਰ ਜਾ ਰਹੇ ਹਾਂ? ਇਹ ਲੋਕ ਤਾਂ ਹੀ ਪਰਫੁੱਲਤ ਹੋ ਰਹੇ ਹਨ ਕਿਉਂਕਿ ਸਿੱਖ ਸੰਗਤਾਂ ਇਨ੍ਹਾਂ ਨੂੰ ਮਾਨਤਾ ਦੇ ਰਹੀਆਂ ਹਨ। ਜ਼ਰਾ ਸੋਚੀਏ, ਬੀਬੀ ਨੇ ਕਿਹਾ, ਸੁਫਨੇ ਵਿੱਚ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਕਿਹਾ ਹੈ, ਮੈਂ ਤੁਹਾਡੇ ਘਰ ਦਰਸ਼ਨ ਦੇਣ ਆਵਾਂਗਾ, ਤੇ ਅਗਲੇ ਦਿਨ ਉਥੇ ਬਾਜ ਆ ਗਿਆ ? ਜੋ ਉਥੇ ਦਰਸ਼ਨ ਕਰਨ ਭਜੇ ਗਏ, ਉਨ੍ਹਾਂ ਨੂੰ ਪਹਿਲੇ ਸੋਚਣਾ ਚਾਹੀਦਾ ਸੀ ਕਿ ਕੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਹੁਣ ਬਾਜ ਦੀ ਜੂਨ ਵਿੱਚ ਪੈ ਗਏ ਹਨ? ਚਲੋ ਜੇ ਇਹ ਕਹੀਏ ਕਿ ਬਾਜ ਦਾ ਆਉਣਾ ਸੰਕੇਤਕ ਹੈ, ਤਾਂ ਕੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਬਾਜ ਅਮਰ ਹੈ? ਜੋ ਅਜੇ ਤੱਕ ਉਡਾਰੀਆਂ ਮਾਰਦਾ ਫਿਰਦਾ ਹੈ। ਫਿਰ ਤਾਂ ਬਾਜ ਸਤਿਗੁਰੂ ਨਾਲੋਂ ਵੀ ਮਹਾਨ ਹੋਇਆ, ਕਿਉਂਕਿ ਸਤਿਗੁਰੂ ਤਾਂ ਅਕਾਲ ਪਾਇਆਨਾ ਕਰ ਗਏ, ਪਰ ਗੁਰੂ ਪਾਤਿਸ਼ਾਹ ਦਾ ਬਾਜ ਤਾਂ 300 ਸਾਲ ਬਾਅਦ ਵੀ ਅਕਸਰ ਸਾਨੂੰ ਦਰਸ਼ਨ ਦੇਂਦਾ ਰਹਿੰਦਾ ਹੈ।

ਇਨ੍ਹਾਂ ਸੁਫਨਿਆਂ ਨੇ ਪਤਾ ਨਹੀਂ ਕਿਤਨੇ ਅਖੌਤੀ ਸੰਤ ਮਹੰਤ ਅਤੇ ਗੁਰਦੁਆਰੇ ਸਿੱਖ ਕੌਮ ਨੂੰ ਦਿੱਤੇ ਹਨ। ਚੰਡੀਗੜ੍ਹ ਦੇ ਨੇੜੇ ਹੀ ਨਾਢਾ ਸਾਹਿਬ ਗੁਰਦੁਆਰਾ ਵੀ ਸੁਫਨੇ ਦੀ ਹੀ ਦੇਣ ਹੈ। ਬਾਬਾ ਨਾਢਾ ਜੀ ਨੇ ਵੀ ਆਪਣੇ ਪੜਪੋਤਰੇ ਨੂੰ ਸੁਫਨੇ ਵਿੱਚ ਆਕੇ ਦਸਿਆ ਸੀ ਕਿ ਇਸ ਅਸਥਾਨ ਤੇ ਮੈਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਅਤੇ ਉਨ੍ਹਾਂ ਦੀ ਫੌਜ ਦੀ ਸੇਵਾ ਕੀਤੀ ਸੀ ਅਤੇ ਸਤਿਗੁਰੂ ਨੇ ਹੁਕਮ ਕੀਤਾ ਸੀ, ਇਥੇ ਵੱਡਾ ਗੁਰਦੁਆਰਾ ਬਣੇਗਾ, ਨਾਲੇ ਗੜ੍ਹ ਬਨਣਗੇ। ਇਸ ਸਥਾਨ ਤੇ ਤੁਸੀਂ ਗੁਰਦੁਆਰਾ ਬਣਾਓ। ਅੱਜ ਇਸ ਗੁਰਦੁਆਰੇ ਦੀ ਇਸ ਇਲਾਕੇ ਵਿੱਚ ਜਾਦੂਈ ਮਾਨਤਾ ਹੈ। ਇਸ ਬਾਰੇ ਲੋਕਾਂ ਦੇ ਅੰਧ ਵਿਸ਼ਵਾਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਤਰਨਤਾਰਨ ਤਹਸੀਲ ਵਿੱਚ ਗੁਰੂ ਅਰਜਨ ਪਾਤਿਸ਼ਾਹ ਦੇ ਨਾਂ ਤੇ ਇਕ ਗੁਰਦੁਆਰਾ ਚੋਲਾ ਸਾਹਿਬ ਬਣਿਆ ਹੋਇਆ ਹੈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਕ ਬਾਬਾ ਦੇਵਾ ਸਿੰਘ ਨੂੰ ਸਤਿਗੁਰੂ ਨੇ ਸੁਫਨੇ ਵਿੱਚ ਆਕੇ ਗੁਰਦੁਆਰਾ ਬਨਾਉਣ ਲਈ ਆਦੇਸ਼ ਦਿੱਤਾ ਸੀ। ਉਸ ਨੇ ਬਾਬਾ ਤਾਰਾ ਸਿੰਘ ਨੂੰ

ਕਹਿ ਕੇ ਗੁਰਦੁਆਰਾ ਬਣਵਾ ਦਿੱਤਾ। ਇਸੇ ਤਰ੍ਹਾਂ ਦੋਰਾਹਾ ਤੇ ਰਾਜਪੁਰਾ ਦੇ ਵਿਚਕਾਰ ਪਿੰਡ ਕੋਟਾ ਵਿੱਚ ਗੁਰੂ ਹਰਿਗੋਬਿੰਦ ਪਾਤਿਸ਼ਾਹ ਦੀ ਯਾਦ ਵਿੱਚ, ਸੁਲਤਾਨਪੁਰ ਲੋਧੀ ਵਿੱਚ ਸੰਤ ਘਾਟ ਅਤੇ ਮਾਛੀਵਾੜੇ ਵਿੱਚ ਖ਼ੂਨੀ ਪੰਜਾ ਸਾਹਿਬ, ਗੁਰੂ ਦਾ ਲਾਹੌਰ ਵਿੱਚ ਸਿਹਰਾ ਸਾਹਿਬ ਸਮੇਤ ਪਤਾ ਨਹੀਂ ਕਿਤਨੇ ਗੁਰਦੁਆਰੇ ਸੁਫਨਿਆਂ ਦੇ ਅਧਾਰ ਤੇ ਹੀ ਬਣ ਗਏ ਹਨ। ਇਕ ਗੱਲ ਹੋਰ ਬੜੀ ਕਮਾਲ ਦੀ ਹੈ ਕਿ ਜਦੋਂ ਵੀ ਸਤਿਗੁਰੂ ਸੁਫਨੇ ਵਿੱਚ ਗੁਰਦੁਆਰਾ ਬਨਾਉਣ ਦੀ ਹਦਾਇਤ ਦੇਂਦੇ ਹਨ, ਨਾਲ ਇਹ ਜ਼ਰੂਰ ਕਹਿ ਦੇਂਦੇ ਹਨ ਕਿ ਇਥੇ ਮਸਿਆ, ਸੰਗਰਾਂਦ ਜਾਂ ਪੂਰਨਮਾਸ਼ੀ ਵਾਲੇ ਦਿਨ ਵੱਡੇ ਇਕੱਠ ਹੋਣਗੇ ਅਤੇ ਜੋ ਉਸ ਦਿਨ ਇਥੇ ਆਉਣਗੇ, ਉਨ੍ਹਾਂ ਦੀਆਂ ਮਨੋਕਾਮਨਾ ਪੂਰੀਆਂ ਹੋਣਗੀਆਂ। ਭਾਵ ਸਤਿਗੁਰੂ ਆਪ ਗੁਰਮਤਿ ਵਿਰੋਧੀ, ਗੈਰ ਸਿਧਾਂਤਕ ਗੱਲ ਕਰਕੇ ਇਹ ਯਕੀਨੀ ਬਣਾ ਦੇਂਦੇ ਹਨ ਕਿ ਹੱਟੀ ਚੰਗੀ ਤਰ੍ਹਾਂ ਚਲਦੀ ਰਹੇ। ਜੇ ਸੁਫਨਿਆਂ ਤੇ ਬਣੇ ਗੁਰਦੁਆਰਿਆਂ ਅਤੇ ਮਹਾਂਪੁਰਖਾਂ ਦਾ ਵੇਰਵਾ ਦੇਣ ਲੱਗਾਂ ਤਾਂ ਸ਼ਾਇਦ ਇਕ ਅਲੱਗ ਕਿਤਾਬ ਲਿਖਣੀ ਪਵੇ।

ਗੁਰਸਿੱਖੋ! ਆਓ, ਸੁਫਨਿਆਂ ਦੀ ਦੁਨੀਆਂ ਤੋਂ ਬਾਹਰ ਨਿਕਲੀਏ। ਪਹਿਲਾਂ ਹੀ ਕਾਰਸੇਵਾ ਦੇ ਨਾਂ ਤੇ ਆਪਣਾ ਅਨਮੋਲ ਇਤਿਹਾਸ ਨਾਲੀਆਂ ਵਿੱਚ ਰੋੜ੍ਹ ਚੁਕੇ ਹਾਂ, ਹੁਣ ਆਪਣੇ ਹੱਥੀਂ ਆਪਣੀਆਂ ਸ਼੍ਰੋਮਣੀ ਸੰਸਥਾਵਾਂ ਬਰਬਾਦ ਨਾ ਕਰੀਏ। ਗੁਰੂ ਗ੍ਰੰਥ ਸਾਹਿਬ ਜੀ ਸਾਖਸ਼ਾਤ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਹਨ। ਉਨ੍ਹਾਂ ਨੂੰ ਹੋਰ ਕਿਥੇ ਭਾਲ ਰਹੇ ਹਾਂ? ਗੁਰੂ ਸ਼ਬਦ ਦੀ ਵਿਚਾਰ ਦੁਆਰਾ ਗੁਰੂ ਦੇ ਦਰਸ਼ਨ ਕਰੀਏ। ਸਤਿਗੁਰੂ ਨੇ ਆਪ ਗੁਰੂ ਦੇ ਦਰਸ਼ਨ ਕਰਨ ਦੀ ਜਾਚ ਗੁਰਬਾਣੀ ਰਾਹੀਂ ਸਾਨੂੰ ਇੰਝ ਦੱਸੀ ਹੈ:

"ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥" {ਗੋਂਡ ਮਹਲਾ ੫, ਪੰਨਾ ੮੬੪}

(ਹੇ ਭਾਈ ! ਗੁਰੂ ਦਾ ਸ਼ਬਦ ਹੀ ਗੁਰੂ ਦੀ ਮੂਰਤੀ ਹੈ) ਗੁਰੂ ਦੀ (ਇਸ) ਮੂਰਤੀ ਦਾ (ਮੇਰੇ) ਮਨ ਵਿਚ ਧਿਆਨ ਟਿਕਿਆ ਰਹਿੰਦਾ ਹੈ ।

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥"
{ਸਲੋਕੁ ਮਃ ੩ ,ਪੰਨਾ ੫੯੪}

ਜਿਤਨਾ ਇਹ ਸਾਰਾ ਸੰਸਾਰ ਹੈ (ਇਸ ਵਿਚ) ਹਰੇਕ ਜੀਵ ਸਤਿਗੁਰੂ ਦੇ ਦਰਸਨ ਕਰਦਾ ਹੈ (ਪਰ) ਨਿਰਾ ਦਰਸ਼ਨ ਕੀਤਿਆਂ ਮੁਕਤੀ ਨਹੀਂ ਮਿਲਦੀ, ਜਦ ਤਾਈਂ ਜੀਵ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਨਹੀਂ ਕਰਦਾ, (ਕਿਉਂਕਿ ਵਿਚਾਰ ਕਰਨ ਤੋਂ ਬਿਨਾ) ਅਹੰਕਾਰ (-ਰੂਪ ਮਨ ਦੀ) ਮੈਲ ਨਹੀਂ ਉਤਰਦੀ ਤੇ ਨਾਮ ਵਿਚ ਪਿਆਰ ਨਹੀਂ ਬਣਦਾ।

"ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥ ਗੁਰ ਕਾ ਦਰਸਨੁ ਸੰਚਹੁ ਹਰਿ ਧਨੁ ॥" {ਆਸਾ ਮਹਲਾ ੫, ਪੰਨਾ ੩੭੭}

(ਹੇ ਭਾਈ !) ਗੁਰੂ ਦੇ ਸ਼ਬਦ ਵਿਚ ਜੁੜ ਕੇ (ਆਪਣੇ) ਇਸ ਮਨ ਨੂੰ ਨਵੇਂ ਸਿਰੇ ਘੜੋ । (ਗੁਰੂ ਦਾ ਸ਼ਬਦ ਹੀ) ਗੁਰੂ ਦਾ ਦੀਦਾਰ ਹੈ (ਇਸ ਸ਼ਬਦ ਦੀ ਬਰਕਤਿ ਨਾਲ) ਪਰਮਾਤਮਾ ਦਾ ਨਾਮ-ਧਨ ਇਕੱਠਾ ਕਰੋ ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ੴ ਸਤਿਗੁਰ ਪ੍ਰਸਾਦਿ ॥

ਸਿੱਖੀ ਦੇ ਸੋਮੇਂ

ਮਹੌਲ

ਮਨੁੱਖੀ ਜੀਵਨ ਤੇ ਸਭ ਤੋਂ ਵੱਧ ਪ੍ਰਭਾਵ ਮਹੌਲ ਦਾ ਪੈਂਦਾ ਹੈ। ਇਸੇ ਵਾਸਤੇ ਗੁਰਬਾਣੀ ਸਾਨੂੰ ਬਾਰ ਬਾਰ ਸਤਿਸੰਗਤ ਵਿਚ ਰਹਿਣ ਵਾਸਤੇ ਪ੍ਰੇਰਦੀ ਹੈ :

"ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥" (ਮਹਲਾ ੫, ਪੰਨਾ ੧੦)

"ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥" (ਕਬੀਰ, ਪੰਨਾ 1369)

"ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ॥"
(ਮਹਲਾ ੧, ਪੰਨਾ ੫੦੫)

ਅਤੇ ਸਭ ਤੋਂ ਉੱਤਮ ਸੰਗਤ, ਗੁਰੂ ਦੀ ਸੰਗਤ ਭਾਵ ਗੁਰਬਾਣੀ ਦੀ ਸੰਗਤ ਹੈ।

"ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ੍ ॥ ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ੍ ॥30॥" (ਮਹਲਾ ੩, ਪੰਨਾ ੧੪੧੬)

ਇਸੇ ਵਾਸਤੇ ਹਰ ਸਿੱਖ ਨੂੰ ਰੋਜ਼ ਨੇਮ ਨਾਲ ਗੁਰਬਾਣੀ ਪੜ੍ਹਨ ਦਾ ਹੁਕਮ ਹੈ। ਜੇ ਅਸੀਂ ਨੇਮ ਨਾਲ, ਵਿਚਾਰ ਕੇ, ਸਮਝ ਕੇ ਗੁਰਬਾਣੀ ਪੜ੍ਹੀਏ, ਤਾਂ ਯਕੀਨੀ ਉਸ ਦਾ ਪ੍ਰਭਾਵ ਸਾਡੇ ਜੀਵਨ ਤੇ ਪਵੇਗਾ ਅਤੇ ਸਾਡੇ ਪਰਿਵਾਰਾਂ ਦਾ ਮਹੌਲ ਗੁਰਮਤਿ ਵਾਲਾ ਭਾਵ ਸਿੱਖੀ ਮਹੌਲ ਬਣ ਜਾਵੇਗਾ। ਫਿਰ ਸੁਭਾਵਕ ਹੀ ਸਾਡੇ ਬੱਚਿਆਂ ਨੂੰ ਘਰ ਵਿਚੋਂ ਹੀ ਸਿੱਖੀ ਦੀ ਦਾਤ ਪ੍ਰਾਪਤ ਹੋ ਜਾਵੇਗੀ। ਪਰ ਹੋ ਇਸਦੇ ਬਿਲਕੁਲ ਉਲਟ ਰਿਹਾ ਹੈ। ਪਹਿਲਾਂ ਤਾਂ ਸਾਡੇ ਘਰਾਂ ਵਿਚ ਗੁਰਬਾਣੀ ਪੜ੍ਹਨ ਦਾ ਰਿਵਾਜ਼ ਹੀ ਖਤਮ ਹੁੰਦਾ ਜਾ ਰਿਹਾ ਹੈ। ਫੇਰ ਜੇ ਪੜ੍ਹੀ ਵੀ ਜਾ ਰਹੀ ਹੈ ਤਾਂ ਕੇਵਲ ਤੋਤਾ ਰਟਨੀ। ਜੇ ਗੁਰਬਾਣੀ ਦਾ ਭਾਵ ਹੀ ਨਹੀਂ ਸਮਝਿਆ ਤਾਂ ਸਾਡੇ ਜੀਵਨ ਤੇ ਪ੍ਰਭਾਵ ਕਿਸ ਚੀਜ਼ ਨੇ ਪਾਉਣਾ ਹੈ?

ਕਹਿਣ ਨੂੰ ਤਾਂ ਭਾਰਤ ਧਰਮ ਨਿਰਪੱਖ ਦੇਸ਼ ਹੈ। ਪਰ ਇਥੇ ਬਹੁਗਿਣਤੀ ਹਿੰਦੂ ਕੌਮ ਦੀ ਹੋਣ ਕਰਕੇ ਸਾਰਾ ਮਹੌਲ ਬ੍ਰਾਹਮਣਵਾਦੀ ਵਿਚਾਰਧਾਰਾ ਵਿੱਚ ਰੰਗਿਆ ਹੋਇਆ ਹੈ। ਹੋਰ ਤਾਂ ਹੋਰ ਭਾਰਤੀ ਸੰਵਿਧਾਨ ਅਨੁਸਾਰ ਸਰਕਾਰ ਤੇ ਸੈਕੂਲਰਿਜ਼ਮ ਦਾ ਠੱਪਾ ਲਗਾ ਹੋਣ ਦੇ ਬਾਵਜੂਦ, ਸਰਕਾਰ ਦਾ ਹਰ ਕੰਮ ਅਤੇ ਹਰ ਪ੍ਰੋਗਰਾਮ ਬ੍ਰਾਹਮਣਵਾਦੀ ਰੰਗਤ ਵਿਚ ਰੰਗਿਆ ਹੁੰਦਾ ਹੈ। ਅਜ ਭਾਵੇਂ ਫਿਲਮਾਂ ਹੋਣ ਯਾ ਟੈਲੀਵੀਜ਼ਨ ਦੇ ਪ੍ਰੋਗਰਾਮ, ਅਖਬਾਰਾਂ, ਰਸਾਲੇ, ਵਿਦਿਅਕ ਸੰਸਥਾਵਾਂ ਜਾਂ ਹੋਰ ਸਮਾਜਿਕ ਅਦਾਰੇ ਸਭ ਦਾ ਭਗਵਾਂਕਰਨ ਕਰ ਦਿੱਤਾ ਗਿਆ ਹੈ। ਇਸ ਨਾਲ ਸਾਰੇ ਦੇਸ਼ ਵਿਚ ਹਿੰਦੂਤੱਵੀ ਮਹੌਲ ਹੈ, ਜਿਸ ਤੋਂ ਭਾਰਤ ਦੀ ਕੋਈ ਵੀ ਘੱਟਗਿਣਤੀ ਕੌਮ ਨਹੀਂ ਬੱਚ ਸਕੀ। ਭਾਰਤ ਦੀਆਂ ਸਭ ਘੱਟਗਿਣਤੀ ਕੌਮਾਂ ਤੇ ਇਸ ਦਾ ਮਾਰੂ ਅਸਰ ਹੋ ਰਿਹਾ ਹੈ। ਦੁਨੀਆਂ ਦੇ ਅਨੇਕ ਮੁਲਕਾਂ ਵਿੱਚ ਰਾਜ ਭਾਗ ਤੇ ਕਾਬਜ਼ ਅਤੇ ਦੁਨੀਆਂ ਦੀ ਦੂਜੇ ਨੰਬਰ ਦੀ ਬਹੁਗਿਣਤੀ, ਮੁਸਲਮਾਨ ਕੌਮ ਤੇ ਭਾਰਤ

ਵਿੱਚ ਜੋ ਬ੍ਰਾਹਮਣੀ ਪ੍ਰਭਾਵ ਹੋਇਆ, ਉਸ ਬਾਰੇ ਇਕ ਸ਼ਾਇਰ ਨੇ ਇੰਝ ਲਿਖਿਆ ਹੈ:

ਯਹ ਦੀਨੇ ਹਜਾਜੀ ਕਾ ਬੇਬਾਕ ਬੇੜਾ, ਜੋ ਜੇਹੋ ਮੇਂ ਅਟਕਾ ਨਾ ਸੇਹੋਂ ਮੇਂ ਠਹਿਰਾ,
ਕੀਏ ਪਾਰ ਜਿਸ ਨੇ ਸਾਤੋਂ ਸਮੁੰਦਰ, ਵੋਹ ਡੂਬਾ ਦਹਾਨੇ ਮੇਂ ਗੰਗਾ ਕੇ ਆਕਰ ।

ਵਿਸ਼ੇਸ਼ ਕਰਕੇ ਸਿੱਖਾਂ ਦਾ ਤਾਂ ਸਰੂਪ ਅਤੇ ਸਿਧਾਂਤ ਪੂਰੀ ਤਰ੍ਹਾਂ ਵਿਗਾੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਹਾਂ! ਇਕ ਫਰਕ ਜ਼ਰੂਰ ਹੈ ਕਿ ਦੂਜੀਆਂ ਘੱਟ ਗਿਣਤੀ ਕੌਮਾਂ ਇਸ ਪੱਖੋਂ ਕੁਝ ਸੁਚੇਤ ਹੋ ਗਈਆਂ ਹਨ ਅਤੇ ਉਨ੍ਹਾਂ ਇਸ ਮਹਾਂਮਾਰੀ ਤੋਂ ਬਚਣ ਦੇ ਉਪਰਾਲੇ ਸ਼ੁਰੂ ਕਰ ਦਿਤੇ ਹਨ, ਪਰ ਕਿਉਂਕਿ ਸਿੱਖ ਕੌਮ ਇਸ ਵੇਲੇ ਬੇਈਮਾਨ ਅਤੇ ਸੁਆਰਥੀ ਆਗੂਆਂ ਦੇ ਕਬਜ਼ੇ ਵਿੱਚ ਹੈ, ਇਥੇ ਹਾਲਾਤ ਬਿਲਕੁਲ ਉਲਟ ਹਨ। ਅੱਜ ਇਕ ਅੰਦਾਜ਼ੇ ਮੁਤਾਬਿਕ ਪੰਜਾਬ ਵਿਚ ਤਾਂ ਤਕਰੀਬਨ 80% ਤੋਂ ਵਧੇਰੇ ਸਿੱਖ ਗੁਰੂ ਨੂੰ ਪਿੱਠ ਦੇਈ ਬੈਠੇ ਹਨ। ਜਿਸ ਤਰ੍ਹਾਂ ਸਿੱਖੀ ਸਰੂਪ ਦਾ ਉਜਾੜਾ ਗੁਰੂਆਂ ਦੀ ਧਰਤੀ, ਪੰਜਾਬ ਵਿੱਚ ਹੋਇਆ ਹੈ, ਵੇਖ, ਸੋਚ ਕੇ ਮਨ ਸੱਕਤੇ ਦੀ ਹਾਲਤ ਵਿੱਚ ਆ ਜਾਂਦਾ ਹੈ। ਹਾਂ! ਕੁਝ ਚੜ੍ਹਦੀਆਂ ਕਲਾਂ ਵਾਲੇ ਸਿੰਘ ਇਹ ਕਹਿ ਕੇ ਮਨ ਨੂੰ ਤਸੱਲੀ ਦੇ ਲੈਂਦੇ ਹਨ ਕਿ ਸਿੱਖੀ ਗੁਰੂ ਦੀ ਹੈ, ਗੁਰੂ ਇਸ ਦਾ ਰਾਖਾ ਹੈ, ਇਹ ਕਦੇ ਖਤਮ ਨਹੀਂ ਹੋ ਸਕਦੀ। ਹੋਰ ਭਲਾ ਖਤਮ ਹੋਣ ਵਿਚ ਕਸਰ ਕਿੰਨੀ ਕੁ ਬਾਕੀ ਰਹਿ ਗਈ ਹੈ? ਬੀਜ ਤਾਂ ਕਦੇ ਕਿਸੇ ਚੀਜ਼ ਦਾ ਨਾਸ ਨਹੀ ਹੁੰਦਾ। ਬਜਾਏ ਕੌਮ ਨੂੰ ਬਚਾਉਣ ਲਈ, ਕੁਝ ਅਮਲੀ ਪ੍ਰੋਗਰਾਮ ਉਲੀਕਣ ਦੇ, ਐਸੀਆਂ ਭਾਵੁਕ ਗੱਲਾਂ ਕਰਕੇ ਮਨ ਨੂੰ ਤਸੱਲੀ ਦੇ ਲਈ ਜਾਂਦੀ ਹੈ।

ਜਦੋਂ ਪੰਜਾਬ ਚੋਂ ਬਾਹਰ ਨਿਕਲਦੇ ਹਾਂ ਤਾਂ ਸਰੂਪ ਪੱਖੋਂ ਕੁਝ ਤਸੱਲੀ ਹੁੰਦੀ ਹੈ। ਪਰ ਜੀਵਨ ਪੱਖੋਂ ਇਥੇ ਵੀ ਉਤਨੀ ਹੀ ਨਿਰਾਸ਼ਾ ਹੁੰਦੀ ਹੈ। ਘਰਾਂ ਵਿਚ ਮੂਰਤੀਆਂ ਦੀ ਪੂਜਾ, ਤਰ੍ਹਾਂ ਤਰ੍ਹਾਂ ਦੇ ਕਰਮਕਾਂਡੀ ਸੰਸਕਾਰ, ਬੀਬੀਆਂ ਦੇ ਸਿਰਾਂ ਵਿਚ ਸਿੰਧੂਰ, ਗਲਾਂ ਵਿਚ ਮੰਗਲਸੂਤਰ, ਬਿਪਰਵਾਦੀ ਵਰਤ। ਹੋਰ ਕਿਹੜੀਆਂ ਕਿਹੜੀਆਂ ਗਿਣਤੀਆਂ ਗਿਣੀਏ। ਨਿਰਾ ਬ੍ਰਾਹਮਣਵਾਦ ਦਾ ਪਸਾਰਾ ਹੋ ਗਿਆ ਹੈ। ਸਿੱਖ ਸਿਧਾਂਤ ਤਾਂ ਜਿਵੇਂ ਬਿਲਕੁਲ ਗੁਆਚ ਹੀ ਗਿਆ ਹੈ। ਇਸ ਸਿਧਾਂਤ ਵਿਹੂਣੇ ਜੀਵਨ ਤੇ ਸਰੂਪ ਵੀ ਕਿਤਨੇ ਦਿਨ ਟਿਕੇਗਾ? ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਸਾਰੇ ਗੁਰਸਿੱਖ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵੀਚਾਰੀਏ ਅਤੇ ਸਿੱਖੀ ਨੂੰ ਬਚਾਉਣ ਲਈ ਯੋਗ ਉਪਰਾਲੇ ਕਰੀਏ।

ਤਿੰਨ ਪ੍ਰਮੁਖ ਸੋਮੇ ਹਨ ਜਿਥੋਂ ਸਿੱਖੀ ਪ੍ਰਫੁਲੱਤ ਹੋ ਸਕਦੀ ਹੈ:
ਘਰ-ਪਰਿਵਾਰ, ਗੁਰਦੁਆਰਾ ਅਤੇ ਸਕੂਲ।

ਘਰ-ਪਰਿਵਾਰ

ਘਰ-ਪਰਿਵਾਰ ਨੂੰ ਸਭ ਤੋਂ ਪਹਿਲ ਇਸ ਲਈ ਦਿੱਤੀ ਹੈ, ਕਿਉਂਕਿ ਜਨਮ ਲੈਣ ਤੋਂ ਬਾਅਦ ਬੱਚੇ ਨੂੰ ਜੋ ਸਭ ਤੋਂ ਪਹਿਲਾ ਮਹੌਲ ਮਿਲਦਾ ਹੈ, ਉਹ ਮਾਂ ਦੀ ਗੋਦ ਹੈ, ਸਾਡਾ ਘਰ ਹੈ। ਇਹ ਮਹੌਲ ਇਤਨਾ ਪ੍ਰਭਾਵਸ਼ਾਲੀ ਹੈ ਕਿ ਇਕ ਅੰਗਰੇਜ਼ ਮਾਂ-ਬਾਪ ਦੀ ਸੰਤਾਨ ਨੂੰ ਜਮਦਿਆਂ ਕਿਸੇ ਪੰਜਾਬਣ ਮਾਂ ਦੀ ਗੋਦ ਵਿੱਚ ਪਾ ਦਿਓ, ਉਹ ਪੰਜਾਬੀ ਭਾਸ਼ਾ ਹੀ ਬੋਲੇਗਾ ਅਤੇ ਪੰਜਾਬੀ ਰੰਗਤ ਵਿੱਚ ਹੀ ਰੰਗਿਆ ਜਾਵੇਗਾ। ਪੁਰਾਣੇ ਸਮਿਆਂ ਵਿਚ ਬੱਚੇ ਨੂੰ ਜਿਵੇਂ ਸਿੱਖੀ ਗੁੜ੍ਹਤੀ ਵਿਚ ਹੀ ਮਿਲ ਜਾਂਦੀ ਸੀ। ਸਿੱਖ ਮਾਂ ਨੇ ਬੱਚੇ ਨੂੰ ਦੁੱਧ ਪਿਆਉਣ

ਲਈ ਗੋਦ ਵਿਚ ਲੈਣਾ, ਨਾਲ ਹੀ ਗੁਰਬਾਣੀ ਪੜ੍ਹਨੀ ਸ਼ੁਰੂ ਕਰ ਦੇਣੀ। ਜੇ ਅੰਨ-ਪਾਣੀ ਬਨਾਉਂਣਾ, ਨਾਲ ਪਾਠ ਕਰਦੇ ਰਹਿਣਾ। ਮੇਰੇ ਮਾਤਾ ਜੀ ਬਿਲਕੁਲ ਅਨਪੜ੍ਹ ਸਨ, ਪਰ ਜਦੋਂ ਪਾਠ ਕਰਨ ਬੈਠਣਾ, ਦੋ ਦੋ ਘੰਟੇ ਪਾਠ ਕਰੀ ਜਾਣਾ। ਪਤਾ ਨਹੀ ਕਿੰਨੀਆਂ ਕੁ ਬਾਣੀਆਂ ਉਨ੍ਹਾਂ ਨੂੰ ਕੰਠ ਸਨ। ਇਕ ਦਿਨ ਮੈਂ ਪੁਛਿਆ, "ਬੀਜੀ ਤੁਸੀਂ ਪੜ੍ਹੇ ਤਾਂ ਹੋਏ ਨਹੀਂ ਫਿਰ ਇਤਨੀਆਂ ਬਾਣੀਆਂ ਕਿਵੇਂ ਕੰਠ ਕਰ ਲਈਆਂ?" ਕਹਿਣ ਲੱਗੇ, "ਬੇਟਾ ਪਤਾ ਨਹੀਂ। ਜਦੋਂ ਦੀ ਹੋਸ਼ ਸੰਭਾਲੀ ਹੈ, ਕੰਠ ਹੀ ਨੇ।" ਇਹ ਸੀ ਪਰਿਵਾਰਕ ਮਾਹੌਲ ਦਾ ਅਸਰ।

ਘਰਾਂ ਵਿਚ ਕੋਈ ਸੰਸਕਾਰ ਹੋਣ, ਕੋਈ ਖੁਸ਼ੀ, ਗਮੀਂ ਦਾ ਮੌਕਾ ਹੋਵੇ, ਹਰ ਵੇਲੇ ਜਿਵੇਂ ਗੁਰਬਾਣੀ ਸ਼ਬਦਾਂ ਦਾ ਪਰਵਾਹ ਚਲਦਾ ਰਹਿੰਦਾ ਸੀ। ਆਨੰਦ ਕਾਰਜ ਹੋਵੇ, ਰਸਮਾਂ ਸ਼ੁਰੂ ਹੋਣ ਤੋਂ ਲੈਕੇ ਰਸਮਾਂ ਸੰਪੂਰਨ ਹੋਣ ਤਕ ਹਰ ਵੇਲੇ ਵਾਹਿਗੁਰੂ ਦੇ ਸ਼ੁਕਰਾਨੇ ਅਤੇ ਵਡਿਆਈ ਦੇ ਸ਼ਬਦ ਹੀ ਗਾਏ ਜਾ ਰਹੇ ਹੁੰਦੇ। ਐਸੇ ਸਿੱਖੀ ਮਹੌਲ ਵਾਲੇ ਪਰਿਵਾਰ ਵਿਚੋਂ ਬਹੁਤੀ ਸਿੱਖੀ ਸੁਭਾਵਕ ਹੀ ਪ੍ਰਾਪਤ ਹੋ ਜਾਂਦੀ ਸੀ। ਰਹਿੰਦੀ ਖੂਹੰਦੀ ਕਸਰ ਮਾਤਾ-ਪਿਤਾ, ਦਾਦਾ-ਦਾਦੀ, ਗੁਰੂ ਘਰ ਦੀਆਂ ਸਾਖੀਆਂ ਸੁਣਾਕੇ ਅਤੇ ਉੱਚੇ-ਸੁੱਚੇ ਗੁਰਮਤਿ ਸਿਧਾਂਤ ਦ੍ਰਿੜ ਕਰਾਕੇ ਪੂਰੀ ਕਰ ਦੇਂਦੇ। ਅਜੇ ਜਦੋਂ ਬੱਚੇ ਦੀ ਆਸ ਹੀ ਲਗਦੀ, ਇਹ ਯਕੀਨੀ ਬਣਾਇਆ ਜਾਂਦਾ ਕਿ ਮਾਂ ਗੁਰਬਾਣੀ ਜਾਂ ਨਿਰੋਇਆ ਸਾਹਿਤ ਹੀ ਪੜ੍ਹੇ, ਤਾਂ ਕਿ ਬੱਚੇ ਵਿੱਚ ਜਨਮ ਤੋਂ ਹੀ ਚੰਗੇ ਸੰਸਕਾਰ ਵਿਕਸਤ ਹੋਣ। ਅਜ ਕੰਮ ਬਿਲਕੁਲ ਉਲਟ ਹੋ ਗਿਆ ਹੈ। ਬੱਚਾ ਭਾਵੇਂ ਪੇਟ ਵਿਚ ਹੋਵੇ, ਭਾਵੇਂ ਗੋਦ ਵਿਚ, ਪਰਿਵਾਰ ਵਾਸਤੇ ਰੋਟੀ ਬਣਾਈ ਜਾ ਰਹੀ ਹੋਵੇ ਜਾਂ ਖਾਧੀ, ਨਾਲ ਟੀ. ਵੀ. ਤੇ ਚਲ ਰਹੇ ਮਾਰ ਕੁਟਾਈ ਵਾਲੇ ਜਾਂ ਅਸ਼ਲੀਲ ਦ੍ਰਿਸ਼ ਵੇਖੇ ਜਾ ਰਹੇ ਹੁੰਦੇ ਹਨ ਅਤੇ ਅਸ਼ਲੀਲ ਗਾਣੇ ਸੁਣੇ ਜਾ ਰਹੇ ਹੁੰਦੇ ਹਨ। ਕੁਝ ਦੁਨਿਆਵੀ ਰੁਝੇਵੇਂ, ਕੁਝ ਟੀ. ਵੀ. ਦੀ ਕਿਰਪਾ, ਪਹਿਲਾਂ ਤੇ ਮਾਤਾ-ਪਿਤਾ ਕੋਲ ਬੱਚਿਆਂ ਨਾਲ ਗੱਲ-ਬਾਤ ਕਰਨ ਦਾ ਸਮਾਂ ਹੀ ਨਹੀਂ, ਚਲੋ ਜੇ ਕੁਝ ਸਮਾਂ ਕੱਢ ਵੀ ਲੈਣ ਤਾਂ ਗੁਰੂ ਦੀਆਂ ਗੱਲਾਂ ਤਾਂ, ਤਾਂ ਹੀ ਕਰਨਗੇ ਜੇ ਆਪ ਗੁਰਮਤਿ ਦੀ ਕੋਈ ਸੋਝੀ ਹੋਵੇਗੀ। ਘਰਾਂ ਵਿਚ ਹੋਣ ਵਾਲੇ ਸੰਸਕਾਰਾਂ, ਵਿਸ਼ੇਸ਼ ਕਰਕੇ ਵਿਆਹਾਂ ਵਿੱਚ ਤਾਂ ਇਤਨਾ ਗੰਦ ਫੈਲ ਗਿਆ ਹੈ ਕਿ ਬਿਆਨ ਕਰਨਾ ਔਖਾ ਹੈ, ਜਾਂ ਬਿਪਰਵਾਦੀ ਕਰਮਕਾਂਡਾਂ ਦਾ ਸਿੱਖੀ-ਕਰਨ ਜਾਂ ਆਧੁਨਿਕਤਾ ਦੇ ਨਾਂ ਤੇ ਹੱਦ ਦੀ ਸਮਾਜਿਕ ਗਿਰਾਵਟ ਅਤੇ ਲੱਚਰਤਾ। ਕਹਿਣ ਨੂੰ ਅਤੇ ਵਿਖਾਵੇ ਲਈ ਕਰਮ ਕਾਂਡ ਦੇ ਤੌਰ ਤੇ ਆਖੰਡ ਪਾਠ ਵੀ ਕਰਵਾ ਲਏ ਜਾਂਦੇ ਹਨ, ਪਰ ਨਾਲ ਹੀ, ਇਤਨੇ ਗੁਰਮਤਿ ਵਿਰੋਧੀ ਕੰਮ ਕੀਤੇ ਜਾ ਰਹੇ ਹੁੰਦੇ ਹਨ, ਕਿ ਹਰ ਐਸਾ ਮੌਕਾ ਪਰਿਵਾਰ ਨੂੰ ਗੁਰੂ ਤੋਂ ਕੁਝ ਹੋਰ ਦੂਰ ਲੈ ਜਾਂਦਾ ਹੈ। ਬਹੁਤੇ ਘਰਾਂ ਵਿੱਚ ਵੱਡਿਆਂ ਦਾ ਨਿਜੀ ਜੀਵਨ ਪੱਧਰ ਇਤਨਾ ਗਿਰ ਗਿਆ ਹੈ ਕਿ ਜਾਂ ਤਾਂ ਉਨ੍ਹਾਂ ਦੇ ਕਰਮਾਂ ਨੂੰ ਵੇਖ ਕੇ ਘਰ ਵਿੱਚੋਂ ਹੀ ਬੱਚੇ ਨੂੰ ਸਿੱਖੀ ਨਾਲ ਨਫਰਤ ਹੋ ਜਾਂਦੀ ਹੈ, ਜਾਂ ਉਸ ਦੇ ਵਾਸਤੇ ਵੀ ਸਿੱਖੀ ਕੇਵਲ ਇਕ ਭੇਖ ਰਹਿ ਜਾਂਦਾ ਹੈ। ਕਹਿਣ ਦਾ ਭਾਵ ਇਹ ਕਿ ਮਾਂ ਦੀ ਗੋਦ ਵੀ ਗੁਰਮਤਿ ਤੋਂ ਸਖਣੀ ਹੈ ਅਤੇ ਪਰਿਵਾਰ ਦਾ ਮਹੌਲ ਵੀ ਪਰਦੂਸ਼ਤ। ਫਿਰ ਘਰ ਵਿਚੋਂ ਸਿੱਖੀ ਦੀ ਦਾਤ ਕਿਵੇਂ ਪ੍ਰਾਪਤ ਹੋ ਸਕਦੀ ਹੈ ?

ਗੁਰਦੁਆਰਾ

ਦੂਸਰਾ ਅਤਿ ਮਹੱਤਵਪੂਰਨ ਸੋਮਾਂ ਜਿਥੋਂ ਸਿੱਖੀ ਦੀ ਦਾਤ ਪ੍ਰਾਪਤ ਹੋਣੀ ਚਾਹੀਦੀ ਹੈ, ਉਹ ਹੈ ਗੁਰਦੁਆਰਾ। ਗੁਰੂ ਨਾਨਕ ਪਾਤਿਸ਼ਾਹ ਆਪਣੇ ਪ੍ਰਚਾਰ ਦੌਰਿਆਂ, ਜਿਨ੍ਹਾਂ ਨੂੰ

ਅਸੀਂ ਉਦਾਸੀਆਂ ਕਹਿਕੇ ਯਾਦ ਕਰਦੇ ਹਾਂ, ਦੌਰਾਨ ਜਿਥੇ ਵੀ ਗਏ, ਉਥੇ ਉਨ੍ਹਾਂ ਸੰਗਤਾਂ ਕਾਇਮ ਕੀਤੀਆਂ, ਇਹ ਉਹ ਸਥਾਨ ਸਨ, ਜਿਥੇ ਨੇਮ ਨਾਲ ਸੰਗਤਾਂ ਜੁੜਦੀਆਂ। ਜਿਥੇ ਗੁਰ ਨਾਨਕ ਪਾਤਿਸ਼ਾਹ ਦੇ ਇਲਾਹੀ ਗਿਆਨ ਦੀ ਰੌਸ਼ਨੀ ਵਿਚ ਸਫਲ ਜੀਵਨ ਅਤੇ ਅਕਾਲ ਪੁਰਖ ਦੇ ਗੁਣਾਂ ਦੀ ਵਿਚਾਰ ਹੁੰਦੀ। ਅੱਜ ਵੀ ਕਈ ਜਗ੍ਹਾ ਤੇ ਸੰਗਤ ਦੇ ਨਾਂ ਤੇ ਗੁਰਦੁਆਰੇ ਵੇਖੇ ਜਾ ਸਕਦੇ ਹਨ। ਸਮਾਂ ਪਾਕੇ ਇਨ੍ਹਾਂ ਸੰਗਤਾਂ ਦਾ ਨਾਂ ਧਰਮਸਾਲ ਪੈ ਗਿਆ। ਸਾਲ ਵਿਦਿਅਕ ਕੇਂਦਰ ਨੂੰ ਕਹਿੰਦੇ ਹਨ, ਧਰਮਸਾਲ ਭਾਵ ਧਰਮ ਦਾ ਸਕੂਲ, ਜਿਥੇ ਧਰਮ ਪੜ੍ਹਾਇਆ ਜਾਂਦਾ ਹੈ। ਨਾਂ ਬਦਲ ਗਿਆ, ਪਰ ਕੰਮ ਨਹੀਂ ਬਦਲਿਆ। ਮਕਸਦ ਉਹੋ ਰਿਹਾ ਜੋ ਸੰਗਤ ਦਾ ਸੀ। ਹਾਂ ਦਾਇਰਾ ਪਹਿਲਾਂ ਨਾਲੋਂ ਕੁਝ ਮੋਕਲਾ ਹੋ ਗਿਆ। ਹੁਣ ਇਥੇ ਨਾਲ ਹੀ ਪੰਗਤ ਵੀ ਕਾਇਮ ਹੋ ਗਈ। ਲੋੜਵੰਦ ਨੂੰ ਲੰਗਰ ਅਤੇ ਰਹਿਣ ਨੂੰ ਠਾਹਰ ਵੀ ਪ੍ਰਾਪਤ ਹੋਣ ਲਗ ਗਈ। ਜਦੋਂ ਇਨ੍ਹਾਂ ਧਰਮਸਾਲਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋ ਗਿਆ, ਇਸ ਦਾ ਨਾਂ ਗੁਰਦੁਆਰਾ ਬਣ ਗਿਆ। ਅਸਲ ਮਕਸਦ ਫੇਰ ਵੀ ਨਹੀਂ ਬਦਲਿਆ, ਹਾਂ ਦਾਇਰਾ ਹੋਰ ਫੈਲ ਗਿਆ, ਹੁਣ ਇਹ ਸਿੱਖ ਦੇ ਸਮਾਜਕ ਜੀਵਨ ਦਾ ਵੀ ਕੇਂਦਰ ਬਣ ਗਿਆ।

ਅੱਜ ਅਸੀਂ ਆਪਣੇ ਗੁਰਦੁਆਰਿਆਂ ਵਲ ਝਾਤੀ ਮਾਰਕੇ ਵੇਖੀਏ, ਹਿੰਦੂ ਮੰਦਰਾਂ ਦੀ ਤਰਜ਼ ਤੇ, ਪੂਜਾ ਦੇ ਸਥਾਨ ਬਣ ਗਏ ਹਨ। ਸੰਗਤਾਂ ਆਕੇ ਉਪਰ ਰੁਮਾਲਾ ਪਏ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ, ਪਰਕਰਮਾਂ ਕਰਕੇ ਆਪਣਾ ਮਨ ਖੁਸ਼ ਕਰਕੇ ਤੁਰ ਜਾਂਦੀਆਂ ਹਨ ਕਿ ਅਸੀਂ ਗੁਰੂ ਦੇ ਦਰਸ਼ਨ ਕਰ ਆਏ ਹਾਂ। ਹਾਲਾਂਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਪਾਠ-ਦੀਦਾਰ ਭਾਵ ਪਾਠ ਦੁਆਰਾ ਦੀਦਾਰ ਹਨ। ਕੁਝ ਇਸ ਤੋਂ ਵੱਡੇ ਮਨਮੱਤੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲਾ ਚੁੱਕ ਕੇ ਦਰਸ਼ਨ ਕਰਕੇ ਆਪਣੇ ਮਨ ਨੂੰ ਖੁਸ਼ ਕਰ ਲੈਂਦੇ ਹਨ। ਜਦਕਿ ਸਤਿਗੁਰੂ ਜੀ ਦੀ ਬਾਣੀ ਫੁਰਮਾਉਂਦੀ ਹੈ:

"ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥" (ਸਲੋਕੁ ਮਃ ੩, ਪੰਨਾ-੫੪)

ਵਧੇਰੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਭੁੱਲੜ ਸੰਗਤਾਂ ਨੂੰ ਕੋਈ ਸਮਝਾਉਣ ਵਾਲਾ ਵੀ ਕੋਈ ਨਹੀਂ। ਬਹੁਤੇ ਗੁਰਦੁਆਰਿਆਂ ਦੇ ਵਿੱਚ ਤਾਂ ਪ੍ਰਚਾਰਕ ਹੀ ਕੋਈ ਨਹੀਂ, ਜੇ ਅਧਿਆਪਕ ਹੀ ਨਹੀਂ ਤਾਂ ਪੜ੍ਹਾਉਣਾ ਕਿਸ ਹੈ? ਜਿਥੇ ਪ੍ਰਚਾਰਕ ਹਨ ਵੀ, ਬਹੁਤੇ ਗ੍ਰੰਥੀ ਅਤੇ ਪ੍ਰਚਾਰਕ ਬਾਬਿਆਂ ਦੇ ਡੇਰਿਆ ਤੋਂ ਟਰੇਨਿੰਗ ਲੈਕੇ ਆਏ ਹਨ, ਜਿਥੇ ਪਹਿਲਾਂ ਹੀ ਬ੍ਰਾਹਮਣੀ ਕਰਮਕਾਂਡਾਂ ਦਾ ਬੋਲਬਾਲਾ ਹੈ। ਉਸੇ ਅਨੁਸਾਰ ਹੀ, ਉਹ ਸੰਗਤ ਨੂੰ ਗੁਰਮਤਿ ਪੜ੍ਹਾਉਣ, ਸਮਝਾਉਣ ਦੀ ਬਜਾਏ, ਗੁਰਦੁਆਰਿਆਂ ਵਿਚ ਕਮਰਕਾਂਡ ਕਰਾ ਰਹੇ ਹਨ। ਹਾਂ! ਇਕ ਫਰਕ ਜ਼ਰੂਰ ਹੈ ਬ੍ਰਾਹਮਣੀ ਕਰਮਕਾਂਡ ਤਿਆਗ ਕੇ, ਐਨ ਉਸੇ ਅਨੁਸਾਰ ਇਨ੍ਹਾਂ ਨਵੇਂ ਸਿੱਖੀ ਕਰਮਕਾਂਡ ਤਿਆਰ ਕਰ ਲਏ ਹਨ, ਜਿਨ੍ਹਾਂ ਨੂੰ ਗੁਰਮਤਿ ਕਹਿਕੇ ਪ੍ਰਚਾਰਿਆ ਜਾ ਰਿਹਾ ਹੈ। ਫਿਰ ਇਕ ਡਰ ਵੀ ਹੈ ਕਿ ਜੇ ਸੰਗਤ ਨੂੰ ਸੱਚ ਸਮਝਾ ਦਿੱਤਾ ਤਾਂ ਕਿਤੇ ਗੁਰਦੁਆਰੇ ਆਉਣ ਵਾਲੀਆਂ ਸੰਗਤਾਂ ਘਟ ਹੀ ਨਾ ਜਾਣ! ਜਿਸ ਨਾਲ ਗੁਰਦੁਆਰੇ ਦੀ ਆਮਦਨ ਵੀ ਘੱਟ ਜਾਵੇ। ਬਹੁਤੇ ਗੁਰਦੁਆਰਿਆਂ ਵਿਚ ਤਾਂ ਸ਼ਬਦ ਵਿਚਾਰ ਦਾ ਰਿਵਾਜ਼ ਹੀ ਨਹੀਂ, ਜੋ ਗੁਰਦੁਆਰੇ ਦਾ ਮੁੱਖ ਮਕਸਦ ਹੈ। ਜਿਨ੍ਹਾਂ ਵਿਰਲਿਆਂ ਵਿਚ ਹੋ ਵੀ ਰਹੀ ਹੈ, ਬਹੁਤੀ ਸਨਾਤਨੀ ਵਿਆਖਿਆ ਹੋ ਰਹੀ ਹੈ।

ਚੰਗੇ ਭਾਗਾਂ ਨੂੰ ਪਿਛਲੇ ਸਮੇਂ ਵਿਚ ਕੁਝ ਮਿਸ਼ਨਰੀ ਕਾਲਜ ਸਥਾਪਤ ਹੋਏ ਹਨ,

ਜੋ ਨੇਮਬੱਧ ਤਰੀਕੇ ਨਾਲ ਤੱਤ ਗੁਰਮਤਿ ਪੜ੍ਹਾ ਰਹੇ ਹਨ, ਪਰ ਇਕ ਤਾਂ ਇਨ੍ਹਾਂ ਦੀ ਗਿਣਤੀ ਬਹੁਤ ਥੋੜ੍ਹੀ ਹੈ, ਦੂਸਰਾ ਜਦੋਂ ਇਥੋਂ ਦੇ ਪੜ੍ਹੇ ਪ੍ਰਚਾਰਕ, ਗੁਰਦੁਆਰਿਆਂ ਵਿੱਚ ਤੱਤ ਗੁਰਮਤਿ ਦੀਆਂ ਗਲਾਂ ਕਰਦੇ ਹਨ, ਉਹ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਰਾਸ ਨਹੀ ਆਉਦੀਆਂ ਅਤੇ ਇਨ੍ਹਾਂ ਨੂੰ ਨੌਕਰੀ ਦੀ ਮਜਬੂਰੀ ਕਾਰਨ ਸਮਝੌਤੇ ਕਰਨੇ ਪੈਂਦੇ ਹਨ। ਆਮ ਵੇਖਣ ਵਿਚ ਆਇਆ ਹੈ ਕਿ ਇਨ੍ਹਾਂ ਵਿਚੋਂ ਵੀ ਕਈ ਪੇਸ਼ੇ ਦੇ ਰੰਗ ਵਿਚ ਰੰਗ ਕੇ, ਦੂਜਿਆਂ ਵਰਗੇ ਹੀ ਪੁਜਾਰੀ ਬਣ ਬੈਠਦੇ ਹਨ।

ਸ਼ਾਇਦ ਕੋਈ ਭਾਗਾਂ ਵਾਲਾ ਗੁਰਦੁਆਰਾ ਹੀ ਹੋਵੇਗਾ, ਜਿਥੇ ਗੁਰਦੁਆਰੇ ਦੇ ਪ੍ਰਬੰਧ ਨੂੰ ਲੈਕੇ ਝਗੜੇ ਨਾ ਹੋਣ। ਉਂਜ ਸਾਰੇ ਹੀ ਪ੍ਰਬੰਧਕ ਸੇਵਾ ਕਰ ਰਹੇ ਹਨ। ਸੇਵਾ ਲੈਣ ਵਾਸਤੇ ਹੀ ਡਾਂਗ ਸੋਟਿਆ ਤਕ ਨੌਬਤ ਪਹੁੰਚ ਜਾਂਦੀ ਹੈ। ਸੇਵਾ ਲੈਣ ਵਾਸਤੇ ਹੀ ਲੱਖਾਂ ਰੁਪਏ ਖਰਚੇ ਜਾਂਦੇ ਹਨ ਅਤੇ ਤਰ੍ਹਾਂ ਤਰ੍ਹਾਂ ਦੇ ਨਸ਼ਿਆਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ ਹੈ। ਇਥੇ ਹੀ ਕੰਮ ਨਹੀ ਮੁਕਦਾ, ਪੁਲਿਸ ਅਤੇ ਕੋਰਟ ਕਚਹਿਰੀਆਂ ਵੀ ਆਮ ਜਿਹੀ ਗੱਲ ਹੈ। ਉਤੋਂ ਜੇ ਬਹੁਤੇ ਪ੍ਰਬੰਧਕਾਂ ਦੇ ਨਿਜੀ ਅਤੇ ਪਰਿਵਾਰਕ ਜੀਵਨ ਵਲ ਝਾਤੀ ਮਾਰ ਲਈਏ ਤਾਂ ਰਹਿੰਦੀ ਖੂਹੰਦੀ ਕਸਰ ਵੀ ਪੂਰੀ ਹੋ ਜਾਂਦੀ ਹੈ। ਜਿਨ੍ਹਾਂ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਦੇ ਜੀਵਨ ਤੋਂ ਆਮ ਸਿੱਖ ਨੇ ਪ੍ਰੇਰਨਾ ਲੈਣੀ ਸੀ, ਉਨ੍ਹਾਂ ਦੇ ਜੀਵਨ ਵਿੱਚ ਸਿੱਖੀ ਸ਼ਾਇਦ ਨੇੜਿਓਂ ਵੀ ਨਹੀਂ ਲੰਘੀ, ਜਿਸਦਾ ਅੱਜ ਬਿਲਕੁਲ ਉਲਟਾ ਪਰਭਾਵ ਪੈ ਰਿਹਾ ਹੈ। ਅੱਗੋਂ ਇਹ ਪ੍ਰਬੰਧਕ ਆਪਣੀਆਂ ਪ੍ਰਾਪਤੀਆਂ ਦੀ ਗਿਣਤੀ ਇਸ ਤੋਂ ਗਿਣਾਉਂਦੇ ਹਨ, ਕਿ ਕਿਸ ਨੇ ਆਪਣੀ ਪ੍ਰਧਾਨਗੀ ਵਿੱਚ ਕਿੰਨੀਆਂ ਇਮਾਰਤਾਂ ਬਣਵਾਈਆਂ, ਇਮਾਰਤਾਂ ਤੇ ਕਿਤਨਾ ਸੰਗਮਰਮਰ ਅਤੇ ਕਿਤਨਾ ਸੋਨਾ ਚੜ੍ਹਾਇਆ ਅਤੇ ਕਿਤਨੇ ਦੀਆਂ ਐਫ. ਡੀਆਂ ਬਣਵਾਈਆਂ। ਕਦੇ ਕੋਈ ਇਹ ਗੱਲ ਨਹੀ ਕਹਿੰਦਾ ਕਿ ਉਸ ਨੇ ਕਿਤਨਾ ਗੁਰਮਤਿ ਦਾ ਪ੍ਰਚਾਰ ਕਰਾਇਆ, ਕਿਤਨੇ ਸਿੱਖੀ ਤੋਂ ਬੇਮੁਖ ਹੋਇਆਂ ਨੂੰ ਵਾਪਿਸ ਮੋੜਿਆ ਹੈ ਅਤੇ ਕਿਤਨੇ ਸਿੱਖ ਬਣਾਏ ਹਨ। ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਸੰਗਤ ਵੀ ਇਨ੍ਹਾਂ ਗੱਲਾਂ ਨੂੰ ਹੀ ਮਹੱਤਤਾ ਦੇਂਦੀ ਹੈ।

ਭਾਈ ਗੁਰਦਾਸ ਜੀ ਤਾਂ ਕਹਿੰਦੇ ਹਨ, ਹਰ ਸਿੱਖ ਦਾ ਘਰ ਧਰਮਸਾਲ ਹੋਣਾ ਚਾਹੀਦਾ ਹੈ:

"ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥" (1-27-6)

"ਘਰ ਹੀ ਜੋਗ ਜੁਗਤਿ ਬੈਸਨ ਧਰਮਸਾਲੀਐ॥" (3-8-4)

ਘਰ ਤਾਂ ਘਰ, ਅਸੀ ਤਾਂ ਆਪਣੇ ਗੁਰਦੁਆਰੇ ਨੂੰ ਵੀ ਧਰਮਸਾਲ ਨਹੀਂ ਰਹਿਣ ਦਿੱਤਾ। ਇਥੇ ਵੀ ਭਾਈ ਗੁਰਦਾਸ ਜੀ ਦੀਆਂ ਇਹ ਪੰਕਤੀਆਂ ਹੀ ਧਿਆਨ ਵਿਚ ਆਉਂਦੀਆਂ ਹਨ :

"ਮਾਇਆ ਡਰ ਡਰਪਤ ਹਾਰ ਗੁਰਦੁਆਰੈ ਜਾਵੈ॥ ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ ॥"(544-8)

ਸਕੂਲ

ਤੀਸਰਾ ਸੋਮਾ ਜਿਥੋਂ ਸਿੱਖੀ ਦੀ ਦਾਤ ਪ੍ਰਾਪਤ ਹੋ ਸਕਦੀ ਹੈ, ਉਹ ਹੈ ਸਕੂਲ। ਇਹ ਇਸ ਵਾਸਤੇ ਵੀ ਬਹੁਤ ਮਹਤੱਵਪੂਰਨ ਹੈ ਕਿਉਂਕਿ ਘਰ ਤੋਂ ਬਾਅਦ ਬੱਚਾ ਬਹੁਤਾ ਸਮਾਂ ਸਕੂਲ ਜਾਂ ਕਾਲਜ ਦੇ ਮਹੌਲ ਵਿਚ ਹੀ ਗੁਜਾਰਦਾ ਹੈ। ਪੁਰਾਤਨ ਸਮੇਂ ਵਿਚ ਬਹੁਤੇ ਵਿਦਿਅਕ ਅਦਾਰੇ ਧਾਰਮਕ ਸਥਾਨਾਂ ਨਾਲ ਹੀ ਜੁੜੇ ਹੁੰਦੇ ਸਨ, ਅਤੇ ਉਨ੍ਹਾਂ ਵਿਚ ਪੜ੍ਹਾਉਣ ਵਾਲੇ ਵੀ ਉਨ੍ਹਾਂ ਧਰਮ-ਸਥਾਨਾਂ ਦੇ ਪ੍ਰਚਾਰਕ ਹੀ ਹੁੰਦੇ ਸਨ, ਜਿਵੇਂ ਮੰਦਰਾਂ ਤੋਂ ਪੰਡਿਤ, ਮਸਜਿਦਾਂ ਨਾਲ ਜੁੜੇ ਮਦਰਸਿਆਂ ਵਿਚ ਮੌਲਵੀ, ਅਤੇ ਗੁਰਦੁਆਰਿਆਂ ਦੇ ਗ੍ਰੰਥੀ। ਨਾਲ ਹੀ ਇਨ੍ਹਾਂ ਅਦਾਰਿਆਂ ਵਿਚ ਉਸ ਧਰਮ ਵਾਲਾ ਮਹੌਲ ਹੁੰਦਾ ਸੀ। ਇੰਝ ਸਿਖਿਆਰਥੀਆਂ ਨੂੰ ਵਿਦਿਆ ਦੇ ਨਾਲ ਨਾਲ ਆਪਣੇ ਧਰਮ ਦਾ ਅਤੇ ਸਮਾਜਕ ਕਦਰਾਂ ਕੀਮਤਾਂ ਦਾ ਵੀ ਭਰਪੂਰ ਗਿਆਨ ਪ੍ਰਾਪਤ ਹੋ ਜਾਂਦਾ ਸੀ। ਸਮੇਂ ਨਾਲ ਵਿਦਿਅਕ ਅਦਾਰੇ ਅਲੱਗ ਸੰਸਥਾਵਾਂ ਦੇ ਰੂਪ ਵਿਚ ਵਿਕਸਤ ਹੋਏ, ਜੋ ਸਮੇਂ ਦਾ ਹਾਣੀ ਬਣਨ ਵਾਸਤੇ ਜ਼ਰੂਰੀ ਵੀ ਸੀ। ਭਾਰਤ ਵਿਚ ਬਹੁਤੇ ਵਿਦਿਅਕ ਅਦਾਰੇ, ਭਾਵੇਂ ਸਕੂਲ, ਕਾਲਜ ਹੋਣ ਯਾ ਯੂਨੀਵਰਸਿਟੀ, ਸਰਕਾਰ ਅਧੀਨ ਹਨ, ਜਿਥੇ ਸਾਰੀਆਂ ਕੌਮਾਂ ਦੇ ਬੱਚੇ ਸਾਂਝੇ ਤੌਰ ਤੇ ਪੜ੍ਹਦੇ ਹਨ। ਕੁਝ ਵਿਰਲੀਆਂ ਜਗ੍ਹਾ ਛੱਡ ਕੇ ਬਹੁਤੀਆਂ ਜਗ੍ਹਾ ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਬਹੁ ਗਿਣਤੀ, ਸੁਭਾਵਕ ਹੀ ਬਹੁਗਿਣਤੀ ਕੌਮ ਦੀ ਹੁੰਦੀ ਹੈ ਅਤੇ ਸੁਭਾਵਕ ਹੀ ਉਥੇ ਮਹੌਲ ਵੀ ਹਿੰਦੂਤਵੀ ਬਣ ਜਾਂਦਾ ਹੈ। ਫਿਰ ਵਿਸ਼ੇਸ਼ ਕਰ ਕੇ ਸਿਲੇਬਸ ਅਤੇ ਉਸ ਨਾਲ ਸੰਬਧਤ ਕਿਤਾਬਾਂ ਤਾਂ ਪੂਰੀ ਤਰਾਂ ਸਰਕਾਰੀ ਅਦਾਰਿਆਂ ਦੇ ਅਧੀਨ ਹਨ, ਜਿਥੇ ਅੱਵਲ ਤਾਂ ਸਿੱਖੀ ਦੀ ਗੱਲ ਕਰਨ ਦਾ ਸੁਆਲ ਹੀ ਪੈਦਾ ਨਹੀ ਹੁੰਦਾ, ਅਤੇ ਜੇ ਕੀਤੀ ਵੀ ਜਾਂਦੀ ਹੈ ਤਾਂ ਇਥੇ ਵੀ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਰੂਪ ਨੂੰ ਪੂਰੀ ਤਰ੍ਹਾਂ ਵਿਗਾੜ ਕੇ ਪੇਸ਼ ਕੀਤਾ ਜਾਂਦਾ ਹੈ। ਇਥੇ ਹੀ ਬਸ ਨਹੀ, ਸਿੱਖ ਬੱਚਿਆਂ ਦੀ ਅਲੱਗ ਪਹਿਚਾਣ ਹੋਣ ਕਾਰਨ ਬਹੁਗਿਣਤੀ ਕੌਮ ਦੇ ਬੱਚਿਆਂ ਵਲੋਂ, ਉਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ, ਭੱਦੇ ਭੱਦੇ ਚੁਟਕਲੇ ਸੁਣਾਏ ਜਾਂਦੇ ਹਨ, ਇਥੋਂ ਤਕ ਕਿ ਕੁਝ ਅਧਿਆਪਕਾਂ ਵਲੋਂ ਵੀ ਅਜਿਹੇ ਚੁਟਕਲੇ ਸੁਨਾਉਣ ਦੀਆਂ ਸ਼ਿਕਾਇਤਾਂ ਅਕਸਰ ਮਿਲਦੀਆਂ ਰਹਿੰਦੀਆਂ ਹਨ। ਜਿਸ ਨਾਲ ਸਿੱਖ ਬੱਚਿਆਂ ਵਿੱਚ ਅਨਜਾਣੇ ਹੀ ਇਕ ਹੀਨ ਭਾਵਨਾ ਵਿਕਸਤ ਹੋਣ ਲਗ ਪੈਂਦੀ ਹੈ।

ਇਸਾਈ ਮਿਸ਼ਨਰੀਆਂ ਨੇ ਇਸ ਪਾਸੇ ਆਪਣੀ ਕੌਮ ਵਾਸਤੇ ਬਹੁਤ ਸ਼ਲਾਘਾ ਯੋਗ ਕੰਮ ਕੀਤਾ ਹੈ। ਉਨ੍ਹਾਂ ਤਕਰੀਬਨ ਹਰ ਵੱਡੇ ਨਗਰ ਵਿੱਚ ਆਪਣਾ ਵਿਦਿਅਕ ਅਦਾਰਾ ਕਾਇਮ ਕੀਤਾ ਹੋਇਆ ਹੈ। ਜਿਸ ਦਾ ਅਕਾਦਮਿਕ ਪੱਧਰ ਬਹੁਤ ਉਚਾ ਹੁੰਦਾ ਹੈ, ਜਿਸ ਨਾਲ ਬੱਚਿਆਂ ਦੇ ਮਾਤਾ ਪਿਤਾ ਸੁਭਾਵਕ ਹੀ ਉਨ੍ਹਾਂ ਵਲ ਖਿਚੇ ਜਾਂਦੇ ਹਨ। ਅੱਜ ਹਰ ਕੌਮ ਦੇ, ਉਚ ਵਰਗ ਦੇ ਤਕਰੀਬਨ 90% ਬੱਚੇ ਇਨ੍ਹਾਂ ਇਸਾਈ ਸਕੂਲਾਂ ਵਿਚ ਪੜ੍ਹਦੇ ਹਨ। ਇਸ ਨਾਲ ਜਿਥੇ ਉਹ ਆਪਣੀ ਕੌਮ ਦੇ ਬੱਚਿਆਂ ਨੂੰ ਤਕਰੀਬਨ ਮੁਫਤ ਤਲੀਮ ਦੇਂਦੇ ਹਨ, ਨਾਲ ਹੀ ਉਨ੍ਹਾਂ ਨੂੰ ਭਰਪੂਰ ਕਮਾਈ ਹੁੰਦੀ ਹੈ, ਜਿਸ ਨਾਲ ਉਹ ਆਪਣੇ ਅਦਾਰਿਆਂ ਵਿੱਚ, ਹਰ ਦਿਨ ਵਾਧਾ ਕਰੀ ਜਾਂਦੇ ਹਨ। ਫਿਰ ਇਨ੍ਹਾਂ ਵਿਚ ਇਕ ਵੱਡੀ ਖਾਸੀਅਤ ਇਹ ਹੈ ਕਿ ਇਨ੍ਹਾਂ ਆਪਣੇ ਅਦਾਰਿਆਂ ਵਿਚ ਪੂਰੀ ਤਰ੍ਹਾਂ ਆਪਣਾ ਧਾਰਮਕ ਮਹੌਲ ਬਣਾਕੇ ਰਖਿਆ ਹੁੰਦਾ ਹੈ, ਜਿਸ ਨਾਲ ਜਿਥੇ ਇਨ੍ਹਾਂ ਦੇ ਆਪਣੇ ਬੱਚੇ ਪਰਦੂਸ਼ਤ ਵਾਤਾਵਰਨ ਤੋਂ ਬਚੇ ਰਹਿੰਦੇ ਹਨ, ਉਥੇ ਦੂਸਰੀਆਂ ਕੌਮਾਂ ਦੇ ਬੱਚਿਆਂ ਤੇ ਇਸ ਦਾ ਭਰਪੂਰ ਪ੍ਰਭਾਵ ਪੈਂਦਾ ਹੈ।

ਮੁਸਲਮਾਨ ਕੌਮ ਨੇ ਵੀ ਇਸ ਖਤਰੇ ਨੂੰ ਸਮਝਦੇ ਹੋਏ, ਜਿੱਥੇ ਆਪਣੇ ਮਦਰੱਸਿਆਂ ਨੂੰ ਸੁਰਖਿਅਤ ਰੱਖਿਆ ਹੈ, ਉਥੇ ਵਧੀਆ ਪ੍ਰਚਾਰਕ ਤਿਆਰ ਕਰਨ ਵਾਸਤੇ ਵੀ ਵਧੀਆ ਅਦਾਰੇ ਸਥਾਪਤ ਕਰਨ ਦਾ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਦੇ ਮਦਰੱਸਿਆਂ ਨੇ ਭਾਵੇਂ ਉਨ੍ਹਾਂ ਦੇ ਧਰਮ ਨੂੰ ਤਾਂ ਬਹੁਤ ਹੱਦ ਤਕ ਬਚਾ ਲਿਆ ਹੈ, ਪਰ ਕਿਉਂਕਿ ਉਹ ਮਦਰੱਸਿਆਂ ਦੇ ਵਿਦਿਅਕ ਪੱਧਰ ਵਿਚ ਸਮੇਂ ਅਨੁਸਾਰ ਤਬਦੀਲੀ ਨਹੀ ਕਰ ਸਕੇ, ਉਨ੍ਹਾਂ ਦੇ ਬੱਚੇ ਅੱਜ ਦੇ ਯੁਗ ਤੋਂ ਪੱਛੜਦੇ ਜਾ ਰਹੇ ਹਨ, ਜਿਸ ਦਾ ਪ੍ਰਭਾਵ ਉਨ੍ਹਾਂ ਦੇ ਆਰਥਿਕ ਅਤੇ ਸਮਾਜਕ ਪੱਧਰ ਤੇ ਵੀ ਪੈ ਰਿਹਾ ਹੈ ।

ਹਿੰਦੂਤਵੀ ਜਥੇਬੰਦੀਆਂ ਨੇ ਵੀ ਵਿਦਿਅਕ ਅਦਾਰਿਆਂ ਦੀ ਮਹਤੱਤਾ ਨੂੰ ਸਮਝਦੇ ਹੋਏ, ਵਿਦਿਅਕ ਅਦਾਰਿਆਂ ਦੀਆਂ ਲੜੀਆਂ ਸਥਾਪਤ ਕਰ ਦਿਤੀਆਂ ਹਨ। ਇਨ੍ਹਾਂ ਅਦਾਰਿਆਂ ਦਾ ਵਿਦਿਅਕ ਪੱਧਰ ਵੀ ਚੰਗਾ ਹੈ, ਅਤੇ ਇਸਾਈ ਮਿਸ਼ਨਰੀ ਅਦਾਰਿਆਂ ਨਾਲੋਂ ਬਹੁਤ ਸਸਤੇ ਵੀ ਹਨ। ਜਿਸ ਨਾਲ ਮਧਿਅਮ ਵਰਗ ਅਤੇ ਗਰੀਬ ਵਰਗ ਦੇ ਪਰਿਵਾਰਾਂ ਦੇ ਬਹੁਤ ਬੱਚੇ ਇਨ੍ਹਾਂ ਵਿਚ ਪੜ੍ਹਦੇ ਹਨ। ਇਕ ਤਾਂ ਬਹੁਗਿਣਤੀ ਹੋਣ ਕਰਕੇ ਹੀ, ਇਨ੍ਹਾਂ ਵਿਚ ਸੁਭਾਵਕ ਹੀ ਹਿੰਦੂਤੱਵੀ ਮਹੌਲ ਹੁੰਦਾ ਹੈ ਦੂਸਰਾ ਵਿਸ਼ੇਸ਼ ਉਪਰਾਲਿਆਂ ਨਾਲ ਇਸ ਮਹੌਲ ਨੂੰ ਹੋਰ ਪ੍ਰਭਾਵ ਸ਼ਾਲੀ ਬਣਾਇਆ ਜਾਂਦਾ ਹੈ।

ਇਸ ਪਖੋਂ ਸਭ ਤੋਂ ਮਾੜੀ ਹਾਲਤ ਸਿੱਖ ਕੌਮ ਦੀ ਹੈ। ਐਸਾ ਨਹੀਂ ਕਿ ਸਿੱਖ ਕੌਮ ਨੇ ਵਿਦਿਅਕ ਅਦਾਰੇ ਕਾਇਮ ਨਹੀਂ ਕੀਤੇ। ਬੜੇ ਸਕੂਲ, ਕਾਲਜ ਖੋਲ੍ਹੇ ਹਨ। ਪਰ ਸ਼ਾਇਦ ਕੋਈ ਵਿਰਲਾ ਹੀ ਉਥੇ ਗੁਰਮਤਿ ਮਾਹੌਲ ਬਣਾ ਸਕਿਆ ਹੋਵੇ। ਨਾਂਅ ਜ਼ਰੂਰ ਖਾਲਸਾ ਸਕੂਲ ਜਾਂ ਖਾਲੱਸਾ ਕਾਲਜ ਰਖੇ ਹੋਏ ਹਨ। ਨਾ ਉਥੇ ਮਹੌਲ ਖਾਲਸਿਆਂ ਵਾਲਾ ਹੈ ਅਤੇ ਨਾ ਹੀ ਕੋਈ ਕਰਮ ਖਾਲਸਿਆਂ ਵਾਲਾ ਕੀਤਾ ਜਾ ਰਿਹਾ ਹੈ। ਕੁਝ ਸਕੂਲਾਂ ਦੇ ਨਾਂਅ ਗੁਰੂ ਸਾਹਿਬਾਨ ਦੇ ਨਾਂਅ ਤੇ ਰੱਖੇ ਹੋਏ ਹਨ, ਪਰ ਬਿਲਕੁਲ ਇੰਝ ਹੀ ਹੈ, ਜਿਵੇਂ ਕੋਈ ਵਪਾਰਕ ਅਦਾਰਾ ਖੋਲਣ ਲਗਿਆਂ ਪ੍ਰਭਾਵਸ਼ਾਲੀ ਨਾਂ ਰਖਦਾ ਹੈ, ਅਤੇ ਪ੍ਰਭਾਵਸ਼ਾਲੀ ਬੋਰਡ ਬਣਵਾਂਉਦਾ ਹੈ ਤਾਂ ਕਿ ਲੋਕੀ ਨਾਂਅ ਅਤੇ ਬੋਰਡ ਵੇਖਕੇ ਹੀ ਖਿੱਚੇ ਆਉਣ, ਪਰ ਅੰਦਰ ਜਾਕੇ ਇਨ੍ਹਾਂ ਸਕੂਲਾਂ, ਕਾਲਜਾਂ ਦਾ ਮਹੌਲ ਵੇਖੀਏ ਤਾਂ ਦਿਲ ਰੋ ਪੈਂਦਾ ਹੈ ਕਿ ਇਹ ਦੁਸ਼ਟ, ਗੁਰੂ ਪਾਤਿਸ਼ਾਹ ਦਾ ਨਾਂ ਕਲੰਕਤ ਕਰਨ ਤੋਂ ਵੀ ਬਾਜ ਨਹੀ ਆਏ।

ਇਥੇ ਇਕ ਨਿੱਜੀ ਤਜਰਬਾ ਸਾਂਝਾ ਕਰਨਾ ਜ਼ਰੂਰੀ ਸਮਝਦਾ ਹਾਂ। ਇਕ ਨਿਜੀ ਸਕੂਲ, ਜਿਸ ਦਾ ਨਾਂ ਗੁਰੂ ਸਾਹਿਬ ਦੇ ਨਾਂ ਤੇ ਰਖਿਆ ਹੋਇਆ ਹੈ, ਦੇ ਮੁੱਖ ਪ੍ਰਬੰਧਕ ਨੇ ਮੈਨੂੰ ਸੰਪਰਕ ਕੀਤਾ ਕਿ ਸਾਡੇ ਸਕੂਲ ਦੇ ਸਿੱਖ ਬੱਚਿਆਂ ਦੀਆਂ ਵਾਲ ਕਟਾਉਣ ਦੀਆਂ ਵਾਰਦਾਤਾਂ ਅਕਸਰ ਹੁੰਦੀਆਂ ਰਹਿਦੀਆਂ ਹਨ ਅਤੇ ਉਨ੍ਹਾਂ ਦੇ ਮਾਪੇ ਆਕੇ ਸਾਡੇ ਨਾਲ ਝਗੜਦੇ ਹਨ ਕਿ ਸਿੱਖ ਸਕੂਲ ਵਿਚ ਪਾਣ ਦੇ ਬਾਵਜੂਦ ਵੀ ਇਹ ਅਤਿ ਮੰਦਭਾਗੀ ਘਟਨਾ ਵਾਪਰ ਗਈ ਹੈ। ਤੁਸੀਂ ਆ ਕੇ ਬੱਚਿਆਂ ਨੂੰ ਕੁਝ ਲੈਕਚਰ ਦਿਓ। ਸਕੂਲ ਪਹੁੰਚਣ ਤੇ ਪ੍ਰਬੰਧਕ ਨੇ ਮੇਰੀ ਮੁਲਾਕਾਤ; ਸਕੂਲ ਦੇ ਪ੍ਰਿੰਸੀਪਲ ਨਾਲ ਕਰਾਈ, ਜੋ ਕਿ ਇਕ ਦਾੜ੍ਹੀ ਕੁਤਰਾ ਸੀ। ਫੇਰ ਉਸ ਦੀਆਂ ਤਰੀਫਾਂ ਦੇ ਪੁਲ ਬੰਨਣ ਲਗੇ, ਇਹ ਫੌਜ ਵਿੱਚੋਂ ਉਚ ਅਹੁਦੇ ਤੋਂ ਰਿਟਾਇਰ ਹੋਏ ਹਨ। ਬੜੇ ਕੁਸ਼ਲ ਪ੍ਰਸ਼ਾਸਕ ਅਤੇ ਵਧੀਆ ਅਧਿਆਪਕ ਹਨ। ਇਨ੍ਹਾਂ ਦੇ ਆਉਣ ਤੋਂ ਬਾਅਦ ਸਾਡੇ ਸਕੂਲ ਦੇ ਨਤੀਜੇ ਬਹੁਤ ਵਧੀਆ ਹੋ ਗਏ ਹਨ। ਫੇਰ ਪ੍ਰਿੰਸੀਪਲ ਨੂੰ ਕਹਿਣ ਲਗੇ, ਕੁਝ ਕਲਾਸਾਂ ਨੂੰ ਹਾਲ ਵਿਚ ਬੁਲਾ ਲਓ, ਵੀਰ ਜੀ ਦਾ ਲੈਕਚਰ ਕਰਵਾਉਣਾ ਹੈ। ਅੰਦਰ ਗਏ ਤਾਂ ਬਹੁਤੇ ਅਧਿਆਪਕ, ਅਧਿਆਪਕਾਵਾਂ ਸਿਰੋਂ ਘੋਨੇ, ਦਾੜ੍ਹੀ ਕੁਤਰੇ ਜਾਂ ਵਾਲ ਕੱਟੇ ਹੀ ਸਨ। ਲੈਕਚਰ ਤੋਂ ਬਾਅਦ ਵਾਪਸੀ ਤੇ ਪ੍ਰਬੰਧਕ ਕਹਿਣ ਲਗਾ, "ਵੀਰ ਜੀ ਬਹੁਤ ਚੰਗਾ ਲੱਗਾ, ਇਹੋ ਜਿਹੇ ਦੋ ਚਾਰ ਲੈਕਚਰ ਹੋਰ ਕਰ ਦਿਓ"।

ਮੈਂ ਕਿਹਾ, "ਰਹਿਣ ਦਿਓ, ਇਥੇ ਮੇਰੇ ਲੈਕਚਰ ਦਾ ਕੋਈ ਅਸਰ ਨਹੀ ਹੋਣਾ।" ਉਹ ਹੈਰਾਨ ਹੋਕੇ ਪੁੱਛਣ ਲਗੇ, "ਕਿਉਂ ?" ਮੈਂ ਕਿਹਾ,"ਵਿਦਿਆਰਥੀ ਵਾਸਤੇ ਉਸ ਦਾ ਅਧਿਆਪਕ ਸਭ ਤੋਂ ਵੱਡਾ ਪ੍ਰੇਰਨਾਸ੍ਰੋਤ ਹੁੰਦਾ ਹੈ। ਐਸੇ ਪ੍ਰਿੰਸੀਪਲ ਅਤੇ ਅਧਿਆਪਕ ਅਧਿਆਪਕਾਵਾਂ ਨੂੰ ਵੇਖਣ ਤੋਂ ਬਾਅਦ ਲੈਕਚਰ ਦਾ ਕੀ ਅਸਰ ਰਹਿ ਜਾਵੇਗਾ?" ਸ਼ਾਇਦ ਉਸ ਪ੍ਰਬੰਧਕ ਨੂੰ ਮੇਰੀ ਗਲ ਬਹੁਤੀ ਚੰਗੀ ਨਹੀ ਲੱਗੀ, ਕਹਿਣ ਲਗਾ,"ਦੇਖੋ ਜੀ ਸਕੂਲ ਦਾ ਅਸਲੀ ਕੰਮ ਤਾਂ ਚੰਗੀ ਪੜ੍ਹਾਈ ਕਰਾਉਣਾਂ ਹੀ ਹੈ ਨਾ। ਨਾਲੇ ਫਿਰ ਸਾਡੇ ਸਕੂਲ ਵਿਚ ਇਕਲੇ ਸਿੱਖ ਬੱਚੇ ਹੀ ਤਾ ਨਹੀਂ ਨਾ ਪੜ੍ਹਦੇ।"

ਕਿਸੇ ਇਸਾਈ ਸਕੂਲ ਵਿਚ ਜਾਓ। ਪ੍ਰਿੰਸੀਪਲ ਅਤੇ ਕੁਝ ਹੋਰ ਅਧਿਆਪਕ ਅਤੇ ਸਟਾਫ ਤੁਹਾਨੂੰ ਪਾਦਰੀਆਂ ਅਤੇ ਨੱਨ ਦੇ ਪਹਿਰਾਵੇ ਵਿਚ ਮਿਲਣਗੇ। ਉਨ੍ਹਾਂ ਨਾਲ ਗੱਲ ਕਰਕੇ ਵੇਖੋ, ਜਿਵੇਂ ਉਨ੍ਹਾਂ ਦੇ ਹਰ ਬੋਲ ਵਿੱਚ ਮਿਸ਼ਰੀ ਘੁਲੀ ਹੋਵੇ। ਤਕਰੀਬਨ ਹਰ ਇਸਾਈ ਸਕੂਲਾਂ ਵਿਚ ਚਰਚ ਵੀ ਹੁੰਦੀ ਹੈ, ਜਿਥੇ ਬੱਚਿਆਂ ਨੂੰ ਨੇਮ ਨਾਲ ਲਿਜਾਇਆ ਜਾਂਦਾ ਹੈ। ਇਕ ਇਸਾਈ ਸਕੂਲ ਦੀ, ਇਕ ਬੜੀ ਖਾਸ ਗਲ ਧਿਆਨ ਵਿਚ ਆਈ, ਕਿਸੇ ਕਲਾਸ ਵਿਚ ਕੋਈ ਬੱਚਾ ਕੋਈ ਸ਼ਰਾਰਤ ਕਰਦਾ ਫੜਿਆ ਗਿਆ, ਅਧਿਆਪਕਾ ਨੇ ਉਸ ਦੀ ਡਾਂਟ, ਪਿਟ ਕਰਨ ਦੀ ਬਜਾਏ ਕਿਹਾ, "ਤੂੰ ਬੜਾ ਗਲਤ ਕੰਮ ਕੀਤਾ ਹੈ, ਜਾਹ! ਚਰਚ ਵਿਚ ਜਾ ਕੇ ਪੰਦਰ੍ਹਾਂ ਮਿੰਟ ਕਰਾਇਸਟ ਅਗੇ ਪਰੇਅਰ ਕਰ ਅਤੇ ਮਾਫੀ ਮੰਗ, ਕਰਾਈਸਟ ਤੈਨੂੰ ਮਾਫ ਕਰ ਦੇਣਗੇ।" ਅੰਦਾਜ਼ਾ ਲਗਾਓ, ਉਸ ਬੱਚੇ ਤੇ ਕੀ ਪਰਭਾਵ ਪਿਆ ਹੋਵੇਗਾ? ਉਹ ਇਸਾਈਅਤ ਪੜ੍ਹਾਏ ਬਗੈਰ ਹੀ, ਆਪਣੇ ਮਹੌਲ ਰਾਹੀਂ ਉਥੇ ਪੜ੍ਹਨ ਵਾਲੇ ਹਰ ਬੱਚੇ ਦੇ ਮਨ ਤੇ ਇਸਾਈਅਤ ਦਾ ਗਹਿਰਾ ਪ੍ਰਭਾਵ ਛੱਡ ਰਹੇ ਹਨ।

ਸਾਨੂੰ ਆਪਣੇ ਸਕੂਲਾਂ ਵਿਚ ਉਚੇ ਸੁੱਚੇ, ਮਨੁਖਤਾ ਦੀ ਭਲਾਈ ਦੇ, ਗੁਰਮਤਿ ਸਿਧਾਂਤਾਂ ਦੀ ਗੱਲ ਕਰਦਿਆਂ ਡਰ ਲਗਦਾ ਹੈ। ਇਥੇ ਵੀ ਇਕ ਨਿਜੀ ਜੀਵਨ ਦੀ ਘਟਨਾ ਸਾਂਝੀ ਕਰਨੀ ਚਾਹੁੰਦਾ ਹਾਂ। ਗੱਲ ਸੰਨ 1988-89 ਦੀ ਹੈ, ਗੁਰਮਤਿ ਕਾਲਜ ਪਟਿਆਲਾ 'ਚੋਂ ਵਿਦਿਆਰਥੀਆਂ ਦਾ ਬੈਚ ਗੁਰਮਤਿ ਦੇ ਵਿਸ਼ੇ ਤੇ ਐਮ. ਏ. ਕਰ ਕੇ ਨਿਕਲਿਆ। ਇਕ ਉਘੇ ਪੰਥਕ ਵਿਦਵਾਨ, ਜੋ ਇਸ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਵੀ ਸਨ, ਮੈਨੂੰ ਕਹਿਣ ਲਗੇ, ਰਾਜਿੰਦਰ ਸਿੰਘ ਜੀ, ਇਨ੍ਹਾਂ ਵਿੱਚੋਂ ਕੁਝ ਨੂੰ ਚੰਡੀਗੜ੍ਹ ਦੇ ਕੁਝ ਖਾਲਸਾ ਸਕੂਲਾਂ ਵਿੱਚ ਧਰਮ ਦੇ ਅਧਿਆਪਕ ਦੇ ਤੌਰ ਤੇ ਲੁਆ ਦਿਓ, ਤਾਂਕਿ ਕੌਮ ਨੂੰ ਇਨ੍ਹਾਂ ਦੀ ਪੜ੍ਹਾਈ ਦਾ ਫਾਇਦਾ ਮਿਲ ਸਕੇ, ਬਸ ਇਕ ਖਿਆਲ ਰਖਣਾ ਕਿ ਇਨ੍ਹਾਂ ਨੂੰ ਤਨਖਾਹ ਦੂਸਰੇ ਅਧਿਆਪਕਾਂ ਅਨੁਸਾਰ ਹੀ ਮਿਲੇ, ਅਤੇ ਇਨ੍ਹਾਂ ਨੂੰ ਨੇਮ ਨਾਲ ਕਲਾਸਾਂ ਵੀ ਮਿਲਣ ਤਾਂਕਿ ਇਨ੍ਹਾਂ ਵਿੱਚ ਹੀਨ ਭਾਵਨਾ ਨਾ ਆਵੇ ਕਿ ਗੁਰਮਤਿ ਦਾ ਅਧਿਆਪਕ ਹੋਣ ਕਾਰਨ ਮੈਨੂੰ ਘਟੀਆਂ ਜਾਂ ਫਾਲਤੂ ਸਮਝਿਆ ਜਾਂਦਾ ਹੈ। ਇਨ੍ਹਾਂ ਦੇ ਜਜ਼ਬ ਹੋ ਜਾਣ ਨਾਲ ਹੋਰ ਨਵੇਂ ਵਿਦਿਆਰਥੀਆਂ ਨੂੰ ਵੀ ਵਧੇਰੇ ਹੌਂਸਲਾ ਮਿਲੇਗਾ। ਗੱਲ ਬੜੀ ਜਾਇਜ਼ ਅਤੇ ਚੰਗੀ ਸੀ, ਮੈਂ ਕੋਸ਼ਿਸ਼ ਕਰਨ ਦਾ ਯਕੀਨ ਦੁਆਇਆ। ਅਗਲੇ ਦਿਨ ਹੀ ਮੈਂ ਆਪਣੇ ਇਕ ਜਾਣਕਾਰ, ਜੋ ਇਕ ਸਕੂਲ ਦੀ ਪ੍ਰਬੰਧਕੀ ਕਮੇਟੀ ਦਾ ਪ੍ਰਧਾਨ ਸੀ, ਕੋਲ ਜਾ ਪਹੁੰਚਿਆ। ਉਸ ਨੇ ਬੜੀ ਗਰਮ ਜੋਸ਼ੀ ਨਾਲ ਜੀ ਆਇਆਂ ਆਖਿਆ, ਕਹਿਣ ਲੱਗਾ, ਮੇਰੇ ਧੰਨਭਾਗ, ਤੁਸੀਂ ਦਰਸ਼ਨ ਦਿੱਤੇ ਨੇ। ਮੈ ਪੁੱਛਿਆ, ਸੁਣਾਓ ਸਕੂਲ ਦਾ ਕੀ ਹਾਲ ਚਾਲ ਹੈ? ਉਸ ਨੇ ਤਕਰੀਬਨ ਅੱਧਾ ਘੰਟਾ ਆਪਣੀ ਮਿਹਨਤ ਅਤੇ ਸਕੂਲ ਦੀ ਤਰੱਕੀ ਦੀਆਂ ਗੱਲਾਂ ਸੁਣਾਈਆਂ, ਕਿ ਸਕੂਲ ਨੂੰ ਕਿਥੋਂ ਚੁੱਕ ਕੇ ਕਿਥੇ ਪਹੁੰਚਾ ਦਿੱਤਾ ਹੈ। ਮੈਂ ਸੋਚਿਆ, ਮੈਂ ਸਹੀ ਜਗ੍ਹਾ ਤੇ ਆ ਗਿਆ ਹਾਂ। ਉਸ ਦੀ ਕਾਮਯਾਬੀ ਤੇ ਉਸਨੂੰ ਵਧਾਈ ਦੇਂਦੇ ਹੋਏ, ਮੈਂ ਆਪਣੇ ਆਉਣ ਦਾ ਮਕਸਦ ਦਸਿਆ। ਨਾਲ ਇਹ ਵੀ ਸਪੱਸ਼ਟ ਕਹਿ ਦਿੱਤਾ ਕਿ ਮੈਂ ਕਿਸੇ ਇਕ

ਦੀ ਸਿਫਰਸ਼ ਕਰਨ ਨਹੀਂ ਅਇਆ, ਕੁਲ ਅੱਠ ਵਿਦਿਆਰਥੀ ਨੇ, ਤੁਸੀਂ ਸਾਰਿਆਂ ਨੂੰ ਇੰਟਰਵਿਊ ਵਾਸਤੇ ਬੁਲਾ ਲਓ, ਜੋ ਤੁਹਾਨੂੰ ਵਧੇਰੇ ਯੋਗ ਲੱਗੇ, ਉਸ ਨੂੰ ਰੱਖ ਲਓ। ਬਸ ਇਹ ਦਸਣ ਦੀ ਦੇਰ ਸੀ, ਉਹ ਜਿਵੇਂ ਅਕਾਸ਼ ਤੋਂ ਧਰਤੀ ਤੇ ਡਿੱਗ ਪਿਆ। ਪਲਾਂ ਵਿੱਚ ਆਪਣੀਆਂ ਕਈ ਮਜਬੂਰੀਆਂ ਅਤੇ ਬੋਝ ਦਸ ਕੇ ਕਹਿਣ ਲੱਗਾ, ਇਸ ਵੇਲੇ ਮੈਂ ਸਕੂਲ ਤੇ ਇਕ ਹੋਰ ਅਧਿਆਪਕ ਦਾ ਬੋਝ ਬਿਲਕੁਲ ਨਹੀਂ ਪਾ ਸਕਦਾ। ਜਦੋਂ ਮੈਂ ਥੋੜਾ ਜ਼ੋਰ ਪਾਇਆ ਅਤੇ ਆਪਣਾ ਫਰਜ਼ ਯਾਦ ਕਰਾਇਆ ਕਿ ਜੇ ਸਿੱਖ ਸਕੂਲ ਇਨ੍ਹਾਂ ਵਿਦਿਆਰਥੀਆਂ ਨੂੰ ਨਹੀਂ ਸੰਭਾਲਣਗੇ, ਤਾਂ ਕੌਣ ਸੰਭਾਲੇਗਾ? ਅਤੇ ਜੇ ਸਿੱਖ ਸਕੂਲਾਂ ਵਿੱਚ ਹੀ ਗੁਰਮਤਿ ਸਿਧਾਂਤਾਂ ਦੀ ਗੱਲ ਨਹੀਂ ਹੋਵੇਗੀ ਤਾਂ ਕਿਥੇ ਹੋਵੇਗੀ? ਉਹ ਕਹਿਣ ਲੱਗੇ, ਖਿਮਾਂ ਕਰਨਾ, ਜੇ ਮੈਂ ਚਾਹਾਂ ਵੀ ਤਾਂ ਅਜੇ ਘੱਟੋ ਘੱਟ ਪੰਜ ਸਾਲ, ਮੈਂ ਇਹੋ ਜਿਹਾਂ ਅਧਿਆਪਕ ਸਕੂਲ ਵਿੱਚ ਨਹੀਂ ਲਗਾ ਸਕਦਾ, ਨਾਲੇ ਵੱਡੀ ਗੱਲ ਸਾਡੇ ਸਕੂਲ ਵਿੱਚ ਕੇਵਲ ਸਿੱਖਾਂ ਦੇ ਬੱਚੇ ਹੀ ਤਾਂ ਨਹੀਂ ਨਾ ਪੜਦੇ। ਮੈਨੂੰ ਜਾਪਿਆ, ਉਨ੍ਹਾਂ ਫੈਸਲਾ ਸੁਣਾ ਦਿੱਤਾ ਹੈ ਕਿ ਆਪਣੇ ਜੀਵਨ ਕਾਲ ਵਿੱਚ ਤਾਂ ਮੈਂ ਗੁਰਮਤਿ ਦਾ ਅਧਿਆਪਕ ਆਪਣੇ ਸਕੂਲ ਵਿੱਚ ਬਿਲਕੁਲ ਨਹੀਂ ਲੱਗਣ ਦੇਣਾ।

ਇਹ ਹੈ ਸਾਡੇ ਖਾਲਸਾ ਸਕੂਲਾਂ ਅਤੇ ਉਨ੍ਹਾਂ ਦੇ ਪ੍ਰਬੰਧਕਾਂ ਦਾ ਹਾਲ। ਕੀ ਥੁੜਿਆ ਪਿਆ ਹੈ ਕੌਮ ਦਾ ਇਨ੍ਹਾਂ ਖਾਲਸਾ ਸਕੂਲਾਂ ਤੋਂ ਬਿਨਾ? ਕੁਝ ਵਿਰਲਿਆਂ ਨੂੰ ਛੱਡ ਕੇ ਸਾਡੇ ਸਕੂਲਾਂ ਵਿਚ ਜੋ ਪੜ੍ਹਾਈ ਦਾ ਪੱਧਰ ਹੈ ਉਸ ਦਾ ਤਾਂ ਰੱਬ ਹੀ ਰਾਖਾ ਹੈ। ਅਸਲ ਵਿੱਚ ਅਸੀ ਤਾਂ ਆਪਣਾ ਦਾਲ ਮੰਡਾ ਚਲਾਉਣ ਦੇ ਅਤੇ ਆਪਣੀ ਹਉਮੈ ਨੂੰ ਪੱਠੇ ਪਾਉਣ ਦੇ ਸਾਧਨ ਬਣਾਏ ਹੋਏ ਹਨ।

ਸਮੱਸਿਆ ਅਤਿ ਗੰਭੀਰ ਹੈ। ਜੇ ਸਾਡੇ ਗੁਰਮਤਿ ਦੇ ਸਾਰੇ ਸੋਮੇ ਹੀ ਸੁਕੇ ਪਏ ਹਨ ਤਾਂ ਕੌਮ ਦੇ ਭਵਿੱਖ ਬਾਰੇ ਕੀ ਆਖਿਆ ਜਾ ਸਕਦਾ ਹੈ? ਆਖਰ ਕੌਮ ਦੀ ਨਵੀਂ ਪਨੀਰੀ ਨੂੰ ਗੁਰਮਤਿ ਦੀ ਅਨਮੋਲ ਦਾਤ ਕਿਵੇਂ ਅਤੇ ਕਿਥੋਂ ਪ੍ਰਾਪਤ ਹੋਵੇ? ਤਕਰੀਬਨ ਛੇ ਦਹਾਕੇ ਪਹਿਲਾਂ ਕੌਮ ਦੇ ਕੁਝ ਵਿਦਵਾਨ ਪੰਥ ਦਰਦੀਆਂ ਨੇ ਇਸ ਮੱਸਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ, ਸਿੱਖ ਸਟੂਡੈਂਟਸ ਫੈਡਰੇਸ਼ਨ ਕਾਇਮ ਕਰਕੇ; ਗੁਰਮਤਿ ਕੈਂਪਾਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਜਿਸ ਦੇ ਨਤੀਜੇ ਲਾਜੁਆਬ ਨਿਕਲੇ। ਸਮੇਂ ਦੀ ਨੌਜੁਆਨੀ ਵਿਚ ਇਕ ਨਵੀ ਚੇਤਨਤਾ, ਸੋਝੀ ਅਤੇ ਕੌਮੀ ਜਜ਼ਬਾ ਪੈਦਾ ਹੋਇਆ। ਸ਼ੁਰੂਆਤ ਤਾਂ ਸੱਚਮੁਚ ਇਹ ਇਕ ਨਵੇਂ ਇਨਕਲਾਬ ਦੀ ਸੀ। ਪਰ ਇਹ ਇਨਕਲਾਬ ਬਹੁਤਾ ਸਮਾਂ ਕਾਇਮ ਨਾ ਰਹਿ ਸਕਿਆ। ਜਿਵੇਂ ਬਹੁਤੀਆਂ ਸਿੱਖ ਸੰਸਥਾਂਵਾਂ ਨਾਲ ਹੁੰਦਾ ਹੈ, ਕੁਝ ਸਮੇਂ ਦੇ ਬਾਅਦ ਹੀ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਘਟੀਆ ਕਿਸਮ ਦਾ ਸਿਆਸੀ ਕਰਨ ਹੋ ਗਿਆ। ਅਜ ਸਿੱਖ ਸਟੂਡੈਂਟਸ ਫੈਡਰੇਸ਼ਨਾਂ ਦੇ ਧੱੜੇ ਤਾਂ ਬਹੁਤ ਹਨ, ਪਰ ਸਾਰੀਆਂ ਹੀ ਕਿਸੇ ਨਾ ਕਿਸੇ ਸਿਆਸੀ ਧੜੇ ਦੀਆਂ ਪਿਛਲੱਗ ਬਣੀਆਂ ਹੋਈਆਂ ਹਨ। ਪਹਿਲਾਂ ਤਾਂ ਅੱਧਖੜ ਉਮਰ ਪਾਰ ਕਰਕੇ, ਦਾੜੀਆਂ ਰੰਗ ਕੇ, ਬਗੈਰ ਕਿਸੇ ਵਿਦਿਅਕ ਅਦਾਰੇ ਵਿੱਚ ਪੜ੍ਹਦਿਆਂ ਇਹ ਵਿਦਿਆਰਥੀ ਆਗੂ ਹਨ, ਅਸਲੀ ਮਕਸਦ ਤਾਂ ਪਤਾ ਨਹੀ ਕਦੋਂ ਦਾ ਕਿਥੇ ਗੁਆਚ ਗਿਆ ? ਇਸ ਸਮੇਂ ਤਾਂ ਇਨ੍ਹਾਂ ਦੇ ਆਗੂ ਕੇਵਲ ਸਿਆਸੀ ਅਹੁਦੇ ਹਾਸਲ ਕਰਨ ਲਈ ਵੱਡੇ ਸਿਆਸੀ ਆਗੂਆਂ ਦੀ ਝੋਲੀ ਚੁਕੀ ਤੱਕ ਹੀ ਸੀਮਤ ਹਨ। ਇਹ ਸਿਆਸੀ ਆਗੂ ਵੀ ਇਨ੍ਹਾਂ ਰਾਹੀਂ ਕੌਮੀ ਨੌਜੁਆਨੀ ਨੂੰ ਕੋਈ ਸਹੀ ਰਾਹ ਵਿਖਾਉਣ ਦੀ ਬਜਾਏ, ਵਧੇਰੇ ਤੌਰ ਤੇ ਇਨ੍ਹਾਂ ਨੂੰ ਆਪਣੀ ਗੁੰਡਾ ਬ੍ਰਿਗੇਡ ਦੇ ਤੌਰ ਤੇ ਵਰਤਦੇ ਹਨ।

ਕੌਮ ਦੀ ਇਸੇ ਵੱਡੀ ਲੋੜ ਨੂੰ ਮਹਿਸੂਸ ਕਰਦੇ ਹੋਏ, ਕੌਮ ਦੀਆਂ ਕਈ ਸੰਸਥਾਵਾਂ

ਨੇ ਗੁਰਮਤਿ ਕੈਂਪਾਂ ਦਾ ਸਿਲਸਿਲਾ ਸ਼ੁਰੂ ਕੀਤਾ, ਜਿਨ੍ਹਾਂ ਵਿੱਚ ਸਿੱਖ ਮਿਸ਼ਨਰੀ ਕਾਲਜ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਅਤੇ ਕਲਕੱਤੇ ਦੀ ਇਕ ਸੰਸਥਾ ਸਿੱਖ ਫੌਰਮ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ। ਸ਼੍ਰੋਮਣੀ ਖਾਲਸਾ ਪੰਚਾਇਤ ਨੇ ਵੀ ਸੰਨ 2000 ਵਿਚ ਸ਼ਿਵਾਲਿਕ ਪੁਬਲਿਕ ਸਕੂਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਤੋਂ ਸਾਂਝ 2000, ਕੈਂਪ ਲਗਾ ਕੇ ਸ਼ੁਰੂਆਤ ਕੀਤੀ ਅਤੇ ਉਦੋਂ ਤੋਂ ਕੈਂਪਾਂ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਹੈ ।

ਸਭ ਤੋਂ ਪਹਿਲਾਂ ਤਾਂ ਇਨ੍ਹਾਂ ਕੈਂਪਾਂ ਵਿਚ ਬੱਚਿਆਂ ਨੂੰ ਕੁਝ ਦਿਨਾਂ ਵਾਸਤੇ ਇਕ ਪੂਰਨ ਗੁਰਸਿੱਖੀ ਮਾਹੌਲ ਮਿਲਦਾ ਹੈ। ਫੇਰ ਇਕ ਕੌਮੀ ਮਰਿਆਦਾ ਵਿਚ ਰਹਿਣ ਦੀ ਜਾਚ ਆਉਂਦੀ ਹੈ। ਥੋੜੇ ਸਮੇਂ ਵਿਚ ਕਈ ਉਘੇ ਕੌਮੀ ਵਿਦਵਾਨਾਂ ਕੋਲੋ ਆਪਣੇ ਧਰਮ ਦੇ ਅਨਮੋਲ ਸਿਧਾਂਤ ਅਤੇ ਸੁਨਹਿਰੀ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਜਿਸ ਨਾਲ ਸੱਚਮੁੱਚ ਆਪਣੇ ਸਿੱਖ ਹੋਣ ਤੇ ਮਾਨ ਮਹਿਸੂਸ ਹੋਣ ਲਗ ਪੈਂਦਾ ਹੈ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਕ ਹਫਤੇ ਦੇ ਸਮੇਂ ਵਿਚ ਉਨ੍ਹਾਂ ਨੂੰ ਗੁਰਮਤਿ ਦੀ ਪੂਰਣ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ, ਅਤੇ ਨਾਂ ਹੀ ਇਹ ਸੰਭਵ ਹੈ। ਪਰ ਬੱਚਿਆਂ ਵਿਚ ਜਿਥੇ ਇਕ ਕੌਮੀ ਜਜ਼ਬਾ ਪੈਦਾ ਹੁੰਦਾ ਹੈ ਉਥੇ ਨਾਲ ਹੀ ਗੁਰਮਤਿ ਬਾਰੇ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨ ਅਤੇ ਉਸਨੂੰ ਜੀਵਨ ਵਿਚ ਅਪਨਾਉਂਣ ਦਾ ਚਾਅ ਪੈਦਾ ਹੁੰਦਾ ਹੈ, ਜੋ ਅਜ ਸਭ ਤੋਂ ਵੱਡੀ ਕੌਮੀ ਲੋੜ ਅਤੇ ਇਨ੍ਹਾਂ ਕੈਂਪਾਂ ਦਾ ਮੁੱਖ ਮਕਸਦ ਹੈ। ਇਨ੍ਹਾਂ ਕੈਂਪਾਂ ਵਿਚ ਬੱਚਿਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਇਕ ਹੋਰ ਜੋ ਬਹੁਤ ਅਨਮੋਲ ਚੀਜ਼ ਪ੍ਰਾਪਤ ਹੁੰਦੀ ਹੈ, ਉਹ ਹੈ ਬੱਚਿਆਂ ਨੂੰ ਸਿੱਖ ਬੱਚਿਆਂ ਨਾਲ ਦੋਸਤੀ ਵਧਾਉਣ ਦਾ ਮੌਕਾ ਮਿਲਦਾ ਹੈ ਜੋ ਸਾਰੀ ਜ਼ਿੰਦਗੀ ਉਨ੍ਹਾਂ ਲਈ ਇਕ ਚੰਗਾ ਮਾਹੌਲ ਸਿਰਜਨ ਦੇ ਕੰਮ ਆਉਦਾ ਹੈ।

ਜਿਥੇ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਗੁਰਮਤਿ ਕੈਂਪਾਂ ਵਿਚ ਵਧ ਚੜ੍ਹ ਕੇ ਭੇਜਣ, ਨਾਲ ਹੀ ਚਾਹੀਦਾ ਹੈ ਕਿ ਇਨ੍ਹਾਂ ਕੈਂਪਾਂ ਲਈ ਤਨ ਮਨ ਧਨ ਨਾਲ ਸਹਿਯੋਗ ਦੇਣ, ਉਥੇ ਹੀ ਪੰਥ ਦਰਦੀ ਜਥੇਬੰਦੀਆਂ ਨੂੰ ਵੀ ਗੁਰਮਤਿ ਕੈਂਪਾਂ ਨੂੰ ਇਕ ਕੌਮੀ ਲਹਿਰ ਬਨਾਉਂਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਪਰ ਇਥੇ ਇਹ ਵੀ ਚੇਤੰਨ ਰਹਿਣ ਦੀ ਲੋੜ ਹੈ ਕਿ ਇਨ੍ਹਾਂ ਕੈਂਪਾਂ ਵਿਚ ਪੂਰੀ ਤਰ੍ਹਾਂ ਤੱਤ ਗੁਰਮਤਿ ਹੀ ਦ੍ਰਿੜ ਕਰਾਈ ਜਾਵੇ ਕਿਉਕਿ ਜਦੋਂ ਵੀ ਸਿੱਖ ਆਪਣੀ ਕੌਮ ਨੂੰ ਬਚਾਉਂਣ ਦੇ ਕੋਈ ਉਪਰਾਲੇ ਸ਼ੁਰੂ ਕਰਦੇ ਹਨ, ਸਿੱਖੀ ਭੇਸ ਵਿਚ ਹੀ, ਜਾਣੇ ਅਨਜਾਣੇ ਪੰਥ ਦੋਖੀ ਤਾਕਤਾਂ ਦੇ ਏਜੰਟ ਬਣੇ, ਇਸ ਦੇ ਪੁੱਠੇ ਫਾਇਦੇ ਚੁੱਕਣ ਲਈ ਸਰਗਰਮ ਹੋ ਜਾਂਦੇ ਹਨ।

{ਜੋ ਕੋਈ ਸੰਸਥਾ ਜਾਂ ਸ਼ਖਸੀਅਤ ਐਸਾ ਗੁਰਮਤਿ ਸਿਖਿਆ ਕੈਂਪ ਲੁਆਉਣਾ ਚਾਹੇ ਅਤੇ ਲੋੜੀਂਦੇ ਪ੍ਰਬੰਧ ਕਰਨ ਦੇ ਸਮਰੱਥ ਹੋਵੇ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਸੇਵਕ ਇਹ ਸੇਵਾ ਨਿਸ਼ਕਾਮ ਕਰਨ ਲਈ ਹਰ ਵੇਲੇ ਤੱਤਪਰ ਹਨ।}

ੴ ਸਤਿਗੁਰਪ੍ਰਸਾਦਿ॥

ਬਚਿਤ੍ਰ ਨਾਟਕ ਗੁਰਮਤਿ ਦੀ ਕਸਵੱਟੀ ਤੇ

ਭਾਗ : ੳ

ਗੁਰੂ ਨਾਨਕ ਪਾਤਿਸ਼ਾਹ ਨੇ ਨੌਂ ਸਾਲ ਦੀ ਉਮਰ ਵਿੱਚ ਜਨੇਊ ਪਾਉਂਣ ਤੋਂ ਇਨਕਾਰ ਕਰਕੇ ਸਥਾਪਿਤ ਵਿਖਾਵੇ ਦੇ ਧਾਰਮਿਕ ਬ੍ਰਾਹਮਣਵਾਦੀ ਕਰਮਕਾਂਡਾਂ ਨੂੰ ਪੂਰਨ ਤੌਰ ਤੇ ਰੱਦ ਕਰ ਦਿੱਤਾ ਸੀ। ਬ੍ਰਾਹਮਣ ਨੇ ਉਸ ਦਿਨ ਹੀ ਸਮਝ ਲਿਆ ਸੀ ਕਿ ਉਨ੍ਹਾਂ ਦੇ ਪਖੰਡ ਤੰਤ੍ਰ ਨੂੰ ਅੱਜ ਤੱਕ ਕੋਈ ਸਭ ਤੋਂ ਵੱਡੀ ਚੁਣੌਤੀ ਆਈ ਹੈ ਤਾਂ ਇਹ, ਗੁਰੂ ਨਾਨਕ ਪਾਤਿਸ਼ਾਹ ਦੀ, ਇਕ ਅਕਾਲ-ਪੁਰਖੁ ਦੀ ਸਦੀਵੀ ਹੋਂਦ ਨੂੰ ਸਵੀਕਾਰ ਕੇ, ਧਾਰਮਿਕ ਕਰਮਕਾਂਡਾਂ ਦੀ ਬਜਾਏ, ਉਸ ਦੀ ਸਿਫਤ ਸਲਾਹ, ਨਿਰਮਲ ਜੀਵਨ ਜੁਗਤਿ, ਮੱਨੁਖੀ ਬਰਾਬਰੀ, ਸਭ ਵਾਸਤੇ ਬਰਾਬਰ ਹੱਕ, ਸੱਚ, ਇਨਸਾਫ, ਊਚ-ਨੀਚ, ਜਾਤ-ਪਾਤ ਅਤੇ ਭੈ ਰਹਿਤ ਸਮਾਜ ਦੀ ਵਿਚਾਰਧਾਰਾ ਤੋਂ ਹੈ। ਬ੍ਰਾਹਮਣ ਨੇ ਉਸ ਦਿਨ ਤੋਂ ਹੀ ਇਸ ਇਲਾਹੀ ਗੁਰਮਤਿ ਵਿਚਾਰ-ਧਾਰਾ ਅਤੇ ਇਸ ਦੇ ਪੈਰੋਕਾਰ ਸਿੱਖ ਮੱਤ ਨੂੰ ਫੈਲਣ ਤੋਂ ਰੋਕਣ ਲਈ ਮਨਸੂਬੇ ਘੜ੍ਹਨੇ ਸ਼ੁਰੂ ਕਰ ਦਿੱਤੇ ਸਨ। ਸ਼ੁਰੂ ਤੋਂ ਹੀ ਇਸ ਨੇ ਪਿੱਠ ਪਿੱਛੇ ਰਹਿ ਕੇ ਗੈਰ ਸਿਧਾਂਤਕ, ਗੁਰਮਤਿ ਵਿਚਾਰਧਾਰਾ ਤੋਂ ਅਨਜਾਣ ਅਤੇ ਬਾਗੀਆਂ ਨੂੰ ਗੁਰੂ ਪਾਤਿਸ਼ਾਹਾਂ ਦੇ ਸ਼ਰੀਕ ਦੇ ਤੌਰ ਤੇ ਉਭਾਰਨਾ ਸ਼ੁਰੂ ਕਰ ਦਿੱਤਾ। ਪਰ ਸਤਿਗੁਰਾਂ ਦੀਆਂ ਅਗੰਮੀ ਸ਼ਖਸੀਅਤਾਂ ਅੱਗੇ ਬ੍ਰਾਹਮਣ ਦੀ ਇਕ ਨਾਂ ਚੱਲੀ।

ਪੰਜਵੇਂ ਨਾਨਕ, ਸਤਿਗੁਰੂ ਅਰਜਨ ਪਾਤਿਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ, ਜਿਸ ਨੂੰ ਉਸ ਵੇਲੇ ਪੋਥੀ ਸਾਹਿਬ ਜਾਂ ਕੇਵਲ ਗ੍ਰੰਥ ਸਾਹਿਬ ਕਿਹਾ ਜਾਂਦਾ ਸੀ, ਦੀ ਸੰਪਾਦਨਾ ਕਰਕੇ ਅਤੇ ਉਸ ਵਿੱਚ ਬਿਨਾਂ ਕਿਸੇ ਜਾਤ-ਪਾਤ, ਊਚ-ਨੀਚ ਦੇ ਭੇਦ ਭਾਵ ਦੇ ਉਨ੍ਹਾਂ ਭਗਤਾਂ ਦੀ ਇਲਾਹੀ ਬਾਣੀ ਵੀ ਆਪਣੇ ਬਰਾਬਰ ਦਰਜ ਕਰ ਲਈ, ਜਿਨ੍ਹਾਂ ਨੂੰ ਬ੍ਰਾਹਮਣ ਨੇ ਅਛੂਤ ਗਰਦਾਨਿਆਂ ਹੋਇਆ ਸੀ , ਤਾਂ ਇਸ ਦੇ ਸਬਰ ਦਾ ਬੰਨ ਟੁੱਟ ਗਿਆ ਅਤੇ ਇਸਨੇ ਪੰਚਮ ਪਾਤਿਸ਼ਾਹ ਨੂੰ ਸ਼ਹੀਦ ਕਰਾਉਣ ਵਿੱਚ ਵੱਡਾ ਰੋਲ ਨਿਭਾਇਆ। ਪਰ ਗੁਰੂ ਅਰਜਨ ਪਾਤਿਸ਼ਾਹ ਦੀ ਸ਼ਹੀਦੀ ਵੀ ਗੁਰਮਤਿ ਇਨਕਲਾਬ ਨੂੰ ਰੋਕ ਨਾ ਸਕੀ, ਸਗੋਂ ਇਹ ਇਨਕਲਾਬ ਹੋਰ ਮਜਬੂਤ ਹੋਇਆ, ਜਿਸ ਵੇਲੇ ਗੁਰੂ ਹਰਗੋਬਿੰਦ ਪਾਤਿਸ਼ਾਹ ਨੇ ਗੁਰਗੱਦੀ ਤੇ ਬੈਠਦਿਆਂ ਹੀ ਮੀਰੀ ਅਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨ ਲਈਆਂ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਖਾਲਸੇ ਨੂੰ ਪਰਗਟ ਕਰਕੇ, ਜਿਥੇ ਇਸ ਇਨਕਲਾਬ ਨੂੰ ਸਿੱਖਰ ਤੇ ਪਹੁੰਚਾ ਦਿੱਤਾ, ਉਥੇ ਇਸਨੂੰ ਸਦੀਵੀ ਬਣਾ ਦਿੱਤਾ। ਜਦੋਂ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ 7 ਅਕਤੂਬਰ 1708 ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਅਤੇ ਪੰਥ ਨੂੰ ਇਨ੍ਹਾਂ ਦੀ ਤਾਬਿਆ ਕਰਕੇ ਅਕਾਲ ਪਾਇਆਨਾ ਕਰ ਗਏ, ਉਸ ਦਿਨ ਤੋਂ ਹੀ ਬ੍ਰਾਹਮਣ ਨੇ ਆਪਣਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਵੱਲ ਸੇਧ ਲਿਆ ਹੈ। ਕਿਉਂਕਿ ਇਹ ਸਪਸ਼ਟ ਸਮਝਦੇ ਹਨ ਕਿ ਜਿਤਨਾ ਚਿਰ ਗੁਰੂ ਗ੍ਰੰਥ ਸਾਹਿਬ ਜੀ ਮੌਜੂਦ ਹਨ, ਨਾ ਗੁਰਮਤਿ ਫਲਸਫਾ ਮੁੱਕ ਸਕਦਾ ਹੈ ਅਤੇ ਨਾ ਖਾਲਸਾ ਪੰਥ।

ਕਿਸੇ ਵੀ ਸ਼ਖਸੀਅਤ ਨੂੰ ਨੀਵਾਂ ਕਰਨ ਦਾ ਸਭ ਤੋਂ ਕਾਮਯਾਬ ਤਰੀਕਾ ਇਹ ਹੈ ਕਿ ਉਸ ਦੇ ਬਰਾਬਰ ਇਕ ਦੂਸਰੀ ਸ਼ਖਸੀਅਤ ਖੜੀ ਕਰ ਦਿਓ, ਅਤੇ ਉਸ ਦੇ ਵਧੇਰੇ ਗੁਣ ਗਾਓ, ਪਹਿਲੀ ਸ਼ਖਸੀਅਤ ਆਪੇ ਹਰ ਦਿਨ ਕਮਜ਼ੋਰ ਪੈਂਦੀ ਜਾਵੇਗੀ। ਹੋਰ ਨਹੀਂ ਤਾਂ ਘੱਟੋ-ਘੱਟ ਬਹੁਤੇ ਕੱਚੇ ਪਿਲਿਆਂ ਦੇ ਮਨਾਂ ਵਿੱਚ ਦੁਬਿਧਾ ਤਾਂ ਖੜ੍ਹੀ ਹੋ ਹੀ ਜਾਵੇਗੀ। ਸੋ ਇਨ੍ਹਾਂ ਨੇ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਸਰੀਰਕ ਤੌਰ ਤੇ ਜਾਣ ਤੋਂ 40-50

ਸਾਲਾਂ ਵਿੱਚ ਹੀ ਇਕ ਸਾਕਤੀ ਪੁਸਤਕ ਪੰਥ ਦੇ ਵਿਹੜੇ ਵਿੱਚ ਲਿਆ ਸੁੱਟੀ ਅਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਦੇ ਤੌਰ ਤੇ ਉਭਾਰਨਾ ਸ਼ੁਰੂ ਕਰ ਦਿੱਤਾ।

ਇਸ ਕਿਤਾਬ ਦੇ ਬਹੁਤੇ ਪੁਰਾਣੇ ਹੱਥ ਲਿਖਤ ਖਰੜਿਆਂ ਉਪਰ ਤਾਂ ਇਸ ਦਾ ਕੋਈ ਨਾਂ ਹੀ ਨਹੀਂ ਲਿਖਿਆ ਹੋਇਆ, ਪਰ, ਅੰਦਰ ਤੱਤਕਰੇ ਵਿੱਚ ਤੇ ਹੋਰ ਕਈ ਥਾਵਾਂ ਤੇ ਬਚਿੱਤ੍ਰ ਨਾਟਕ ਗ੍ਰੰਥ ਸ਼ਬਦ ਲਿਖੇ ਹੋਣ ਕਾਰਨ, ਅਤੇ ਇਸ ਵਿੱਚਲੀਆਂ ਲਿਖਤਾਂ ਵਚਿਤ੍ਰ ਕਿਸਮ ਦੀਆਂ ਹੋਣ ਕਾਰਨ ਇਸ ਦਾ ਨਾਂ ਬਚਿੱਤ੍ਰ ਨਾਟਕ ਗ੍ਰੰਥ ਰੱਖ ਦਿੱਤਾ ਗਿਆ। ਪਰ ਇਸ ਨਾਂ ਨਾਲ ਇਹ ਕਿਤਾਬ ਸਿੱਖਾਂ ਨੂੰ ਭਰਮਜਾਲ ਵਿੱਚ ਫਸਾਉਂਣ ਵਿੱਚ ਬਹੁਤੀ ਕਾਮਯਾਬ ਨਾ ਹੋ ਸਕੀ। ਸੋ ਇਸਦੇ ਸੰਯੋਜਕਾਂ ਨੇ ਇਸ ਦਾ ਨਾਂ ਬਦਲ ਕੇ ਦਸਮ ਗ੍ਰੰਥ ਰੱਖ ਦਿਤਾ ਤਾਂਕਿ ਇਸ ਨੂੰ ਦਸਮ ਪਾਤਿਸ਼ਾਹ ਦੀ ਬਾਣੀ ਕਹਿਕੇ ਪਰਚਾਰਿਆ ਜਾ ਸਕੇ। ਇਸੇ ਕਿਤਾਬ ਨੂੰ ਅੱਜ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਦੇ ਤੌਰ ਤੇ ਉਭਾਰਿਆ ਜਾ ਰਿਹਾ ਹੈ ਅਤੇ ਇਸ ਦਾ ਨਾਂ ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਅਗੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਪਹੁੰਚਾ ਦਿੱਤਾ ਗਿਆ ਹੈ। ਦੁਸ਼ਮਨ ਆਪਣੇ ਮਕਸਦ ਵਿੱਚ ਕਿਤਨਾ ਕਾਮਯਾਬ ਹੈ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾ ਲਈਏ ਕਿ ਸਿੱਖਾਂ ਦੇ ਪੰਜਾਬੋਂ ਬਾਹਰਲੇ ਦੋ ਤਖਤਾਂ(ਜਿਨ੍ਹਾਂ ਦਾ ਕੰਟਰੋਲ ਅਸਿੱਧੇ ਰੂਪ ਵਿੱਚ ਪੰਥ ਦੋਖੀ ਬ੍ਰਾਹਮਣਵਾਦੀ ਸ਼ਕਤੀਆਂ ਕੋਲ ਹੀ ਹੈ) ਅਤੇ ਕੁਝ ਡੇਰਿਆਂ (ਜੋ ਇਨ੍ਹਾਂ ਦੇ ਹੀ ਪਾਲੇ ਹੋਏ ਹਨ) ਵਿੱਚ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਇਸ ਦਾ ਪ੍ਰਕਾਸ਼ ਕਰਵਾਇਆ ਜਾ ਚੁੱਕਾ ਹੈ।

ਇਸ ਵਿੱਚ ਕੀ ਹੈ, ਕਿਸ ਦਾ ਲਿਖਿਆ ਹੈ ਇਹ ਬਚਿਤ੍ਰ ਨਾਟਕ, ਕਦੋਂ ਲਿਖਿਆ ਗਿਆ ? ਇਹੀ ਅਜ ਅਸੀਂ ਬਹੁਤ ਸੰਖੇਪ ਸ਼ਬਦਾਂ ਵਿੱਚ ਪੰਥ ਦੀ ਕਚਹਿਰੀ ਵਿੱਚ ਰਖਣ ਦਾ ਉਪਰਾਲਾ ਕਰ ਰਹੇ ਹਾਂ ਤਾਂ ਜੋ ਪੰਥ ਆਪ ਫੈਸਲਾ ਕਰ ਸਕੇ ਕਿ, ਕੀ ਇਹ ਦਸਵੇਂ ਨਾਨਕ ਦੀ ਲਿਖਤ ਹੋ ਸਕਦੀ ਹੈ? ਤਾਂ ਜੋ ਦੁਸ਼ਮਨ ਦੇ, ਪੰਥ ਨੂੰ ਬਰਬਾਦ ਕਰਨ ਦੇ, ਨਾਪਾਕ ਮਨਸੂਬਿਆਂ ਨੂੰ ਠੱਲ ਪਾਈ ਜਾ ਸਕੇ।

ਭਾਗ:ਅ

ਮੂਲ ਸਿਧਾਂਤ

ਸਭ ਤੋਂ ਪਹਿਲਾਂ ਤਾਂ ਕੁਝ ਮੌਲਿਕ ਗੱਲਾਂ ਸਮਝਣ ਵਾਲੀਆਂ ਹਨ।

• ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਪਹਿਲੇ, ਮੰਗਲ ਰੂਪ ਵਿੱਚ, ਮੂਲ-ਮੰਤਰ ਦਰਜ ਕੀਤਾ ਗਿਆ ਹੈ। ਮੂਲ-ਮੰਤਰ ਕਹਿਣ ਤੋਂ ਇਸ ਦਾ ਅਰਥ ਕੋਈ ਬ੍ਰਾਹਮਣੀ ਰੀਤੀ ਨਾਲ ਜਪਣ ਵਾਲਾ ਮੰਤ੍ਰ ਨਹੀਂ, ਬਲਕਿ ਇਹ ਗੁਰਮਤਿ ਦਾ ਮੂਲ-ਆਧਾਰ(ਸਿਧਾਂਤ) ਹੈ। ਇਸ ਰਾਹੀਂ ਸਤਿਗੁਰੂ ਨੇ ਸਾਨੂੰ ਅਕਾਲ-ਪੁਰਖ ਦੇ ਗੁਣਾਂ ਰੂਪੀ ਸਰੂਪ ਦੇ ਦਰਸ਼ਨ ਕਰਾਏ ਹਨ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ-ਪੁਰਖੁ ਨੂੰ ਰਾਮ, ਰਹੀਮ, ਬੀਠੁਲ, ਸਾਰਿੰਗਪਾਨੀ ਆਦਿ ਕਈ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ, ਕਿਤੇ ਇਹ ਸਾਰੇ ਇਕੋ ਹਸਤੀ ਦੇ ਅਲੱਗ-ਅਲੱਗ ਨਾਂਅ ਹੋਣ ਬਾਰੇ, ਕੋਈ ਸ਼ੰਕਾ ਨਾ ਪੈਦਾ ਹੋ ਜਾਵੇ, ਇਸ ਮੂਲ ਮੰਤ੍ਰ ਨੂੰ ਬਾਰ-ਬਾਰ ਅੰਕਿਤ ਕੀਤਾ ਗਿਆ ਹੈ, ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥- 33 ਵਾਰ, ੧ਓ ਸਤਿ ਨਾਮੁ ਗੁਰ ਪ੍ਰਸਾਦਿ ॥-2 ਵਾਰ, ੧ਓ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥-9 ਵਾਰ, ੧ਓ ਸਤਿਗੁਰ ਪ੍ਰਸਾਦਿ ॥-524 ਵਾਰ, ਤਾਕਿ ਗੱਲ ਸਪਸ਼ਟ ਰਹੇ ਕਿ ਭਾਵੇਂ

ਗੋਬਿੰਦ, ਗੋਪਾਲ, ਹਰੀ, ਜਾਂ ਕੋਈ ਵੀ ਨਾਂਅ ਲਿਖਿਆ ਹੈ, ਇਹ ਇਸ ਮੂਲ-ਮੰਤਰ ਦੇ ਸਿਧਾਂਤ ਤੇ ਖਰੇ ਉਤਰਨ ਵਾਲੇ ਅਕਾਲ-ਪੁਰਖੁ ਦੇ ਉਨ੍ਹਾਂ ਅਨੇਕਾਂ ਨਾਵਾਂ ਵਿੱਚੋਂ ਇਕ ਹੈ, ਜੋ ਅਸੀਂ ਉਸ ਦੇ ਗੁਣ ਵੇਖ ਕੇ ਆਪ ਰਖੇ ਹਨ। ਗੁਰਬਾਣੀ ਦਾ ਫੁਰਮਾਨ ਹੈ:

"ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥"

{ਮਾਰੂ ਮਹਲਾ ੫, ਪੰਨਾ ੧੦੮੩}

ਹੇ ਪ੍ਰਭੂ ! (ਸਾਡੀ ਜੀਵਾਂ ਦੀ) ਜੀਭ ਤੇਰੇ ਉਹ ਨਾਮ ਉਚਾਰਦੀ ਹੈ ਜੋ ਨਾਮ (ਤੇਰੇ ਗੁਣ ਵੇਖ ਵੇਖ ਕੇ ਜੀਵਾਂ ਨੇ) ਬਣਾਏ ਹੋਏ ਹਨ । ਪਰ 'ਸਤਿਨਾਮੁ' ਤੇਰਾ ਮੁੱਢ-ਕਦੀਮਾਂ ਦਾ ਨਾਮ ਹੈ (ਭਾਵ, ਤੂੰ 'ਹੋਂਦ ਵਾਲਾ' ਹੈਂ, ਤੇਰੀ ਇਹ 'ਹੋਂਦ' ਜਗਤ-ਰਚਨਾ ਤੋਂ ਪਹਿਲਾਂ ਭੀ ਮੌਜੂਦ ਸੀ) ।*

ਸਾਰੇ ਬਚਿੱਤ੍ਰ ਨਾਟਕ ਗ੍ਰੰਥ ਵਿੱਚ ਇਹ ਮੂਲ-ਮੰਤਰ, ਪੂਰਨ ਜਾਂ ਸੰਖੇਪ, ਕਿਸੇ ਰੂਪ ਵਿੱਚ ਵੀ, ਇਕ ਵਾਰੀ ਵੀ ਨਹੀਂ ਆਉਂਦਾ, ਜਿਸ ਤੋਂ ਇਹ ਸਪਸ਼ਟ ਹੈ ਕਿ ਇਸ ਪੁਸਤਕ ਦੇ ਲਿਖਾਰੀ ਦਾ ਇਸ਼ਟ, ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਦੇ ਗੁਣਾਂ ਵਾਲਾ ਵਾਹਿਗੁਰੂ ਨਹੀਂ ਅਤੇ ਇਸ ਪੁਸਤਕ ਦੇ ਵਿਸ਼ਾ-ਵਸਤੂ ਦਾ ਆਧਾਰ ਵੀ ਮੂਲ-ਮੰਤਰ ਨਹੀਂ। ਜੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਇਸ ਦੇ ਲਿਖਾਰੀ ਹੁੰਦੇ ਤਾਂ ਕਦੇ ਇਹ ਹੋ ਹੀ ਨਹੀਂ ਸਕਦਾ ਕਿ ਉਹ ਗੁਰਮਤਿ ਦੇ ਇਸ ਮੂਲ ਸਿਧਾਂਤ ਨੂੰ ਅਖੋਂ-ਪਰੋਖਿਆਂ ਕਰ ਦੇਂਦੇ।(ਹੁਣ ਕੁਝ ਗੁਟਕਿਆਂ ਅਤੇ ਬਚਿੱਤ੍ਰ ਨਾਟਕ ਦੀਆਂ ਕੁਝ ਨਵੀਆਂ ਜਿਲਦਾਂ ਵਿੱਚ ਭੁਲੇਖਾ ਪਾਉਣ ਲਈ ਮੂਲ ਮੰਤ੍ਰ ਦਾ ਸੰਖੇਪ ਰੂਪ ਛਾਪ ਦਿੱਤਾ ਗਿਆ ਹੈ।)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 6(ਛੇ) ਗੁਰੂ ਪਾਤਸ਼ਾਹਾਂ ਦੀ ਬਾਣੀ ਦਰਜ ਹੈ। ਪਹਿਲੇ ਪੰਜ ਸਤਿਗੁਰਾਂ ਦੀ ਅਤੇ ਨੌਵੇਂ ਸਤਿਗੁਰੂ ਦੀ। ਪਹਿਲਾਂ ਤਾਂ ਇਹ ਗੱਲ ਸਮਝਣ ਵਾਲੀ ਹੈ ਕਿ, ਛੇਵੇਂ, ਸਤਵੇਂ ਅਤੇ ਅਠਵੇਂ ਸਤਿਗੁਰੂ ਨੇ ਗੁਰਬਾਣੀ ਉਚਾਰਨ ਨਹੀਂ ਕੀਤੀ, ਫਿਰ ਵੀ ਉਹ ਸਤਿਗੁਰੂ ਹੀ ਸਨ, ਭਾਵ ਇਹ ਕਿ ਸਤਿਗੁਰੂ ਵਾਸਤੇ ਬਾਣੀ ਉਚਾਰਨ ਕਰਨਾ ਜ਼ਰੂਰੀ ਨਹੀਂ। ਫੇਰ ਭਾਵੇਂ ਪਹਿਲੇ ਪੰਜ ਸਤਿਗੁਰੂਆਂ ਨੇ ਗੁਰਬਾਣੀ ਉਚਾਰਨ ਕੀਤੀ ਤੇ ਭਾਵੇਂ ਨੌਵੇਂ ਸਤਿਗੁਰੂ ਨੇ, ਸਭ ਨੇ ਕਵੀ ਦੇ ਸੰਕੇਤ ਰੂਪ ਵਿੱਚ ਨਾਨਕ ਪੱਦ ਵਰਤਿਆ ਹੈ। ਸਭ ਨੇ ਨਾਨਕ ਪੱਦ ਹੀ ਕਿਉਂ ਵਰਤਿਆ, ਇਸ ਦਾ ਜੁਆਬ ਵੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਸਪਸ਼ਟ ਮਿਲਦਾ ਹੈ:

"ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥"

{ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੇ ਡੂਮਿ ਆਖੀ, ਪੰਨਾ 966}

(ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਗੁਰਿਆਈ ਦਾ ਤਿਲਕ ਬਾਬਾ ਲਹਣਾ ਜੀ ਨੂੰ ਦੇ ਦਿੱਤਾ, ਤਾਂ) ਗੁਰੂ ਨਾਨਕ ਸਾਹਿਬ ਦੀ ਵਡਿਆਈ ਦੀ ਧੁੰਮ ਦੀ ਬਰਕਤਿ ਨਾਲ, ਬਾਬਾ ਲਹਣਾ ਜੀ ਦੀ ਵਡਿਆਈ ਦੀ ਧੁੰਮ ਪੈ ਗਈ; ਕਿਉਂਕਿ, (ਬਾਬਾ ਲਹਣਾ ਜੀ ਦੇ ਅੰਦਰ) ਉਹੀ (ਗੁਰੂ ਨਾਨਕ ਸਾਹਿਬ ਵਾਲੀ) ਜੋਤਿ ਸੀ, ਜੀਵਨ ਦਾ ਢੰਗ ਭੀ ਉਹੀ (ਗੁਰੂ ਨਾਨਕ ਸਾਹਿਬ ਵਾਲਾ) ਸੀ, ਗੁਰੂ (ਨਾਨਕ ਸਾਹਿਬ) ਨੇ ਕੇਵਲ ਸਰੀਰ ਹੀ ਮੁੜ ਵਟਾਇਆ ਸੀ ।

ਉਹ ਇਲਾਹੀ ਗਿਆਨ ਜੋਤ ਜੋ ਗੁਰੂ ਨਾਨਕ ਪਾਤਿਸ਼ਾਹ ਅੰਦਰ ਪ੍ਰਕਾਸ਼ਮਾਨ ਹੋਈ ਸੀ, ਸਤਿਗੁਰੂ ਨੇ ਆਪਣੇ ਜੀਵਨ ਕਾਲ ਵਿੱਚ ਹੀ, ਭਾਈ ਲਹਿਣਾ ਜੀ ਅੰਦਰ ਟਿਕਾ ਕੇ, ਉਨ੍ਹਾਂ ਨੂੰ ਦੂਜੇ ਨਾਨਕ ਧੰਨ ਧੰਨ ਗੁਰੂ ਅੰਗਦ ਪਾਤਿਸ਼ਾਹ ਬਣਾ ਦਿੱਤਾ। ਗੁਰੂ ਅੰਗਦ ਪਾਤਿਸ਼ਾਹ ਨੇ ਸ਼ਰੀਰ ਤਿਆਗਣ ਤੋਂ ਪਹਿਲਾਂ, ਇਹ ਨਾਨਕ ਜੋਤਿ ਬਾਬਾ ਅਮਰੂ ਜੀ ਵਿੱਚ ਟਿਕਾ ਕੇ ਉਨ੍ਹਾਂ ਨੂੰ ਤੀਜੇ ਨਾਨਕ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਸਤਿਗੁਰੂ ਅਮਰ ਪਾਤਿਸ਼ਾਹ ਜੀ ਬਣਾ ਦਿੱਤਾ। ਇੰਜ ਹੀ ਇਹ ਨਾਨਕ ਜੋਤਿ ਨੌਂ ਜਾਮਿਆਂ ਚੋਂ ਹੁੰਦੀ ਹੋਈ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਅੰਦਰ ਸੁਸ਼ੋਭਤ ਹੋਈ। ਅਕਾਲ ਪਾਇਆਣਾ ਕਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਇਹ ਨਾਨਕ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਟਿਕਾ ਦਿੱਤੀ। ਅੱਜ ਗੁਰੂ ਗ੍ਰੰਥ ਸਾਹਿਬ ਜੀ ਸਾਖਸ਼ਾਤ ਨਾਨਕ ਹਨ।

ਇਹੀ ਕਾਰਨ ਹੈ ਕਿ ਗੁਰਬਾਣੀ ਉਚਾਰਣ ਵਾਲੇ ਸਾਰੇ ਗੁਰੂ ਸਹਿਬਾਨ ਨੇ ਕਵੀ ਦੇ ਤੌਰ ਤੇ ਨਾਨਕ ਛਾਪ ਵਰਤੀ ਹੈ। ਜਦ ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਸਵੇਂ ਨਾਨਕ ਸਨ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਉਹ ਗੁਰਬਾਣੀ ਉਚਾਰਣ ਕਰਦੇ ਅਤੇ ਨਾਨਕ ਪੱਦ ਨਾ ਵਰਤਦੇ? ਸਤਿਗੁਰੂ ਗੋਬਿੰਦ ਸਿੰਘ ਪਾਤਿਸ਼ਾਹ, ਨੌਵੇਂ ਸਤਿਗੁਰੂ ਤਕ ਚਲਦੀ ਆਈ, ਗੁਰਬਾਣੀ ਉਚਾਰਣ ਦੀ ਮਰਿਯਾਦਾ ਨੂੰ ਕਦੇ ਤੋੜ ਨਹੀਂ ਸਨ ਸਕਦੇ ।

ਸਤਿਗੁਰੂ ਨੇ ਕਿਹੜੀ ਬਾਣੀ ਕਿਹੜੇ ਜਾਮੇ ਵਿੱਚ ਉਚਾਰਣ ਕੀਤੀ, ਸਪਸ਼ਟ ਕਰਨ ਲਈ ਸਤਿਗੁਰੂ ਨੇ 'ਮ੍ਹਲਾ' ਸ਼ਬਦ ਵਰਤਿਆ ਹੈ। ਬੇਸ਼ਕ ਸਿੱਖ ਆਪਣੇ ਸਤਿਗੁਰੂ ਨੂੰ ਸਦਾ ਹੀ ਸੱਚਾ ਪਾਤਿਸ਼ਾਹ ਕਹਿਕੇ ਬੁਲਾਉਂਦੇ ਆਏ ਹਨ, ਪਰ ਸਤਿਗੁਰੂ ਪਾਤਿਸ਼ਾਹਾਂ ਅੰਦਰ ਇਤਨੀ ਨਿਮਰਤਾ ਸੀ ਕਿ ਉਹ ਆਪਣੇ ਆਪ ਨੂੰ ਨੀਚ, ਗਰੀਬ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੇ ਆਏ ਹਨ:

"ਨਾਨਕੁ ਨੀਚੁ ਕਹੈ ਵੀਚਾਰੁ ॥" (ਜਪ, ਪੰਨਾ 4)
"ਕਿਆ ਨਾਨਕ ਜੰਤ ਵਿਚਾਰਾ ॥"
(ਰਾਗੁ ਆਸਾ ਮਹਲਾ ੪ ਸੋ ਪੁਰਖੁ, ਪੰਨਾ ੮)
"ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥" (ਮਃ ੩, ਪੰਨਾ ੮੯)
"ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥" (ਧਨਾਸਰੀ ਮਹਲਾ ੫, ਪੰਨਾ ੬੭੬),

ਬਚਿਤ੍ਰ ਨਾਟਕ ਪੁਸਤਕ ਵਿੱਚ ਪਾਤਸ਼ਾਹੀ 10 ਸ਼ਬਦ ਵਰਤਿਆ ਗਿਆ ਹੈ। ਦਸਵੇਂ ਨਾਨਕ ਆਪਣੇ ਆਪ ਨੂੰ ਕਦੇ ਪਾਤਿਸ਼ਾਹ ਨਹੀਂ ਲਿਖ ਸਕਦੇ। ਇਹ ਤਾਂ ਜਿਨ੍ਹਾਂ ਪੰਥ ਦੋਖੀ ਸ਼ਕਤੀਆਂ ਨੇ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਵੇਖਿਆ ਕਿ ਸਿੱਖ ਆਪਣੇ ਸਤਿਗੁਰੂ ਨੂੰ ਪਾਤਿਸ਼ਾਹ ਕਹਿਕੇ ਬੁਲਾਉਂਦੇ ਹਨ, ਉਨ੍ਹਾਂ ਗੁਰਮਤਿ ਸਿਧਾਂਤਾਂ ਤੋਂ ਅਨਜਾਣ ਵਿਅਕਤੀਆਂ ਨੇ ਪਾਤਿਸ਼ਾਹੀ 10, ਸ਼ਬਦ ਲਿਖ ਦਿੱਤਾ। ਕੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੌਵੇਂ ਸਤਿਗੁਰੂ ਤੱਕ ਮਹਲਾ ਲਿਖਣ ਦੀ ਮਰਿਯਾਦਾ ਤੋੜ ਸਕਦੇ ਹਨ ?

ਗੁਰੂ ਗ੍ਰੰਥ ਸਾਹਿਬ ਜੀ ਦੇ ਮੌਜੂਦਾ ਸਰੂਪ ਦਾ ਸੰਪਾਦਨ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਆਪ ਸੰਨ 1705-6 ਵਿੱਚ ਦਮਦਮਾ ਸਾਹਿਬ ਵਿਖੇ ਕਰਵਾਇਆ। ਇਸ ਵਿੱਚ ਨੌਵੇਂ ਨਾਨਕ, ਸਤਿਗੁਰੂ ਤੇਗ ਬਹਾਦਰ ਪਾਤਿਸ਼ਾਹ ਦੀ ਬਾਣੀ ਦਰਜ ਕਰਵਾ ਕੇ ਇਸ ਨੂੰ ਸੰਪੂਰਣਤਾ ਬਖਸ਼ੀ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਸੰਨ 1708 ਵਿੱਚ ਅਕਾਲ ਪਾਇਆਣਾ ਕਰ ਗਏ । ਜੇ ਸਤਿਗੁਰੂ ਨੇ ਕੋਈ ਬਾਣੀ ਉਚਾਰਣ ਕੀਤੀ ਹੁੰਦੀ ਤਾਂ ਜ਼ਰੂਰ

ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਕਰਨ ਸਮੇਂ ਇਸ ਵਿੱਚ ਦਰਜ ਕਰ ਦੇਂਦੇ।

ਗੁਰਮਤਿ ਦੀ ਕਸਵੱਟੀ ਤੇ

ਇਨ੍ਹਾਂ ਸਾਰੀਆਂ ਗੱਲਾਂ ਨਾਲੋਂ ਵਧੇਰੇ ਮਹੱਤਵ ਪੂਰਨ ਉਹ ਸਿਧਾਂਤਕ ਪੱਖ ਹੈ, ਉਹ ਅਨਮੋਲ ਸਿਧਾਂਤ ਹਨ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੁਆਰਾ ਸਾਨੂੰ ਪ੍ਰਾਪਤ ਹੁੰਦੇ ਹਨ। ਕੋਈ ਵੀ ਇਤਿਹਾਸ ਜਾਂ ਲਿਟਰੇਚਰ ਜੋ ਗੁਰਮਤਿ ਦੇ ਸਿਧਾਂਤਾਂ ਤੇ ਖਰਾ ਨਹੀਂ ਉਤਰਦਾ, ਉਸ ਨੂੰ ਸਿੱਖ ਇਤਿਹਾਸ ਜਾਂ ਸਿੱਖ ਲਿਟਰੇਚਰ ਨਹੀਂ ਕਿਹਾ ਜਾ ਸਕਦਾ। ਜਦੋਂ ਇਸ ਪਾਸੇ ਧਿਆਨ ਮਾਰਦੇ ਹਾਂ ਤਾਂ ਗਲ ਪਹਿਲਾਂ ਹੀ ਸਪਸ਼ਟ ਹੋ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਕੇਵਲ ਤੇ ਕੇਵਲ ਅਕਾਲ-ਪੁਰਖੁ ਦਾ ਇਲਾਹੀ ਗਿਆਨ ਹੈ, ਜਿਸ ਵਿੱਚ ਅਕਾਲ-ਪੁਰਖੁ ਦੇ ਗੁਣਾਂ, ਉਸ ਦੀ ਸਿਫਤ ਸਲਾਹ ਅਤੇ ਨਿਰਮਲ ਜੀਵਨ-ਜੁਗਤਿ ਦੇ ਅਲੌਕਿਕ ਖਜ਼ਾਨੇ ਭਰੇ ਪਏ ਹਨ।

ਜਦਕਿ

ਬਚਿੱਤ੍ਰ ਨਾਟਕ ਦੇ ਪਹਿਲੇ ੩੯ ਪੰਨੇ ਛੱਡ ਕੇ, ਬਾਕੀ ਸਾਰਾ, ਕੁਝ ਅਨਮਤੀਆਂ ਦੀਆਂ ਮਿਥਿਹਾਸਕ ਕਹਾਣੀਆਂ ਅਤੇ ਅਸ਼ਲੀਲ ਰਚਨਾਵਾਂ ਨਾਲ ਭਰਿਆ ਪਿਆ ਹੈ। ਜਿਸ ਨਾਲ ਸਿੱਖ ਕੌਮ ਦਾ ਅਤੇ ਸਿੱਖ ਸਿਧਾਂਤਾਂ ਦਾ ਨੇੜੇ ਤੇੜੇ ਦਾ ਕੋਈ ਸਬੰਧ ਨਹੀਂ।

ਸੂਝਵਾਨ ਸਿੱਖ ਸੰਗਤ ਵਾਸਤੇ ਤਾਂ ਇਤਨਾ ਹੀ ਕਾਫੀ ਹੈ, ਪਰ ਫਿਰ ਵੀ ਅਸੀਂ ਸੂਝਵਾਨ ਗੁਰਸਿੱਖਾਂ ਨੂੰ ਦੋਹਾਂ ਵਿੱਚ ਵਡੇਰੇ ਸਿਧਾਂਤਕ ਫਰਕਾਂ ਤੋਂ ਜਾਣੂ ਕਰਵਾਉਣਾਂ ਚਾਹੁੰਦੇ ਹਾਂ ।

ਭਾਗ:ੲ ਗੁਰਮਤਿ ਦੀ ਕਸਵੱਟੀ ਤੇ

"ਗੁਰੂ ਗ੍ਰੰਥ ਸਾਹਿਬ ਜੀ"

ਅਕਾਲ ਪੁਰਖੁ ਦਾ ਸਰੂਪ

"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥"

ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

"ਬਚਿੱਤ੍ਰ ਨਾਟਕ"

ਬਚਿੱਤ੍ਰ ਨਾਟਕ ਦੇ ਇਸ਼ਟ ਦਾ ਸਰੂਪ

ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਿਯੋ ਗਲ ਮੈ ਅਸਿ ਭਾਰੋ। ਲੋਚਨ ਲਾਲ ਕਰਾਲ ਦਿਪੈ ਦੋਊ ਭਾਲ ਬਿਰਾਜਤ ਹੈ ਅਨਿਯਾਰੋ। ਛੂਟੇ ਹੈ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜੱਯਾਰੋ। ਛਾਡਤ ਜ੍ਵਾਲ ਲਏ ਕਰ ਬੱਯਾਲ ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ। ੧੭। (ਬਚਿਤ੍ਰ ਨਾਟਕ ਪੰਨਾ-810)

ਮੁੰਡਾਂ ਦੀ ਮਾਲਾ, ਦਿਸ਼ਾਵਾਂ ਦੇ ਬਸਤ੍ਰ (ਭਾਵ ਨਗਨ) ਅਤੇ ਖੱਬੇ ਪਾਸੇ

ਭਾਰੀ ਤਲਵਾਰ ਧਾਰਨ ਕੀਤੀ ਹੋਈ ਹੈ। ਦੋਵੇ ਭਿਆਨਕ ਅੱਖਾਂ ਚਮਕਦੀਆਂ ਹਨ ਅਤੇ ਮੱਥੇ ਉਤੇ ਅਣੀਦਾਰ ਤੀਰਾਂ ਵਾਂਗ ਬਿਰਾਜ ਰਹੀਆਂ ਹਨ। ਭਿਆਨਕ ਵਿਸ਼ਾਲ ਕੇਸ ਖੁਲ੍ਹੇ ਹੋਏ ਹਨ ਅਤੇ ਉਜਲੇ ਦੰਦਾਂ ਦੀ ਪੰਕਤੀ ਚਮਕ ਰਹੀ ਹੈ। ਹੱਥ ਵਿਚ ਲਏ ਹੋਏ ਸੱਪ ਅੱਗ ਛਡ ਰਹੇ ਹਨ। (ਹੇ ਦੇਵੀ) ਕਾਲ ਸਦਾ ਤੇਰਾ ਪ੍ਰਤਿਪਾਲਕ ਹੈ।੧੭।

ਅਕਾਲ-ਪੁਰਖੁ ਨਿਰਾਕਾਰ ਹੈ

"ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥" {ਗਉੜੀ ਸੁਖਮਨੀ ਮਃ ੫, ਪੰਨਾ ੨੮੩}

ਪ੍ਰਭੂ ਦਾ ਨ ਕੋਈ ਰੂਪ ਹੈ, ਨ ਚਿਹਨ-ਚੱਕ੍ਰ ਅਤੇ ਨ ਕੋਈ ਰੰਗ । ਪ੍ਰਭੂ ਮਾਇਆ ਦੇ ਤਿੰਨ ਗੁਣਾਂ ਤੋਂ ਬੇ-ਦਾਗ਼ ਹੈ। ਹੇ ਨਾਨਕ । ਪ੍ਰਭੂ ਆਪਣਾ ਆਪ ਉਸ ਮਨੁੱਖ ਨੂੰ ਸਮਝਾਉਂਦਾ ਹੈ ਜਿਸ ਉੱਤੇ ਆਪ ਤ੍ਰੁੱਠਦਾ ਹੈ ।

"ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥" {ਸੋਰਠਿ ਮਹਲਾ ੧, ਪੰਨਾ ੫੯੭}

ਮੈਂ ਸਦਾ ਕੁਰਬਾਨ ਹਾਂ ਉਸ ਪਰਮਾਤਮਾ ਤੋਂ ਜੋ ਸਦਾ ਕਾਇਮ ਰਹਿਣ ਵਾਲਾ ਹੈ ਤੇ ਜੋ ਸਚਾਈ ਦਾ ਸੋਮਾ ਹੈ। ਉਸ ਪਰਮਾਤਮਾ ਦਾ ਨਾਹ ਕੋਈ ਰੂਪ ਹੈ ਨਾਹ ਰੰਗ ਹੈ ਅਤੇ ਨਾਹ ਕੋਈ ਚਿਹਨ ਚੱਕ੍ਰ ਹੈ।ਸੱਚੇ ਸ਼ਬਦ ਵਿਚ ਜੁੜਿਆਂ ਉਸ ਦਾ ਥਹੁ-ਪਤਾ ਲੱਗਦਾ ਹੈ।

ਇਥੇ ਸਿਰਫ ਇਕ ਅਕਾਲ-ਪੁਰਖੁ ਦੀ ਗੱਲ ਹੈ:

"ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥"

{ਆਸਾ ਮਹਲਾ ੧, ਪੰਨਾ ੩੫੦}

ਹੇ ਭਾਈ । ਪਰਮਾਤਮਾ ਹੀ ਸਾਡਾ

ਪ੍ਰਮਾਤਮਾ ਦੇਹ ਧਾਰੀ ਹੈ

ਏਕੈ ਰਹਿ ਗਯੋ ਜਬੈ ਪਯਾਲਾ। ਐਸਾ ਮਚਾ ਜੁਧ ਬਿਕਰਾਲਾ।

ਮਹਾ ਕਾਲ ਕੇ ਭਯੋ ਪ੍ਰਸੇਤਾ। ਡਾਰਾ ਭੂਮਿ ਪੋਛਿ ਕਰਿ ਤੇਤਾ। ੧੦੯। (ਬਚਿਤ੍ਰ ਨਾਟਕ ਪੰਨਾ-1367)

ਜਦ ਕੇਵਲ ਇਕੋ ਪਾਤਾਲ ਰਹਿ ਗਿਆ ਤਾਂ ਅਜਿਹਾ ਭਿਆਨਕ ਯੁੱਧ ਮਚਿਆ ਕਿ ਮਹਾ ਕਾਲ ਨੂੰ ਪਸੀਨਾ ਆ ਗਿਆ। (ਉਸ ਨੇ) ਉਹ ਸਾਰਾ ਪੂੰਝ ਕੇ ਧਰਤੀ ਉਤੇ ਸੁਟ ਦਿੱਤਾ।੧੦੯।

(ਜਦ ਮਹਾਂਕਾਲ ਹੱਥ ਵਿੱਚ ਸ਼ਸਤ੍ਰ ਫੜ ਕੇ ਜੰਗ ਕਰਦਾ ਹੈ, ਉਸ ਨੂੰ ਪਸੀਨਾ ਆਉਂਦਾ ਹੈ, ਤਾਂ ਸਪਸ਼ਟ ਹੈ ਕਿ ਮਹਾਂਕਾਲ ਸ਼ਰੀਰਧਾਰੀ ਹੈ।)

ਕਈਆਂ ਦੀ ਪੂਜਾ ਦਾ ਵਿਧਾਨ

ਸਰਬਕਾਲ ਹੈ ਪਿਤਾ ਅਪਾਰਾ॥ ਦੇਬਿ ਕਾਲਕਾ ਮਾਤ ਹਮਾਰਾ॥ ਮਨੂਆ ਗੁਰ ਮੁਰਿ ਮਨਸਾ ਮਾਈ॥ ਜਿਨਿ ਮੋ ਕੋ ਸੁਭ ਕ੍ਰਿਆ ਪੜਾਈ॥5॥ (ਬਚਿਤ੍ਰ ਨਾਟਕ

ਇਕੋ ਇਕ ਖਸਮ-ਮਾਲਕ ਹੈ, ਬੱਸ ! ਉਹ ਹੀ ਇਕੋ ਮਾਲਕ ਹੈ, ਉਸ ਵਰਗਾ, ਹੋਰ ਕੋਈ ਨਹੀਂ ਹੈ ।

ਅਕਾਲ-ਪੁਰਖੁ ਕਦੇ ਜੂਨਾਂ ਵਿੱਚ ਨਹੀਂ ਆਉਂਦਾ।

"ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥" {ਭੈਰਉ ਮਹਲਾ ੫, ਪੰਨਾ ੧੧੩੬}

ਹੇ ਭਾਈ ! ਤੂੰ (ਕ੍ਰਿਸ਼ਨ-ਮੂਰਤੀ ਨੂੰ) ਲੋਰੀ ਦੇਂਦਾ ਹੈਂ (ਆਪਣੇ ਵਲੋਂ ਤੂੰ ਪਰਮਾਤਮਾ ਨੂੰ ਲੋਰੀ ਦੇਂਦਾ ਹੈਂ, ਤੇਰਾ ਇਹ ਕੰਮ) ਸਾਰੇ ਅਪਰਾਧਾਂ (ਦਾ ਮੂਲ ਹੈ) । ਸੜ ਜਾਏ (ਤੇਰਾ) ਉਹ ਮੂੰਹ ਜਿਸ ਦੀ ਰਾਹੀਂ ਤੂੰ ਆਖਦਾ ਹੈਂ ਕਿ ਮਾਲਕ-ਪ੍ਰਭੂ ਜੂਨਾਂ ਵਿਚ ਆਉਂਦਾ ਹੈ ।

"ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥ ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ॥" {ਡਖਣੇ ਮਃ ੫, ਪੰਨਾ ੧੦੯੫}

ਹੇ ਪ੍ਰਭੂ ! ਤੂੰ ਪਾਰਬ੍ਰਹਮ ਹੈਂ, ਸਭ ਤੋਂ ਵੱਡਾ ਮਾਲਕ ਹੈਂ, ਤੂੰ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ । ਤੂੰ ਆਪਣੇ ਹੁਕਮ ਨਾਲ ਜਗਤ ਪੈਦਾ ਕਰਦਾ ਹੈਂ, (ਜਗਤ) ਪੈਦਾ ਕਰ ਕੇ (ਇਸ ਵਿਚ) ਵਿਆਪਕ ਹੈਂ ।

ਅਕਾਲ-ਪੁਰਖੁ ਨੇ ਸ੍ਰਿਸ਼ਟੀ ਕਿਵੇਂ ਸਾਜੀ

"ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥" {ਆਸਾ ਮਹਲਾ ਪੰਨਾ-73)

ਸਰਬਕਾਲ ਅਪਾਰ ਪ੍ਰਭੂ ਸਾਡਾ ਪਿਤਾ ਹੈ ਅਤੇ ਦੇਵੀ ਕਾਲਕਾ ਮਾਤਾ ਹੈ। ਮਨ ਮੇਰਾ ਗੁਰੂ ਹੈ ਅਤੇ ਮਨਸਾ(ਕਾਮਨਾ) ਮੇਰੀ ਮਾਈ(ਗੁਰੂ-ਪਤਨੀ) ਹੈ, ਜਿਨ੍ਹਾਂ ਨੇ ਮੈਨੂੰ ਸਾਰੀ ਕਾਵਿ ਕ੍ਰਿਆ ਸਿਖਾਈ ਹੈ।

ਪਰਮਾਤਮਾ ਅਵਤਾਰ (ਦੇਹ) ਧਾਰਨ ਕਰਦਾ ਹੈ।

ਅਬ ਚਉਬੀਸ ਉਚਰੋਂ ਅਵਤਾਰਾ। ਜਿਹ ਬਿਧਿ ਤਿਨ ਕਾ ਲਖਾ ਅਖਾਰਾ। ਸੁਨੀਅਹੁ ਸੰਤ ਸਬੈ ਚਿਤ ਲਾਈ। ਬਰਨਤ ਸੱਯਾਮ ਜਥਾ ਮਤਿ ਭਾਈ।੧। (ਬਚਿਤ੍ਰ ਨਾਟਕ ਪੰਨਾ-155)

ਹੁਣ (ਮੈਂ) ਚੌਵੀ ਅਵਤਾਰਾਂ (ਦੀ ਕਥਾ) ਕਹਿੰਦਾ ਹਾਂ ਜਿਸ ਤਰ੍ਹਾਂ ਦੀ ਉਨ੍ਹਾਂ ਦੀ ਲੀਲਾ (ਅਖਾਰਾ) ਵੇਖੀ ਹੈ। ਹੇ ਸੰਤੋ ਸਾਰੇ ਚਿੱਤ ਲਗਾ ਕੇ ਸੁਣੋ, ਸਿਆਮ (ਕਵੀ) ਨੂੰ (ਜਿਹੋ ਜਿਹਾ) ਚੰਗਾ ਲਗਾ ਹੈ ਉਸ ਦਾ ਆਪਣੀ ਬੁੱਧੀ ਅਨੁਸਾਰ ਵਰਣਨ ਕੀਤਾ ਹੈ।੧।

ਜਬ ਜਬ ਹੋਤਿ ਅਰਿਸਟਿ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ। ਕਾਲ ਸਬਨ ਕੋ ਪੇਖਿ ਤਮਾਸਾ। ਅੰਤਹਕਾਲ ਕਰਤ ਹੈ ਨਾਸਾ। ੨। (ਬਚਿਤ੍ਰ ਨਾਟਕ ਪੰਨਾ-155)

ਜਦੋਂ ਜਦੋਂ (ਧਰਤੀ ਉਤੇ ਜਨਤਾ ਨੂੰ) ਦੁਖ ਦੇਣ ਵਾਲੇ (ਅਰਿਸਟਿ) ਬਹੁਤ ਹੋ ਜਾਂਦੇ ਹਨ, ਤਦੋਂ ਤਦੋਂ (ਪਰਮਾਤਮਾ) ਦੇਹ ਧਾਰਨ ਕਰ ਕੇ ਅਵਤਾਰ ਲੈਂਦਾ ਹੈ। ਕਾਲ ਸਭ ਦਾ ਤਮਾਸ਼ਾ ਵੇਖਦਾ ਹੈ ਅਤੇ ਓੜਕ ਓਹੀ (ਸਭ ਦਾ) ਨਾਸ਼ ਕਰਦਾ ਹੈ।੨।

ਬਚਿਤ੍ਰ ਨਾਟਕ ਅਨੁਸਾਰ ਸ੍ਰਿਸ਼ਟੀ ਰਚਨਾ

ਖੰਡਾ ਪ੍ਰਥਮਿ ਸਾਜਿਕੈ ਜਿਨ ਸਭ ਸੈਸਾਰ ਉਪਾਇਆ। (ਬਚਿਤ੍ਰ ਨਾਟਕ ਪੰਨਾ-119)

੧, ਪੰਨਾ ੪੬੩}

ਅਕਾਲ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਸਾਜਿਆ, ਅਤੇ ਆਪ ਹੀ ਆਪਣਾ ਨਾਮਣਾ ਬਣਾਇਆ । ਫਿਰ, ਉਸ ਨੇ ਕੁਦਰਤ ਰਚੀ (ਅਤੇ ਉਸ ਵਿਚ) ਆਸਣ ਜਮਾ ਕੇ, (ਭਾਵ, ਕੁਦਰਤ ਵਿਚ ਵਿਆਪਕ ਹੋ ਕੇ, ਇਸ ਜਗਤ ਦਾ) ਆਪ ਤਮਾਸ਼ਾ ਵੇਖਣ ਲੱਗ ਪਿਆ ਹੈ ।

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥"

{ਸਿਰੀ ਰਾਗੁ ਮਹਲਾ ੧, ਪੰਨਾ ੨੦}

ਪਰਮਾਤਮਾ ਤੋਂ (ਸੂਖਮ ਤੱਤ) ਪਵਨ ਬਣਿਆ, ਪਵਣ ਤੋਂ ਜਲ ਹੋਂਦ ਵਿਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ, (ਤੇ, ਇਸ ਰਚੇ ਸੰਸਾਰ ਦੇ) ਹਰੇਕ ਘਟ ਵਿਚ ਪਰਮਾਤਮਾ ਦੀ ਜੋਤਿ ਸਮਾਈ ਹੋਈ ਹੈ ।

(ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਧਰੇ ਵੀ ਸਿਧਾਂਤਕ ਮਤਭੇਦ ਨਹੀਂ ਹਨ)

ਦੇਵੀ- ਦੇਵਤਿਆਂ ਦੀ ਪੂਜਾ ਦੀ ਪੂਰਨ ਮਨਾਹੀ ਹੈ

"ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥1॥"

{ਰਾਮਕਲੀ ਮਹਲਾ ੫, ਪੰਨਾ ੮੯੪}

(ਹੇ ਭਾਈ ! ਪ੍ਰਭੂ ਕੇਡਾ ਵੱਡਾ ਹੈ—ਇਹ ਗੱਲ (ਚਾਰੇ) ਵੇਦ (ਭੀ) ਨਹੀਂ ਜਾਣਦੇ । ਅਨੇਕਾਂ ਬ੍ਰਹਮਾ ਭੀ (ਉਸ ਦੇ) ਦਿਲ ਦੀ ਗੱਲ ਨਹੀਂ ਜਾਣਦੇ । ਸਾਰੇ ਅਵਤਾਰ ਭੀ ਉਸ (ਪਰਮਾਤਮਾ ਦੇ ਗੁਣਾਂ) ਦਾ ਅੰਤ ਨਹੀਂ ਜਾਣਦੇ । ਹੇ ਭਾਈ ! ਪਾਰਬ੍ਰਹਮ ਪਰਮੇਸਰ ਬੇਅੰਤ ਹੈ ।1।

"ਸੰਕਰਾ ਨਹੀ ਜਾਨਹਿ ਭੇਵ

ਪਰਮੁਸੱਤਾ ਨੇ (ਸਭ ਤੋਂ) ਪਹਿਲਾਂ ਖੜਗ ਸਿਰਜ ਕੇ (ਫਿਰ) ਸਾਰੇ ਸੰਸਾਰ ਦੀ ਰਚਨਾ ਕੀਤੀ।

ਏਕ ਸ੍ਰਵਣ ਤੇ ਮੈਲ ਨਿਕਾਰਾ। ਤਾ ਤੇ ਮਧੁ ਕੀਟਭ ਤਨ ਧਾਰਾ। ਦੁਤੀਆ ਕਾਨ ਤੇ ਮੈਲ ਨਿਕਾਰੀ। ਤਾ ਤੇ ਭਈ ਸ੍ਰਿਸਟਿ ਇਹ ਸਾਰੀ। ੧੩। (ਬਚਿਤ੍ਰ ਨਾਟਕ ਪੰਨਾ-47)

(ਉਸ ਨੇ) ਇਕ ਕੰਨ ਤੋਂ ਮੈਲ ਕੱਢੀ, ਉਸ ਤੋਂ ਮਧੁ ਅਤੇ ਕੈਟਭ ਨੇ ਸ਼ਰੀਰ ਧਾਰਨ ਕੀਤੇ। ਉਸ ਨੇ ਦੂਜੇ ਕੰਨ ਵਿਚੋਂ ਮੈਲ ਕੱਢੀ, ਉਸ ਤੋਂ ਇਹ ਸਾਰੀ ਸ੍ਰਿਸ਼ਟੀ ਬਣੀ।੧੩।

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਤਾਂ ਕੀ ਮੇਲ ਖਾਣਾ ਹੈ।ਇਥੇ ਆਪਸ ਵਿੱਚ ਹੀ ਮਤਭੇਦ ਹਨ)

ਬਚਿਤ੍ਰ ਨਾਟਕ ਵਿੱਚ ਕੇਵਲ ਦੇਵੀਆਂ, ਦੇਵਤਿਆਂ, ਅਵਤਾਰਾਂ ਦੀ ਪੂਜਾ ਹੈ।

ਪ੍ਰਥਮਿ ਧਰੋ ਭਗਵਤ ਕੋ ਧੱਯਾਨਾ। ਬਹੁਰਿ ਕਰੋ ਕਬਿਤਾ ਬਿਧਿ ਨਾਨਾ। ਕ੍ਰਿਸਨ ਜਥਾ ਮਤਿ ਚਰਿਤ੍ਰ ਉਚਾਰੋ। ਚੂਕ ਹੋਇ ਕਬਿ ਲੇਹੁ ਸੁਧਾਰੋ। ੪੪੦।ਇਤਿ ਸ੍ਰੀ ਦੇਵੀ ਉਸਤਤਿ ਸਮਾਪਤੰ। (ਬਚਿਤ੍ਰ ਨਾਟਕ ਪੰਨਾ-310)

ਸਭ ਤੋਂ ਪਹਿਲਾਂ ਮੈਂ ਭਗਵਤੀ (ਦੇਵੀ) ਦਾ ਧਿਆਨ ਧਰਦਾ ਹਾਂ। ਫਿਰ ਮੈਂ ਅਨੇਕ ਤਰ੍ਹਾਂ ਦੀ ਕਵਿਤਾ ਕਰਦਾ ਹਾਂ। ਜਿਸ ਤਰ੍ਹਾਂ ਦੀ ਬੁੱਧੀ ਹੈ, ਉਸ ਅਨੁਰੂਪ ਕ੍ਰਿਸ਼ਨ ਦੇ ਚਰਿਤ੍ਰ ਦਾ ਉੱਚਾਰਨ ਕਰਦਾ ਹਾਂ। ਹੇ ਕਵੀਓ

॥ ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥2॥" {ਰਾਮਕਲੀ ਮਹਲਾ ੫, ਪੰਨਾ ੮੯੪}

(ਹੇ ਭਾਈ !) ਅਨੇਕਾਂ ਸ਼ਿਵ ਜੀ ਪਰਮਾਤਮਾ ਦੇ ਦਿਲ ਦੀ ਗੱਲ ਨਹੀਂ ਜਾਣਦੇ, ਅਨੇਕਾਂ ਦੇਵਤੇ ਉਸ ਦੀ ਖੋਜ ਕਰਦੇ ਕਰਦੇ ਥੱਕ ਗਏ । ਦੇਵੀਆਂ ਵਿਚੋਂ ਭੀ ਕੋਈ ਉਸ ਪ੍ਰਭੂ ਦਾ ਭੇਦ ਨਹੀਂ ਜਾਣਦੀ। ਹੇ ਭਾਈ ! ਪਰਮਾਤਮਾ ਸਭਨਾਂ ਤੋਂ ਵੱਡਾ ਹੈ, ਉਸ ਦੇ ਸਹੀ ਸਰੂਪ ਦਾ ਬਿਆਨ ਨਹੀਂ ਕੀਤਾ ਜਾ ਸਕਦਾ ।2।

"ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥1॥ ਹਉ ਤਉ ਏਕੁ ਰਮਈਆ ਲੈ ਹਉ ॥ ਆਨ ਦੇਵ ਬਦਲਾਵਨਿ ਦੈ ਹਉ ॥1॥ ਰਹਾਉ ॥ ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥2॥ ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥3॥ ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥4॥" { ਗੋਂਡ ਨਾਮਦੇਵ ਜੀ, ਪੰਨਾ 874}

ਜੋ ਮਨੁੱਖ ਭੈਰੋਂ ਵਲ ਜਾਂਦਾ ਹੈ (ਭਾਵ, ਜੋ ਭੈਰੋਂ ਦੀ ਅਰਾਧਨਾ ਕਰਦਾ ਹੈ) ਉਹ (ਵਧ ਤੋਂ ਵਧ ਭੈਰੋਂ ਵਰਗਾ ਹੀ) ਭੂਤ ਬਣ ਜਾਂਦਾ ਹੈ । ਜੋ ਸੀਤਲਾ ਨੂੰ ਅਰਾਧਦਾ ਹੈ ਉਹ (ਸੀਤਲਾ ਵਾਂਗ) ਖੋਤੇ ਦੀ ਸਵਾਰੀ ਕਰਦਾ ਹੈ ਤੇ (ਖੋਤੇ ਦੇ ਨਾਲ) ਸੁਆਹ ਹੀ ਉਡਾਉਂਦਾ ਹੈ ।1।

(ਹੇ ਪੰਡਤ !) ਮੈਂ ਤਾਂ ਇੱਕ ਸੋਹਣੇ ਰਾਮ ਦਾ ਨਾਮ ਹੀ ਲਵਾਂਗਾ, (ਤੁਹਾਡੇ) ਹੋਰ ਸਾਰੇ ਦੇਵਤਿਆਂ ਨੂੰ ਉਸ ਨਾਮ ਦੇ ਵੱਟੇ ਵਿਚ ਦੇ ਦਿਆਂਗਾ, (ਭਾਵ, ਪ੍ਰਭੂ-ਨਾਮ ਦੇ ਟਾਕਰੇ ਤੇ ਮੈਨੂੰ ਤੁਹਾਡੇ ਕਿਸੇ ਭੀ ਦੇਵੀ ਦੇਵਤੇ ਦੀ ਲੋੜ ਨਹੀਂ ਹੈ) ।1।ਰਹਾਉ।

ਜੋ ਮਨੁੱਖ ਸ਼ਿਵ ਦਾ ਨਾਮ ਜਪਦਾ *(ਕਿਤੇ) ਗੁਲਤੀ ਹੋਵੇ ਤਾਂ ਸੁਧਾਰ ਲੈਣਾ।੪੪੦।ਇਥੇ ਸ੍ਰੀ ਦੇਵੀ ਦੀ ਉਸਤਤ ਦੀ ਸਮਾਪਤੀ।*

ਸ੍ਰੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੂੰ ਮਹਾਕਾਲ ਅਤੇ ਕਾਲਕਾ (ਦੁਰਗਾ) ਦੇਵੀ ਦੀ ਪੂਜਾ ਕਰਦੇ ਦਰਸਾਇਆ ਗਿਆ ਹੈ।

ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੁਹਿ ਆਨੋ। ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ। ੧। ਸਪਤਸ੍ਰਿੰਗ ਤਿਹ ਨਾਮੁ ਕਹਾਵਾ। ਪੰਡੁ ਰਾਜ ਜਹ ਜੋਗੁ ਕਮਾਵਾ। ਤਹ ਹਮ ਅਧਿਕ ਤਪਸਿਆ ਸਾਧੀ। ਮਹਾਕਾਲ ਕਾਲਕਾ ਅਰਾਧੀ। ੨। (ਬਚਿਤ੍ਰ ਨਾਟਕ ਪੰਨਾ-54)

ਹੁਣ ਮੈਂ ਆਪਣੀ ਵਾਰਤਾ ਦਾ ਬਖਾਨ ਕਰਦਾ ਹਾਂ, ਜਿਸ ਤਰ੍ਹਾਂ ਮੈਨੂੰ ਤਪ ਕਰਦੇ ਲਿਆਉਂਦਾ ਗਿਆ। ਜਿਥੇ ਹੇਮਕੁੰਟ ਪਰਬਤ ਹੈ ਅਤੇ ਜਿਥੇ ਸੱਤ (ਪਰਬਤੀ) ਚੋਟੀਆਂ ਸੁਭਾਇਮਾਨ ਹਨ।੧। ਉਸ (ਸਥਾਨ ਦਾ) ਨਾਂ ਸਪਤਸ੍ਰਿੰਗ ਕਿਹਾ ਜਾਣ ਲਗਿਆ ਜਿਥੇ ਪਾਂਡਵਾਂ ਨੇ ਰਾਜਯੋਗ ਦੀ ਸਾਧਨਾ ਕੀਤੀ ਸੀ। ਉਸ ਥਾਂ ਤੇ ਅਸੀਂ ਬਹੁਤ ਅਧਿਕ ਤਪਸਿਆ ਕੀਤੀ ਅਤੇ ਮਹਾਕਾਲ ਅਤੇ ਕਾਲਿਕਾ ਦੀ ਆਰਾਧਨਾ ਕੀਤੀ।੨।

ਤੁਹੀ ਜੋਗ ਮਾਯਾ ਤੁਹੀ ਬਾਕਬਾਨੀ। ਤੁਹੀ ਆਪੁ ਰੂਪਾ ਤੁਹੀ ਸ੍ਰੀ ਭਵਾਨੀ। ਤੁਹੀ ਬਿਸਨ ਤੂ ਬ੍ਰਹਮ ਤੂ ਰੁਦ੍ਰ ਰਾਜੈ। ਤੁਹੀ ਬਿਸਸ਼ ਮਾਤਾ ਸਦਾ ਜੈ ਬਿਰਾਜੈ।੨। (ਬਚਿਤ੍ਰ ਨਾਟਕ ਪੰਨਾ-809)

ਤੂੰ ਹੀ ਜੋਗ ਮਾਇਆ, ਤੂੰ ਹੀ ਸਰਸਵਤੀ, ਤੂੰ ਹੀ ਚੁਸਤ ("ਅਪੁ") ਰੂਪ ਵਾਲੀ ਅਤੇ ਤੂੰ ਹੀ ਸ੍ਰੀ ਭਵਾਨੀ ਹੈਂ। ਤੂੰ ਹੀ ਵਿਸ਼ਨੂ, ਬ੍ਰਹਮਾ ਅਤੇ ਰੁਦ੍ਰ (ਦੇ ਰੂਪ ਵਿਚ) ਸੁਭਾਇਮਾਨ ਹੈਂ। ਤੂੰ

ਹੈ ਉਹ (ਵਧ ਤੋਂ ਵਧ ਜੋ ਕੁਝ ਹਾਸਲ ਕਰ ਸਕਦਾ ਹੈ ਇਹ ਹੈ ਕਿ ਸ਼ਿਵ ਦਾ ਰੂਪ ਲੈ ਕੇ, ਸ਼ਿਵ ਦੀ ਸਵਾਰੀ) ਬਲਦ ਉੱਤੇ ਚੜ੍ਹਦਾ ਹੈ ਤੇ (ਸ਼ਿਵ ਵਾਂਗ) ਡਮਰੂ ਵਜਾਉਂਦਾ ਹੈ ।2।

ਜੋ ਮਨੁੱਖ ਪਾਰਬਤੀ ਦੀ ਪੂਜਾ ਕਰਦਾ ਹੈ ਉਹ ਮਨੁੱਖ ਤੋਂ ਜ਼ਨਾਨੀ ਬਣ ਕੇ ਜਨਮ ਲੈਂਦਾ ਹੈ (ਕਿਉਂਕਿ ਪੂਜਾ ਕਰਨ ਵਾਲਾ ਆਪਣੇ ਪੂਜਯ ਦਾ ਰੂਪ ਹੀ ਬਣ ਸਕਦਾ ਹੈ) ।3।

ਹੇ ਭਵਾਨੀ ! ਤੂੰ ਸਭ ਦਾ ਮੁੱਢ ਅਖਵਾਉਂਦੀ ਹੈਂ, ਪਰ (ਆਪਣੇ ਭਗਤਾਂ ਨੂੰ) ਮੁਕਤੀ ਦੇਣ ਵੇਲੇ ਤੂੰ ਭੀ, ਪਤਾ ਨਹੀਂ, ਕਿੱਥੇ ਲੁਕੀ ਰਹਿੰਦੀ ਹੈਂ (ਭਾਵ, ਮੁਕਤੀ ਭਵਾਨੀ ਪਾਸ ਭੀ ਨਹੀਂ ਹੈ) ।4।

ਹੀ ਵਿਸ਼ਵ ਮਾਤਾ (ਵਜੋਂ) ਸਦਾ ਵਿਜੇਈ (ਰੂਪ ਵਿਚ) ਬਿਰਾਜਮਾਨ ਹੈਂ।੨।

ਤੀਰਥਾਂ ਦੀ ਯਾਤਰਾ ਅਤੇ ਇਸ਼ਨਾਨ ਜਿਹੇ ਕਰਮਕਾਂਡ ਰੱਦ ਕੀਤੇ ਹਨ।

"ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥" (ਰਾਮਕਲੀ ਮਹਲਾ ੫, ਪੰਨਾ ੮੯੦)

(ਹੇ ਭਾਈ ! ਮਾਇਆ ਦੇ ਮੋਹ ਦੀ ਇਹ) ਮੈਲ ਤੀਰਥਾਂ ਉਤੇ ਇਸ਼ਨਾਨ ਕਰ ਕੇ ਨਹੀਂ ਉਤਰੇਗੀ । (ਤੀਰਥ-ਇਸ਼ਨਾਨ ਆਦਿਕ ਇਹ) ਸਾਰੇ (ਮਿਥੇ ਹੋਏ) ਧਾਰਮਿਕ ਕੰਮ ਹਉਮੈ ਦਾ ਖਿਲਾਰਾ ਹੀ ਹੈ ।

"ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥ ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰਿ ਤੀਰਥਿ ਨਾਇ ॥" (ਮ: ੩, ਪੰਨਾ ੫੮੭)

ਮਨੁੱਖ ਦੇ ਅੰਦਰ ਹੀ ਗਿਆਨ (ਰੂਪ) ਤੀਰਥ ਹੈ, (ਜਿਸ ਮਨੁੱਖ ਨੂੰ) ਸਤਿਗੁਰੂ ਨੇ (ਇਸ ਤੀਰਥ ਦੀ) ਸਮਝ ਬਖ਼ਸ਼ੀ ਹੈ ਉਹ ਮਨੁੱਖ ਨਾਮ-ਅੰਮ੍ਰਿਤ ਦੇ ਸਰੋਵਰ ਵਿਚ, ਅੰਮ੍ਰਿਤ ਦੇ ਤੀਰਥ ਤੇ ਨ੍ਹਾਉਂਦਾ ਹੈ, ਤੇ ਉਸ ਦਾ ਮਨ ਪਵਿੱਤ੍ਰ ਹੋ ਜਾਂਦਾ ਹੈ (ਮਨ ਦੀ

ਇਥੇ ਗੁਰੂ ਪਾਤਿਸ਼ਾਹ ਨੂੰ ਹੀ ਤੀਰਥਾਂ ਤੇ ਮੰਗਣ ਜਾਂਦਾ ਦੱਸਿਆ ਹੈ।

ਮੁਰ ਪਿਤ ਪੂਰਬਿ ਕੀਯਸਿ ਪਯਾਨਾ।ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ। ਜਬ ਹੀ ਜਾਤ ਤ੍ਰਿਬੈਣੀ ਭਏ। ਪੁੰਨ ਦਾਨ ਦਿਨ ਕਰਤ ਬਿਤਏ। (ਬਚਿਤ੍ਰ ਨਾਟਕ ਪੰਨਾ-59)

ਮੇਰੇ ਪਿਤਾ(ਭਾਵ ਗੁਰੂ ਤੇਗ ਬਹਾਦੁਰ) ਨੇ ਪੂਰਬ ਵਲ ਜਾਣਾ ਕੀਤਾ ਅਤੇ ਭਿੰਨ ਭਿੰਨ ਤੀਰਥਾਂ ਉਤੇ ਇਸ਼ਨਾਨ ਕੀਤਾ।ਜਦ ਉਹ ਤ੍ਰਿਵੇਣੀ (ਪ੍ਰਯਾਗ) ਪਹੁੰਚੇ ਤਾਂ ਉਥੇ ਪੁੰਨ -ਦਾਨ ਕਰਦਿਆਂ ਕਈ ਦਿਨ ਬਿਤਾ ਦਿੱਤੇ।

ਖੰਡ ਖੰਡ ਕੈ ਤੀਰਥ ਕਰਿਹੌਂ। ਬਾਰਿ ਅਨੇਕ ਆਗਿ ਮੈ ਬਰਿਹੌਂ। ਕਾਸੀ ਬਿਖੇ ਕਰਵਤਿਹਿ ਪੈਹੌਂ। ਢੂੰਢਿ ਮੀਤ ਤੇ ਕੌ ਤਊ ਲੈਹੌਂ। ੨੯। (ਬਚਿਤ੍ਰ ਨਾਟਕ ਪੰਨਾ-927)

(ਮੈਂ) ਸਾਰਿਆਂ ਖੰਡਾਂ ਦੇ ਤੀਰਥਾਂ ਤੇ ਜਾਵਾਂਗੀ। ਅਨੇਕ ਵਾਰ

ਵਿਕਾਰਾਂ ਦੀ) ਮੈਲ ਦੂਰ ਹੋ ਜਾਂਦੀ ਹੈ

ਮਾਤਾ ਪਿਤਾ ਦੇ ਸਬੰਧ ਬਿਨਾਂ ਕੋਈ ਨਹੀਂ ਜਨਮ ਲੈਂਦਾ।

"ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥ ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ ॥1॥" { ਮਾਰੂ ਮਹਲਾ ੧, ਪੰਨਾ ੧੦੧੩}

ਮਾਂ ਤੇ ਪਿਉ ਦੇ (ਸਰੀਰਕ) ਸੰਜੋਗ ਦੀ ਰਾਹੀਂ ਪਰਮਾਤਮਾ ਜੀਵ ਪੈਦਾ ਕਰਦਾ ਹੈ, ਮਾਂ ਦਾ ਲਹੂ ਤੇ ਪਿਉ ਦਾ ਵੀਰਜ ਮਿਲਣ ਤੇ ਪਰਮਾਤਮਾ (ਜੀਵ ਦਾ) ਸਰੀਰ ਬਣਾਂਦਾ ਹੈ । ਮਾਂ ਦੇ ਪੇਟ ਵਿਚ ਉਲਟੇ ਪਏ ਹੋਏ ਦੀ ਲਗਨ ਪ੍ਰਭੂ-ਚਰਨਾਂ ਵਿਚ ਲੱਗੀ ਰਹਿੰਦੀ ਹੈ । ਉਹ ਪਰਮਾਤਮਾ ਇਸ ਦੀ ਹਰ ਤਰ੍ਹਾਂ ਸੰਭਾਲ ਕਰਦਾ ਹੈ (ਤੇ ਲੋੜ ਅਨੁਸਾਰ ਪਦਾਰਥ) ਦੇਂਦਾ ਹੈ ।1।

ਮਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥ { ਮਾਰੂ ਮਹਲਾ ੧, ਪੰਨਾ ੧੦੨੨}

ਹੇ ਅਪਾਰ ਪ੍ਰਭੂ ! ਮਾਂ ਦਾ ਲਹੂ ਤੇ ਪਿਉ ਦਾ ਵੀਰਜ ਦੀ ਬੂੰਦ ਨੂੰ ਰਲਾ ਕੇ ਤੂੰ ਮਨੁੱਖ ਦਾ ਬੁੱਤ ਬਣਾ ਦਿੱਤਾ ਸੋਹਣੀ ਸ਼ਕਲ ਬਣਾ ਦਿੱਤੀ । ਹਰੇਕ ਜੀਵ ਦੇ ਅੰਦਰ ਤੇਰੀ ਹੀ ਜੋਤਿ ਹੈ, ਜਿਹੜੀ ਭੀ ਪਦਾਰਥਾਂ ਦੀ ਬਖ਼ਸ਼ਸ਼ ਹੈ ਸਭ ਤੇਰੀ ਹੀ ਹੈ, ਤੂੰ ਸਿਰਜਣਹਾਰ ਹਰ ਥਾਂ ਮੌਜੂਦ ਹੈਂ ।4।

ਜ਼ਾਤ-ਪਾਤ ਦੇ ਭੇਦ ਭਾਵ ਨੂੰ ਪੂਰਨ ਰੱਦ ਕੀਤਾ ਗਿਆ ਹੈ।

"ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ

ਅਗਨੀ ਵਿਚ ਸੜਾਂਗੀ। ਕਾਸ਼ੀ ਵਿਚ ਆਰੇ ਨਾਲ ਚਿਰਵਾਵਾਂਗੀ। ਹੇ ਮਿੱਤਰ! ਤੈਨੂੰ ਤਦ (ਜਾ ਕੇ) ਲਭ ਲਵਾਂਗੀ।੨੮।

ਹੱਥ ਰਗੜਨ ਨਾਲ ਬੱਚਾ ਜਨਮ ਲੈਂਦਾ ਹੈ।

ਕਰ ਬਾਮ ਮਾਤ੍ਰ ਸਮਾਨ। ਕਰੁ ਦਛਨੰਤ੍ਰ ਪ੍ਰਮਾਨ। ਕੀਆ ਪਾਨ ਭੋਗ ਬਿਚਾਰ। ਤਬ ਭਏ ਦਤ ਕੁਮਾਰ। ੩੪। (ਬਚਿਤ੍ਰ ਨਾਟਕ ਪੰਨਾ-637)

ਖੱਬਾ ਹੱਥ ਮਾਤਾ ਦੇ ਸਮਾਨ ਹੈ ਅਤੇ ਸੱਜਾ ਹੱਥ ਪਿਤਾ (ਅਤ੍ਰੀ) ਰੂਪ ਵਿਚ ਮੰਨਣਾ ਚਾਹੀਦਾ ਹੈ। (ਜਦ ਇਸਤਰੀ ਨੇ) ਹੱਥਾਂ ਦਾ ਭੋਗ ਕੀਤਾ (ਅਰਥਾਤ੍ ਹੱਥ ਨਾਲ ਹੱਥ ਰਗੜਿਆ) ਤਾਂ ਦੱਤ ਪੁੱਤਰ ਪੈਦਾ ਹੋਇਆ।੩੪।

ਪਸੀਨਾ ਧਰਤੀ ਤੇ ਡਿੱਗਣ ਨਾਲ ਇਨਸਾਨ ਜੰਮ ਪੈਂਦਾ ਹ

ਬਹੁਰਿ ਕਾਲ ਕੀਨਾ ਘਮਸਾਨਾ। ਮਾਰਤ ਭਯੋ ਦੈਤ ਬਿਧਿ ਨਾਨਾ। ਅਧਿਕ ਪ੍ਰਸੇਤ ਧਰਨਿ ਪਰ ਪਰਿਯੋ। ਭੂਮ ਸੈਨ ਤਾ ਤੇ ਬਪੁ ਧਰਿਯੋ। ੧੧੨। (ਬਚਿਤ੍ਰ ਨਾਟਕ ਪੰਨਾ-1367)

ਕਾਲ ਨੇ ਫਿਰ ਘਮਸਾਨ ਯੁੱਧ ਕੀਤਾ ਅਤੇ ਅਨੇਕ ਤਰ੍ਹਾਂ ਨਾਲ ਦੈਂਤਾਂ ਨੂੰ ਮਾਰ ਦਿੱਤਾ। (ਜਦ ਮਹਾ ਕਾਲ ਦਾ) ਹੋਰ ਪਸੀਨਾ ਧਰਤੀ ਉਤੇ ਪਿਆ, ਤਾਂ ਉਸ ਤੋਂ ਭੂਮ ਸੈਨ ਨੇ ਸ਼ਰੀਰ ਧਾਰਨ ਕੀਤਾ।੧੧੨।

ਜ਼ਾਤ-ਪਾਤ ਨੂੰ ਉਭਾਰਿਆ ਗਿਆ ਹੈ।

ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ॥ ਅਰੁ

ਵਿਕਾਰਾ ॥"

{ਰਾਗੁ ਭੈਰਉ ਮਹਲਾ ੩, ਪੰਨਾ ੧੧੨੮}

ਹੇ ਮੂਰਖ । ਹੇ ਗੰਵਾਰ । (ਉੱਚੀ) ਜਾਤਿ ਦਾ ਮਾਣ ਨਾਹ ਕਰ । ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿਚ) ਕਈ ਵਿਗਾੜ ਚੱਲ ਪੈਂਦੇ ਹਨ ।

ਇਸਤ੍ਰੀ ਨੂੰ ਆਦਮੀ ਬਰਾਬਰ ਅਧਿਕਾਰ ਅਤੇ ਸਤਿਕਾਰ ਹੈ।

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥" {ਮਃ ੧, ਪੰਨਾ ੪੭੩}

ਇਸਤ੍ਰੀ ਤੋਂ ਜਨਮ ਲਈਦਾ ਹੈ, ਇਸਤ੍ਰੀ (ਦੇ ਪੇਟ) ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ । ਇਸਤ੍ਰੀ ਦੀ (ਹੀ) ਰਾਹੀਂ ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤ੍ਰੀ ਦੀ ਰਾਹੀਂ (ਹੋਰ ਲੋਕਾਂ ਨਾਲ) ਸੰਬੰਧ ਬਣਦਾ ਹੈ । ਤੇ ਇਸਤ੍ਰੀ ਤੋਂ ਹੀ (ਜਗਤ ਦੀ ਉਤਪੱਤੀ ਦਾ) ਰਸਤਾ ਚੱਲਦਾ ਹੈ । ਜੇ ਇਸਤ੍ਰੀ ਮਰ ਜਾਏ ਤਾਂ ਹੋਰ ਇਸਤ੍ਰੀ ਦੀ ਭਾਲ ਕਰੀਦੀ ਹੈ, ਇਸਤ੍ਰੀ ਤੋਂ ਹੀ (ਹੋਰਨਾਂ ਨਾਲ) ਰਿਸ਼ਤੇਦਾਰੀ ਬਣਦੀ ਹੈ । ਜਿਸ ਇਸਤ੍ਰੀ (ਜਾਤੀ) ਤੋਂ ਰਾਜੇ (ਭੀ) ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ।

ਅਕਾਲ-ਪੁਰਖੁ ਅਤੇ ਗੁਰੂ ਅਭੁਲ ਹਨ।

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥"

ਅਉਰ ਜੰਜਾਰ ਜਿਤੋ ਗ੍ਰਿਹਿ ਕੋ ਤੁਹਿ ਤਿਆਗਕਹਾ ਚਿਤ ਤਾ ਮੈ ਧਰੋ॥ (ਬਚਿਤ੍ਰ ਨਾਟਕ ਪੰਨਾ-1367)

ਮੈ ਛਤ੍ਰੀ ਦਾ ਪੁੱਤਰ ਹਾਂ ਬ੍ਰਾਹਮਣ ਦਾ(ਪੁਤਰ) ਨਹੀਂ ਹਾਂ, ਮੈਨੂੰ ਤਪ ਕਰਨਾ ਕਿਥੇ ਆਉਂਦਾ ਹੈ, ਜੋ ਕਰਾਂ।ਅਤੇ ਹੋਰ ਘਰ ਦੇ ਜਿਤਨੇ ਜੰਜਾਲ ਹਨ, ਤੁਹਾਨੂੰ ਤਿਆਗ ਕੇ ਕੀਹ ਚਿਤ ਉਨ੍ਹਾਂ ਵਿਚ ਧਰਾਂ।

ਇਸਤ੍ਰੀ ਨੂੰ ਅਤਿ ਅਪਮਾਨਤ ਕੀਤਾ ਗਿਆ ਹੈ।

ਤਰੁਨਿਨ ਕਰ ਹਿਜਰੋ ਨਹਿ ਦੀਜੈ। ਤਿਨ ਕੋ ਚੋਰਿ ਸਦਾ ਚਿਤ ਲੀਜੈ। ਤ੍ਰਿਯ ਕੋ ਕਛੂ ਬਿਸਸ਼ਾਸ ਨ ਕਰਿਯੈ। ਤ੍ਰਿਯ ਚਰਿਤ੍ਰ ਤੇ ਜਿਯ ਅਤਿ ਡਰਿਯੈ। ੨੦। ੧। (ਬਚਿਤ੍ਰ ਨਾਟਕ ਪੰਨਾ-1171)

ਇਸਤਰੀ ਨੂੰ ਕਦੇ ਦਿਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਦਾ ਦਿਲ ਸਦਾ ਚੁਰਾ (ਜਰੂਰ)ਲੈਣਾ ਚਾਹੀਦਾ ਹੈ। ਇਸਤਰੀ ਉਪਰ ਕਦੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਹੈ। ਇਸਤਰੀ ਦੇ ਚਰਿਤ੍ਰ ਤੋਂ ਸਦਾ ਮਨ ਵਿਚ ਡਰਨਾ ਚਾਹੀਦਾ ਹੈ।

ਇਨ ਇਸਤ੍ਰਿਨ ਕੇ ਚਰਿਤ ਅਪਾਰਾ। ਸਜਿ ਪਛੁਤਾਨੱਯੋ ਇਨ ਕਰਤਾਰਾ। ੨੫। ੧। (ਬਚਿਤ੍ਰ ਨਾਟਕ ਪੰਨਾ-1278)

ਇਨ੍ਹਾਂ ਇਸਤਰੀਆਂ ਦੇ ਚਰਿਤ੍ਰ ਅਪਾਰ ਹਨ। ਇਨ੍ਹਾਂ ਨੂੰ ਸਿਰਜ ਕੇ ਕਰਤਾਰ (ਵਿਧਾਤਾ) ਵੀ ਪਛਤਾਇਆ ਹੈ।੨੫।

ਬਚਿਤ੍ਰ ਨਾਟਕ ਦਾ ਲਿਖਾਰੀ ਭੁਲਣਹਾਰ ਹੈ।

ਕ੍ਰਿਸਨ ਜਥਾ ਮਤਿ ਚਰਿਤ੍ਰ ਉਚਾਰੋ। ਚੂਕ ਹੋਇ ਕਬਿ ਲੇਹੁ

{ਸਿਰੀ ਰਾਗੁ ਮਹਲਾ ੧, ਪੰਨਾ ੬੧}

ਹਰੇਕ ਜੀਵ ਗ਼ਲਤੀ ਖਾ ਜਾਂਦਾ ਹੈ, ਸਿਰਫ਼ ਗੁਰੂ ਹੈ ਤੇ ਕਰਤਾਰ ਹੈ ਜੋ (ਨਾਹ ਮਾਇਆ ਦੇ ਅਸਰ ਹੇਠ ਆਉਂਦਾ ਹੈ, ਤੇ) ਨਾਹ ਗ਼ਲਤੀ ਖਾਂਦਾ ਹੈ ।

"ਭੂਲੇ ਕਉ ਗੁਰਿ ਮਾਰਗਿ ਪਾਇਆ ॥ ਅਵਰ ਤਿਆਗਿ ਹਰਿ ਭਗਤੀ ਲਾਇਆ ॥ ਜਨਮ ਮਰਨ ਕੀ ਤ੍ਰਾਸ ਮਿਟਾਈ ॥ ਗੁਰ ਪੂਰੇ ਕੀ ਬੇਅੰਤ ਵਡਾਈ ॥2॥"

{ਗੋਂਡ ਮਹਲਾ ੫, ਪੰਨਾ ੮੬੪}

ਹੇ ਭਾਈ । ਪੂਰੇ ਗੁਰੂ ਦੀ ਵਡਿਆਈ ਦਾ ਅੰਤ ਨਹੀਂ ਪੈ ਸਕਦਾ । ਕੁਰਾਹੇ ਜਾ ਰਹੇ ਮਨੁੱਖ ਨੂੰ ਗੁਰੂ ਨੇ (ਹੀ ਸਹੀ ਜੀਵਨ ਦੇ) ਰਸਤੇ ਉਤੇ (ਸਦਾ) ਪਾਇਆ ਹੈ, ਹੋਰ (ਦੇਵੀ ਦੇਵਤਿਆਂ ਦੀ ਭਗਤੀ) ਛੁਡਾ ਕੇ ਪਰਮਾਤਮਾ ਦੀ ਭਗਤੀ ਵਿਚ ਜੋੜਿਆ ਹੈ (ਤੇ, ਇਸ ਤਰ੍ਹਾਂ ਉਸ ਦੇ ਅੰਦਰੋਂ) ਜਨਮ ਮਰਨ ਦੇ ਗੇੜ ਦਾ ਸਹਿਮ ਮੁਕਾ ਦਿੱਤਾ ਹੈ ।2।

ਸੁਧਾਰੋ। ੪੪੦। ਇਤਿ ਸ੍ਰੀ ਦੇਵੀ ਉਸਤਤਿ ਸਮਾਪਤੰ। (ਬਚਿਤ੍ਰ ਨਾਟਕ ਪੰਨਾ-310)

ਜਿਸ ਤਰ੍ਹਾਂ ਦੀ ਬੁੱਧੀ ਹੈ, ਉਸ ਅਨੁਰੂਪ ਕ੍ਰਿਸ਼ਨ ਦੇ ਚਰਿਤ੍ਰ ਦਾ ਉੱਚਾਰਨ ਕਰਦਾ ਹਾਂ। ਹੇ ਕਵੀਓ (ਕਿਤ) ਗ਼ਲਤੀ ਹੋਵੇ ਤਾਂ ਸੁਧਾਰ ਲੈਣਾ।੪੪੦।ਇਥੇ ਸ੍ਰੀ ਦੇਵੀ ਦੀ ਉਸਤਤ ਦੀ ਸਮਾਪਤੀ।

ਖੜਗ ਪਾਨਿ ਕੀ ਕ੍ਰਿਪਾ ਤੇ ਪੋਥੀ ਰਚੀ ਬਿਚਾਰਿ। ਭੂਲਿ ਹੋਇ ਜਹ ਤਹ ਸੁ ਕਬਿ ਪੜਿਅਹੁ ਸਭੈ ਸੁਧਾਰਿ।੮੮੪। (ਬਚਿਤ੍ਰ ਨਾਟਕ ਪੰਨਾ-386)

ਜਿਸ ਦੇ ਹੱਥ ਵਿਚ ਤਲਵਾਰ ਹੈ (ਖੜਗ ਪਾਨ), (ਉਸ ਦੀ) ਕ੍ਰਿਪਾ ਨਾਲ ਵਿਚਾਰ ਪੂਰਵਕ ਪੋਥੀ ਰਚੀ ਹੈ। ਜਿਥੇ ਕਿਥੇ ਭੁਲ ਰਹਿ ਗਈ ਹੋਵੇ, ਉਸ ਸੱਭ ਨੂੰ ਹੇ ਕਵੀਓ ਸੋਧ ਕੇ ਪੜ੍ਹਨਾ।੮੮੪।

ਸਿੱਖ ਕੌਣ ਹੈ ?

"ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥" {ਸੋਰਠਿ ਮਹਲਾ ੩, ਪੰਨਾ ੬੦੧}

ਹੇ ਭਾਈ ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜੇਹੜਾ ਗੁਰੂ ਦੀ ਰਜ਼ਾ ਵਿਚ ਤੁਰਦਾ ਹੈ । ਪਰ, ਜੇਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੁਰਦਾ ਹੈ, ਉਹ ਪ੍ਰਭੂ ਤੋਂ ਵਿੱਛੁੜ ਕੇ ਦੁਖ ਸਹਾਰਦਾ ਹੈ ।

(ਸਿੱਖੀ ਵਿੱਚ ਦਾਖਲੇ ਲਈ ਖੰਡੇ-ਬਾਟੇ ਦੀ ਪਾਹੁਲ ਜਰੂਰੀ ਹੈ)

ਮਹਾਂਕਾਲ ਦਾ ਸਿੱਖ ਬਣਨ ਦਾ ਤਰੀਕਾ।

ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਇ॥
ਮਹਾਂਕਾਲ ਕੋ ਸਿੱਖਜ ਕਰਿ ਮਦਿਰਾ ਭਾਂਗ ਪਿਵਾਇ॥125॥ (ਬਚਿਤ੍ਰ ਨਾਟਕ ਪੰਨਾ-1210)

ਇਸ ਛਲ ਨਾਲ (ਰਾਜਕੁਮਾਰੀ) ਨੇ ਬ੍ਰਾਹਮਨ ਨੂੰ ਛਲ ਲਿਆ ਅਤੇ ਪੱਥਰ ਨੂੰ ਰੋੜ੍ਹ ਦਿੱਤਾ।(ਉਸ ਨੇ) ਸ਼ਰਾਬ ਅਤੇ ਭੰਗ ਪਿਆ ਕੇ ਮਹਾਕਾਲ ਦਾ ਸਿੱਖ ਬਣਾ ਦਿਤਾ।

(ਮਹਾਂਕਾਲ ਦਾ ਸਿੱਖ ਬਣਨ ਲਈ ਭੰਗ ਅਤੇ ਸ਼ਰਾਬ ਦਾ ਸੇਵਨ ਕਰਨਾ ਪੈਂਦਾ ਹੈ)

"ਬਜਰ ਕੁਰਹਿਤਾਂ"

1. ਕੇਸਾਂ ਦੀ ਬੇਅਦਬੀ ਨਹੀਂ ਕਰਨੀ।

"ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥" {ਗੂਜਰੀ ਮਹਲਾ ੫, ਪੰਨਾ ੫੦੦}

ਆਪਣੇ ਕੇਸਾਂ ਨਾਲ ਮੈਂ ਤੇਰੇ ਸੇਵਕਾਂ ਦੇ ਪੈਰ ਝਾੜਦਾ ਰਹਾਂ—ਬੱਸ । ਇਹ ਹੀ ਮੇਰੇ ਮਨ ਦੀ ਤਾਂਘ ਹੈ।

"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ॥12॥" {ਮਾਰੂ ਮਹਲਾ ੫, ਪੰਨਾ ੧੦੮੪}

ਹੇ ਅੱਲਾ ਦੇ ਬੰਦੇ ! (ਵਿਕਾਰਾਂ ਵਿਚ) ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਜਤਨ ਕਰ—ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ । (ਸੁੰਨਤਿ, ਲਬਾਂ ਕਟਾਣ ਆਦਿਕ ਸ਼ਰਹ ਨੂੰ ਛੱਡ ਕੇ) ਆਪਣੀ ਸ਼ਕਲ ਨੂੰ ਜਿਉਂ ਕਾ ਤਿਉਂ ਰੱਖ—ਇਹ (ਲੋਕ ਪਰਲੋਕ ਵਿਚ) ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ ।12।

ਵਾਲ ਕੱਟਣ ਦੀ ਨਸੀਹਤ ਅਤੇ ਤਰੀਕੇ।

ਰੋਮਾਂਤਕ ਤੁਮ ਪ੍ਰਥਮ ਲਗਾਵੋ। ਸਕਲ ਤ੍ਰਿਯਾ ਕੋ ਭੇਸ ਛਕਾਵੋ। ਜਬ ਤੁਮ ਕੋ ਰਾਜਾ ਲਖਿ ਪੈਹੈ। ਤੁਰਤੁ ਮਦਨ ਕੇ ਬਸਿ ਹਸ਼ੈ ਜੈਹੈ। ੧੪। ਜਾਰ ਕੇਸ ਸਭ ਦੂਰਿ ਕਰਾਏ। ਭੂਖਨ ਅੰਗ ਅਨੂਪ ਸੁਹਾਏ। ਜਾਇ ਦਰਸ ਰਾਜਾ ਕੋ ਦਿਯੋ। ਨ੍ਰਿਪ ਕੋ ਮੋਹਿ ਆਤਮਾ ਲਿਯੋ। ੧੫। (ਬਚਿਤ੍ਰ ਨਾਟਕ ਪੰਨਾ-1010)

(ਰਾਣੀ ਨੇ ਉਸ ਨੂੰ ਸਮਝਾਇਆ ਕਿ) ਤੂੰ ਪਹਿਲਾਂ ਰੋਮ ਨਾਸਨੀ ਲਗਾ ਅਤੇ ਸਾਰਾ ਇਸਤਰੀ ਦਾ ਸਰੂਪ ਬਣਾ। ਜਦ ਰਾਜਾ ਤੈਨੂੰ (ਇਸਤਰੀ ਰੂਪ) ਵਿਚ ਵੇਖ ਲਏਗਾ ਤਾਂ ਤੁਰਤ ਕਾਮ ਦੇ ਵਸ ਵਿਚ ਹੋ ਜਾਏ ਗਾ।੧੪। ਯਾਰ ਨੇ ਸਾਰੇ ਵਾਲ ਸਾਫ਼ ਕਰ ਦਿੱਤੇ। ਸ਼ਰੀਰ ਉੱਤੇ ਅਨੂਪਮ ਗਹਿਣੇ ਸਜਾ ਲਏ। ਜਾ ਕੇ ਰਾਜੇ ਨੂੰ ਵਿਖਾਲੀ ਦਿੱਤੀ। ਰਾਜੇ ਦੀ ਆਤਮਾ ਨੂੰ ਮੋਹ ਲਿਆ।੧੫।

ਤੇਜ ਅਸਤੁਰਾ ਏਕ ਮੰਗਾਯੋ। ਨਿਜ ਕਰ ਗਹਿ ਕੈ ਰਾਵ ਚਲਾਯੋ।ਤਾ ਕੀ ਮੂੰਡਿ ਝਾਂਟਿ ਸਭ ਡਾਰੀ। ਦੈ ਕੈ ਹਸੀ ਚੰਚਲਾ ਤਾਰੀ ।੧੦। (ਬਚਿਤ੍ਰ ਨਾਟਕ ਪੰਨਾ-1082)

(ਰਾਜੇ ਨੇ) ਇਕ ਤੇਜ ਉਸਤਰਾ ਮੰਗਵਾਇਆ ਅਤੇ ਰਾਜੇ ਨੇ ਆਪਣੇ ਹਥ ਵਿੱਚ ਲੈਕੇ ਚਲਾਇਆ। ਉਸਦੀ ਸਾਰੀ ਝਾਂਟ ਮੁੰਨ ਦਿੱਤੀ। ਇਸਤਰੀ ਤਾੜੀ ਮਾਰ ਕੇ ਹਸੀ।

2. ਨਸ਼ਿਆਂ ਦਾ ਸੇਵਨ ਨਹੀਂ ਕਰਨਾ।

"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ

ਨਸ਼ੇ ਕਰਨ ਦੀ ਵਕਾਲਤ।

ਜੋ ਅਮਲਨ ਕਹ ਖਾਇ ਖਤਾ ਕਬਹੂੰ ਨਹਿ ਖਾਵੇ।

ਮੂੰਡਿ ਅਵਰਨਹਿ ਜਾਹਿ ਆਪੁ

ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥" (ਸਲੋਕ ਮਃ ੩, ਪੰਨਾ ੫੫੪)

ਸ਼ਰਾਬ ਆਦਿਕ ਕੁਕਰਮ ਜਿਸ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਬਕਣ ਦਾ ਜੋਸ਼ ਆ ਚੜ੍ਹਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਮਾਲਕ ਵੱਲੋਂ ਧੱਕੇ ਪੈਂਦੇ ਹਨ, ਜਿਸ ਦੇ ਪੀਤਿਆਂ ਖਸਮ ਵਿਸਰਦਾ ਹੈ ਤੇ ਦਰਗਾਹ ਵਿਚ ਸਜ਼ਾ ਮਿਲਦੀ ਹੈ, ਐਸਾ ਚੰਦਰੀ ਸ਼ਰਾਬ, ਕਦੇ ਨਹੀਂ ਪੀਣੀ ਚਾਹੀਦੀ ।

"ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥"

(ਮਰਦਾਨਾ ੧, ਪੰਨਾ ੫੫੩)

ਹੇ ਨਾਨਕ ! ਇਸ ਸ਼ਰਾਬ ਦੇ ਪੀਤਿਆਂ ਬਹੁਤੇ ਵਿਕਾਰ ਖੱਟੇ ਜਾਂਦੇ ਹਨ। ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥

"ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥" (ਆਸਾ ਮਹਲਾ ੫, ਪੰਨਾ ੩੯੯)

ਜੋ ਮਨੁੱਖ ਇਹ ਸ਼ਰਾਬ ਪੀਣ ਲੱਗ ਪੈਂਦੇ ਹਨ, ਉਹ ਦੁਰਾਚਾਰੀ ਹੋ ਜਾਂਦੇ ਹਨ ਉਹ (ਵਿਕਾਰਾਂ ਵਿਚ) ਝੱਲੇ ਹੋ ਜਾਂਦੇ ਹਨ । ਪਰ, ਹੇ ਨਾਨਕ ! ਜੇਹੜੇ ਮਨੁੱਖ ਪਰਮਾਤਮਾ ਦੇ ਨਾਮ ਦੇ ਸ੍ਰੇਸ਼ਟ ਰਸ ਵਿਚ ਮਸਤ ਰਹਿੰਦੇ ਹਨ ਉਹਨਾਂ ਨੂੰ ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਦਾ ਅਮਲ ਲੱਗ ਜਾਂਦਾ ਹੈ ।

3. ਪਰ ਇਸਤ੍ਰੀ,ਪਰ ਪੁਰਸ਼ ਦਾ ਸੰਗ ਨਹੀਂ ਕਰਨਾ।

"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥" (ਗਉੜੀ ਸੁਖਮਨੀ ਮਃ ੫, ਪੰਨਾ ੨੭੪)

ਪਰਾਈ ਇਸਤ੍ਰੀ ਦੇ ਹੁਸਨ ਨੂੰ

ਕਬਹੂੰ ਨ ਮੁੰਡਾਵੈ। ਚੰਚਲਾਨ ਕੋ ਚਿਤ ਚੋਰ ਛਿਨ ਇਕ ਮਹਿ ਲੇਹੀ। ਭਾਤਿ ਭਾਤਿ ਭਾਮਿਨਨਿ ਭੋਗ ਭਾਵਤ ਮਨ ਦੇਹੀ। ੨੩।

(ਬਚਿਤ੍ਰ ਨਾਟਕ ਪੰਨਾ-1161)

ਜੋ (ਲੋਕ) ਅਮਲ ਖਾਂਦੇ ਹਨ, ਉਹ ਕਦੇ ਵੀ ਗ਼ਲਤੀ ਨਹੀਂ ਕਰਦੇ। ਉਹ ਹੋਰਾਂ ਨੂੰ ਛਲ ਲੈਂਦੇ ਹਨ, ਪਰ ਆਪ ਛਲੇ ਨਹੀਂ ਜਾਂਦੇ। (ਉਹ) ਇਕ ਛਿਣ ਵਿਚ ਇਸਤਰੀ ਦਾ ਚਿਤ ਚੁਰਾ ਲੈਂਦੇ ਹਨ। (ਉਹ) ਇਸਤਰੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਮਨ ਭਾਉਂਦੇ ਰਤੀਦਾਨ ਦਿੰਦੇ ਹਨ।੨੩।

ਪੋਸਤ ਭਾਗ ਅਫੀਮ ਬਹੁਤ ਲੀਜੈ ਤੁਰਤ ਮੰਗਾਇ। ਨਿਜੁ ਕਰ ਮੋਹਿ ਪਿਵਾਇਯੈ ਹ੍ਰਿਦੈ ਹਰਖ ਉਪਜਾਇ। ੩੮। ਤੁਮ ਮਦਰਾ ਪੀਵਹੁ ਘਨੋ ਹਮੈ ਪਿਵਾਵਹੁ ਭੰਗ। ਚਾਰਿ ਪਹਰ ਕੌ ਮਾਨਿਹੋਂ ਭੋਗਿ ਤਿਹਾਰੇ ਸੰਗ।੩੯।(ਬਚਿਤ੍ਰ ਨਾਟਕ ਪੰਨਾ-832)

(ਤੂੰ) ਬਹੁਤ ਸਾਰੀ ਪੋਸਤ, ਭੰਗ, ਅਫ਼ੀਮ ਤੁਰਤ ਮੰਗਵਾ ਲੈ। ਹਿਰਦੇ ਵਿਚ ਪ੍ਰਸੰਨ ਹੋ ਕੇ ਮੈਨੂੰ ਆਪਣੇ ਹੱਥ ਨਾਲ (ਭੰਗ ਆਦਿ) ਪਿਲਾ ਦੇ।੩੮। ਤੂੰ ਬਹੁਤ ਅਧਿਕ ਸ਼ਰਾਬ ਪੀ ਅਤੇ ਮੈਨੂੰ ਭੰਗ ਪਿਵਾ। (ਤਾਂ ਜੋ ਮੈਂ) ਤੇਰੇ ਨਾਲ ਚਾਰ ਪਹਿਰ ਤਕ ਕਾਮਕ੍ਰੀੜਾ ਕਰ ਸਕਾਂ।੩੯।

ਕਈ ਪਰਾਏ ਇਸਤ੍ਰੀ-ਪੁਰਸ਼ਾਂ ਨਾਲ ਸਬੰਧ ਬਣਾਉਣ ਦੀ ਵਕਾਲਤ।

ਕਾਮਾਤੁਰ ਹ੍ਵੈ ਜੋ ਤਰੁਨਿ ਆਵਤ ਪਿਯ ਕੇ ਪਾਸ।ਮਹਾ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ। ੨੩। ਤਨ ਅਨੰਗ ਜਾ ਕੇ ਜਗੈ ਤਾਹਿ ਨ ਦੈ ਰਤਿ ਦਾਨ।

ਆਪਣੀਆਂ ਵਿਕਾਰੀ ਅੱਖਾਂ ਨਾਲ ਨਹੀਂ ਤੱਕਣਾ।

"ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ ਸੰਨ੍ਹੀ ਦੇਨਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥" {ਪਉੜੀ ੫, ਪੰਨਾ ੩੧੫}

ਅੰਦਰਲੇ ਥਾਈਂ ਲੁਕ ਕੇ ਪਰਾਈਆਂ ਇਸਤ੍ਰੀਆਂ ਵਲ ਤੱਕਦੇ ਹਨ, ਔਖੇ ਥਾਈਂ ਸੰਨ੍ਹ ਲਾਉਂਦੇ ਹਨ ਤੇ ਸ਼ਰਾਬ ਨੂੰ ਮਿੱਠਾ ਕਰ ਕੇ ਮਾਣਦੇ ਹਨ । (ਅੰਤ ਨੂੰ) ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਆਪ ਹੀ ਪਛਤਾਉਂਦੇ ਹਨ, (ਕਿਉਂਕਿ) ਮੌਤ ਦਾ ਫ਼ਰਿਸ਼ਤਾ ਮਾੜੇ ਕੰਮ ਕਰਨ ਵਾਲਿਆਂ ਨੂੰ ਇਉਂ ਪੀੜਦਾ ਹੈ ਜਿਵੇਂ ਘਾਣੀ ਵਿਚ ਤਿਲ।

"ਢੂਢੇਦੀਏ ਸੁਹਾਗ ਕੂ, ਤਉ ਤਨਿ ਕਾਈ ਕੋਰ ॥ ਜਿਨ੍ਹਾ ਨਾਉ ਸੁਹਾਗਣੀ, ਤਿਨ੍ਹਾ ਝਾਕ ਨ ਹੋਰ ॥" {ਸਲੋਕ ਸੇਖ ਫਰੀਦ ਕੇ, ਪੰਨਾ 1384}

ਸੁਹਾਗ ਨੂੰ ਭਾਲਣ ਵਾਲੀਏ ਤੇਰੇ ਆਪਣੇ ਅੰਦਰ ਹੀ ਕੋਈ ਕਸਰ ਹੈ । ਜਿਨ੍ਹਾਂ ਦਾ ਨਾਮ 'ਸੋਹਾਗਣਾਂ' ਹੈ ਉਹਨਾਂ ਦੇ ਅੰਦਰ ਕੋਈ ਹੋਰ ਟੇਕ ਨਹੀਂ ਹੁੰਦੀ ।

ਤਵਨ ਪੁਰਖ ਕੋ ਡਾਰਿਯਤ ਜਹਾ ਨਰਕ ਕੀ ਖਾਨਿ। ੨੪।

(ਬਚਿਤ੍ਰ ਨਾਟਕ ਪੰਨਾ-831)

ਕਾਮ ਨਾਲ ਪੀੜਿਤ ਹੋ ਕੇ ਜੋ ਇਸਤਰੀ ਪ੍ਰਿਯ ਦੇ ਕੋਲ ਆਉਂਦੀ ਹੈ। (ਜੇ ਪ੍ਰਿਯ) ਉਸ ਨੂੰ ਨਿਰਾਸ ਜਾਣ ਦੇਵੇ ਤਾਂ ਉਸ ਨੂੰ ਮਹਾ ਨਰਕ ਵਿਚ ਸੁੱਟ ਦਿੱਤਾ ਜਾਵੇ।੨੩। ਜਿਸ (ਇਸਤਰੀ) ਦੇ ਸ਼ਰੀਰ ਵਿਚ ਜੇ ਕਾਮ ਜਾਗਿਆ ਹੋਵੇ, ਉਸ ਨੂੰ (ਜੋ ਪੁਰਸ਼) ਪ੍ਰੇਮ ਦਾ ਦਾਨ ਨਹੀਂ ਦਿੰਦਾ, ਉਸ ਪੁਰਸ਼ ਨੂੰ ਉਥੇ ਸੁਟਿਆ ਜਾਏ ਜਿਥੇ ਨਰਕ ਦੀ ਖਾਣ ਹੈ।੨੪।

ਬਹੁ ਪੁਰਖਨ ਸੋ ਬਾਲ ਸਦਾ ਰਤਿ ਮਾਨਈ।ਕਾਹੂ ਕੀ ਨਹਿ ਲਾਜ ਹ੍ਰਿਦੈ ਮੈ ਆਨਈ।ਸੈਯਦ ਸੇਖ ਪਠਾਨ ਮੁਗਲ ਬਹੁ ਆਵਈ।ਹੋ ਤਾ ਸੋ ਭੋਗ ਕਮਾਇ ਬਹੁਰਿ ਘਰ ਜਾਵਈ। 3. (ਬਚਿਤ੍ਰ ਨਾਟਕ ਪੰਨਾ-820)

(ਉਹ) ਇਸਤਰੀ ਬਹੁਤ ਪੁਰਸ਼ਾਂ ਨਾਲ ਸਦਾ ਕਾਮ੍ਰਕ੍ਰੀੜਾ ਕਰਦੀ ਸੀ। ਹਿਰਦੇ ਵਿਚ ਕਿਸੇ ਦੀ ਵੀ ਸ਼ਰਮ ਹਯਾ ਨਹੀਂ ਲਿਆਉਂਦੀ ਸੀ। (ਉਸ ਪਾਸ) ਸੱਯਦ, ਸ਼ੇਖ, ਪਠਾਨ ਅਤੇ ਮੁਗ਼ਲ ਬਹੁਤ ਆਉਂਦੇ ਸਨ ਅਤੇ ਉਸ ਨਾਲ ਭੋਗ ਵਿਲਾਸ ਕਰ ਕੇ ਫਿਰ ਘਰ ਪਰਤਦੇ ਸਨ।੩।

ਭਾਗ:ਸ

ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਅਗੰਮੀ ਸ਼ਖਸੀਅਤ ਨੂੰ ਖਰਾਬ ਕਰਨ ਦੀ ਕੋਝੀ ਕੋਸ਼ਿਸ਼:

ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਇਕ ਨਿਰਮਲ ਜੀਵਨ ਜੀਉਣ ਲਈ ਪ੍ਰੇਰਦੀ ਹੋਈ, ਸਮਝਾਉਂਦੀ ਹੈ, ਕਿ ਕਦੇ ਕਿਸੇ ਦਾ ਪਰਾਇਆ ਹੱਕ ਨਹੀਂ ਮਾਰਨਾ ਅਤੇ ਕਿਸੇ ਪਰਾਈ ਵਸਤੂ ਵਲ ਨਹੀਂ ਵੇਖਣਾ। ਗੁਰਬਾਣੀ ਦਾ ਉਪਦੇਸ਼ ਹੈ:

"ਵਸਤੁ ਪਰਾਈ ਅਪੁਨੀ ਕਰਿ ਜਾਨੈ, ਹਉਮੈ ਵਿਚਿ ਦੁਖੁ ਘਾਲੇ ॥"

{ਮ: ੧, ਪੰਨਾ ੧੩੯}

ਹਉਮੈ ਵਿਚ ਦੁੱਖ ਸਹਾਰਦਾ ਹੈ ਕਿਉਂਕਿ ਪਰਾਈ ਵਸਤ ਨੂੰ ਆਪਣੀ ਸਮਝ ਬੈਠਦਾ ਹੈ ।

"ਹਕੁ ਪਰਾਇਆ ਨਾਨਕਾ, ਉਸ ਸੂਅਰੁ ਉਸ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥" {ਮ: ੧, ਪੰਨਾ ੧੪੧}

ਹੇ ਨਾਨਕ ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗੰਬਰ ਤਾਂ ਹੀ ਸਿਫ਼ਾਰਿਸ਼ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਾਹ ਵਰਤੇ।

ਪਰ ਜਰਾ ਧਿਆਨ ਮਾਰੋ ਕਿ ਜਿਥੇ ਗੁਰਮਤਿ ਦੇ ਅਨਮੋਲ ਸਿਧਾਂਤਾਂ ਦਾ ਮਜ਼ਾਕ ਉਡਾਇਆ ਗਿਆ ਹੈ ਉਥੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਉਚੀ-ਸੁੱਚੀ ਸ਼ਖਸੀਅਤ ਨੂੰ ਕਿਵੇਂ ਖਰਾਬ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਗਈ ਹੈ।

ਦੋਹਰਾ

ਨਗਰ ਪਾਵਟਾ ਬਹੁ ਬਸੇ ਸਾਰਮੌਰ ਕੇ ਦੇਸ।ਜਮੁਨਾ ਨਦੀ ਨਿਕਟਿ ਬਹੈ ਜਨੁਕ ਪੁਰੀ ਅਕਿਲੇਸ ।1। ਨਦੀ ਜਮੁਨ ਕੇ ਤੀਰ ਮੈ ਤੀਰਥ ਮੁਚਨ ਕਪਾਲ। ਨਗਰ ਪਾਵਟਾ ਛੋਰਿ ਹਮ ਆਏ ਤਹਾ ਉਤਾਲ।2। (ਬਚਿਤ੍ਰ ਨਾਟਕ ਪੰਨਾ-901)

ਸਿਰਮੌਰ ਦੇਸ਼(ਰਿਆਸਤ) ਵਿੱਚ(ਇਕ) ਪਾਉਂਟਾ (ਨਾਂ ਦੀ) ਨਗਰੀ ਚੰਗੀ ਵਸਦੀ ਹੈ।(ਉਸ ਦੇ) ਨੇੜੇ ਜਮੁਨਾ ਨਦੀ ਵਗਦੀ ਹੈ, ਮਾਨੋ ਉਹ ਕੁਬੇਰ ਦੀ ਨਗਰੀ ਹੋਵੇ ।1।ਉਸ ਨਦੀ ਦੇ ਕੰਢੇ ਕਪਾਲ ਮੋਚਨ ਦਾ ਤੀਰਥ ਵੀ ਸੀ।ਅਸੀਂ ਪਾਉਂਟਾ ਨਗਰ ਨੂੰ ਛੱਡ ਕੇ ਜਲਦੀ ਨਾਲ ਉਸ ਥਾਂ ਉਤੇ ਆ ਗਏ।2।

ਦੋਹਰਾ

ਤਹਾਂ ਹਮਾਰੇ ਸਿਖਯ ਸਭ ਅਮਿਤ ਪਹੁੰਚੇ ਆਇ। ਤਿਨੈ ਦੇਨ ਕੋ ਚਾਹਿਯੈ ਜੋਰਿ ਭਲੋ ਸਿਰਪਾਇ।4। ਨਗਰ ਪਾਵਟੇ ਬੂਰਿਯੈ ਪਠਏ ਲੋਕ ਬੁਲਾਇ।ਏਕ ਪਾਗ ਪਾਈ ਨਹੀ ਨਿਹਫਲ ਪਹੁਚੇ ਆਇ।5।

ਉਥੇ ਸਾਡੇ ਬਹੁਤ ਸਾਰੇ ਸਿੱਖ ਆ ਪਹੁੰਚੇ।ਉਨ੍ਹਾਂ ਨੂੰ ਦੇਣ ਲਈ (ਸਾਨੂੰ) ਬਹੁਤ ਸਾਰੇ ਸਰੋਪਿਆਂ ਦੀ ਲੋੜ ਸੀ।4। ਅਸਾਂ ਆਪਣੇ ਲੋਕ ਬੁਲਾ ਕੇ ਪਾਉਂਟਾ ਅਤੇ ਬੂੜੀਆ ਨਗਰਾਂ ਵੱਲ ਭੇਜੇ,(ਪਰ ਉਥੋਂ) ਇਕ ਪੱਗ ਵੀ ਨਾ ਮਿਲੀ,ਉਹ ਅਸਫਲ ਪਰਤ ਆਏ।5।

ਚੌਪਈ

ਮੋਲਹਿ ਏਕ ਪਾਗ ਨਹਿ ਪਾਈ।ਤਬ ਮਸਲਤਿ ਹਮ ਜਿਯਹਿ ਬਨਾਈ।ਜਾਹਿ ਇਹਾ ਮੂਤਤਿ ਲਖਿ ਪਾਵੇ।ਤਾ ਕੀ ਛਨਿ ਪਗਰਿਆ ਲਯਾਵੇ।6। ਜਬ ਪਯਾਦਨ ਐਸੇ ਸੁਨਿ ਪਾਯੋ।ਤਿਹੀ ਭਾਤਿ ਮਿਲਿ ਸਭਨ ਕਮਾਯੋ।ਜੋ ਮਨਮੁਖ ਤੀਰਥ ਤਿਹ ਆਯੋ।ਪਾਗ ਬਿਨਾ ਕਰਿ ਤਾਹਿ ਪਠਾਯੋ।7।

ਮੁਲ (ਖਰਚਨ) ਤੇ ਇਕ ਪਗੜੀ ਵੀ ਨ ਮਿਲੀ। ਤਦ ਅਸੀਂ ਮਨ ਵਿੱਚ ਇਕ ਸਲਾਹ ਕੀਤੀ ਕਿ ਇਥੇ ਜੋ ਕੋਈ ਮੂਤਦਾ ਨਜ਼ਰ ਆਵੇ, ਉਸ ਦੀ ਪਗੜੀ ਖੋਹ ਲਿਆਓ।6। ਜਦ ਪਿਆਦਿਆਂ (ਸਿਪਾਹੀਆਂ) ਨੇ ਇਸ ਤਰ੍ਹਾਂ ਸੁਣਿਆਂ ਤਾਂ ਸਭ ਨੇ ਮਿਲਕੇ ਉਸੇ ਤਰ੍ਹਾਂ ਕੀਤਾ। ਜੋ ਮਨਮੁਖ ਉਸ ਤੀਰਥ ਉਤੇ ਆਇਆ, ਉਸ ਨੂੰ ਪੱਗ ਤੋਂ ਵਾਂਝਿਆਂ ਕਰ ਕੇ ਪਰਤਾਇਆ।

ਰਾਤਿ ਬੀਚ ਕਰਿ ਆਠ ਸੈ ਪਗਰੀ ਲਈ ਉਤਾਰਿ।ਆਨਿ ਤਿਨੈ ਹਮ ਦੀਹ ਮੈ

ਧੋਵਨਿ ਦਈ ਸੁਧਾਰਿ।8। (ਬਚਿਤ੍ਰ ਨਾਟਕ ਪੰਨਾ, 902)

(ਇਸ ਤਰ੍ਹਾਂ) ਰਾਤ ਰਾਤ ਵਿੱਚ ਅੱਠ ਸੌ ਪਗੜੀਆਂ ਉਤਾਰ ਲਈਆਂ। ਉਹ ਲਿਆ ਕੇ ਮੈਨੂੰ ਦਿੱਤੀਆਂ ਅਤੇ ਮੈਂ (ਉਨ੍ਹਾਂ ਨੂੰ) ਧੋ ਕੇ ਸਾਫ ਕਰਵਾ ਦਿੱਤਾ।8।

ਚੌਪਈ

ਪ੍ਰਾਤ ਲੇਤ ਸਭ ਧੋਇ ਮੰਗਾਈ। ਸਭ ਹੀ ਸਿਖਜਨ ਕੋ ਬੰਧਵਾਈ। ਬਚੀ ਸੁ ਬੇਚਿ ਤੁਰਤ ਤਹ ਲਈ। ਬਾਕੀ ਬਚੀ ਸਿਪਾਹਿਨ ਦਈ।9।

ਉਨ੍ਹਾਂ ਨੂੰ ਧੁਆ ਕੇ ਸੁਵੇਰ ਵੇਲੇ ਮੰਗਵਾ ਲਿਆ ਅਤੇ ਸਾਰੇ ਹੀ ਸਿੱਖਾਂ ਨੂੰ ਬੰਨਵਾ ਦਿੱਤੀਆਂ। ਜੋ ਬਚੀਆਂ ਉਨ੍ਹਾਂ ਨੂੰ ਤੁਰੰਤ ਵੇਚ ਦਿੱਤਾ ਅਤੇ ਜੋ ਹੋਰ ਬਾਕੀ ਬਚੀਆਂ ਉਹ ਸਿਪਾਹੀਆਂ ਨੂੰ ਦੇ ਦਿੱਤੀਆਂ।9।

ਦੋਹਰਾ

ਬਟਿ ਕੈ ਪਗਰੀ ਨਗਰ ਕੋ ਜਾਤ ਭਏ ਸੁਖ ਪਾਏ।ਭੇਦ ਮੂਰਖਨ ਨ ਲਹਿਯੋ ਕਹਾ ਗਯੋ ਕਰ ਰਾਇ।10।

ਪਗੜੀਆਂ ਵੇਚ ਕੇ ਸੁਖ ਪੂਰਵਕ ਘਰ ਨੂੰ ਚਲੇ ਗਏ। ਕਿਸੇ ਮੂਰਖ ਨੇ ਭੇਦ ਨ ਸਮਝਿਆ ਕਿ ਰਾਜਾ ਕੀ ਕਰ ਗਿਆ ਹੈ।

ਇਸੇ ਤਰ੍ਹਾਂ ਇਸ ਬਚਿਤ੍ਰ ਨਾਟਕ ਦੇ ਚਰਿਤ੍ਰੋ ਪਾਖਿਆਨ ਭਾਗ ਵਿੱਚ ਪੰਨਾ 838 ਤੋਂ 844 ਤਕ 21, 22 ਅਤੇ 23 ਚਰਿਤ੍ਰ ਵਿੱਚ ਵੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਅਗੰਮੀ ਸ਼ਖਸੀਅਤ ਤੇ ਗੰਦਗੀ ਉਛਾਲਨ ਦੀ ਕੋਝੀ ਕੋਸ਼ਿਸ਼ ਕੀਤੀ ਗਈ ਹੈ, ਉਪਰਲੇ ਕਾਂਡ ਦੀ ਅਤੇ ਇਨ੍ਹਾਂ ਚਰਿਤ੍ਰਾਂ ਦੀ ਜਾਨਕਾਰੀ ਉਘੇ ਪੰਥਕ ਵਿਦਵਾਨ ਪ੍ਰੋ. ਦਰਸ਼ਨ ਸਿੰਘ ਜੀ ਨੇ ਆਪਣੇ ਕੀਰਤਨ ਵਿਚਲੇ ਵਿਚਾਰ ਰਾਹੀਂ ਰੋਚੈਸਟਰ(ਅਮਰੀਕਾ) ਦੇ ਗੁਰਦੁਆਰੇ ਵਿਖੇ ਸੰਗਤਾਂ ਨੂੰ ਦੇਣ ਦਾ ਉਪਰਾਲਾ ਕੀਤਾ, ਜਿਸ ਵਿੱਚ ਪ੍ਰੋਫੈਸਰ ਸਾਹਿਬ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਵਿਚਲੀ ਰਾਇ ਨਾਂ ਨਾਲ ਸੰਬੋਧਤ ਸ਼ਖਸੀਅਤ ਕਦੇ ਵੀ ਗੁਰੂ ਗੋਬਿੰਦ ਪਾਤਿਸ਼ਾਹ ਨਹੀਂ ਹੋ ਸਕਦੇ ਜਦਕਿ ਪਿਆਰਾ ਸਿੰਘ ਪਦਮ ਅਤੇ ਡਾ. ਜੋਧ ਸਿੰਘ ਨੇ ਇਨ੍ਹਾਂ ਨੂੰ ਸਤਿਗੁਰੂ ਦੇ ਆਪਣੇ ਜੀਵਨ ਦੀ ਘਟਨਾ ਲਿਖਣ ਦਾ ਬਜਰ ਪਾਪ ਕੀਤਾ ਹੈ। ਇਨ੍ਹਾਂ ਲੇਖਕਾਂ ਵਿਰੁਧ ਤਾਂ ਅੱਜਤਕ ਕੋਈ ਕਾਰਵਾਈ ਨਹੀਂ ਹੋਈ ਪਰ ਇਸ ਕੀਰਤਨ ਦੀ ਰਿਕਾਰਡਿੰਗ ਦੀ ਕੱਟ ਵੱਢ ਕਰਕੇ ਪ੍ਰੋਫੈਸਰ ਸਾਹਿਬ ਤੇ ਦੋਸ਼ ਲੱਗਾ ਕੇ ਇਕ ਸਾਜਿਸ਼ ਅਧੀਨ ਪ੍ਰੋਫੈਸਰ ਸਾਹਿਬ ਨੂੰ ਪੰਥ ਵਿੱਚੋਂ ਛੇਕਣ ਦਾ ਡਰਾਮਾਂ ਰਚਿਆ ਗਿਆ। 21,22,23 ਚਰਿਤ੍ਰ ਵਿੱਚ ਅਨੰਦਪੁਰ ਨਗਰ ਦੀ ਕਹਾਣੀ ਲਿਖੀ ਹੈ। ਇਹ ਇਤਿਹਾਸਕ ਸਚਾਈ ਹੈ ਕਿ ਇਹ ਨਗਰ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਵਸਾਇਆ। ਉਸ ਤੋਂ ਪਹਿਲਾਂ ਇਸ ਨਾਂ ਦਾ ਕੋਈ ਨਗਰ ਨਹੀਂ ਸੀ। ਇਸ ਲਈ ਇਹ ਘਟਨਾ ਸਤਿਗੁਰੂ ਤੋਂ ਪਹਿਲੇ ਦੀ ਨਹੀਂ ਹੋ ਸਕਦੀ ਅਤੇ ਜੇ ਇਹ ਕਿਤਾਬ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਲਿੱਖੀ ਹੈ ਤਾਂ ਘਟਨਾ ਸਤਿਗੁਰੂ ਤੋਂ ਬਾਅਦ ਦੇ ਕਾਲ ਦੀ ਨਹੀਂ ਹੋ ਸਕਦੀ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਨਾਂ ਖੰਡੇ ਬਾਟੇ ਦੀ ਪਾਹੁਲ ਤਿਆਰ ਹੋਣ ਤੋਂ ਪਹਿਲਾਂ ਗੋਬਿੰਦ ਰਾਏ ਸੀ। ਹੁਣ ਸੰਗਤਾਂ ਹੀ ਹੇਠਲੇ ਕੁਝ ਸੁਆਲਾਂ ਨੂੰ ਵਿਚਾਰ ਲੈਣ:

- ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਜੀਵਨ ਕਾਲ ਵਿੱਚ ਕੀ ਰਾਏ ਨਾਂ ਦਾ ਕੋਈ ਹੋਰ ਵਿਅਕਤੀ ਅਨੰਦਪੁਰ ਦਾ ਰਾਜਾ ਜੋਇਆ ਹੈ ਜਾਂ ਹੋ ਸਕਦਾ ਹੈ?
- ਸਿਵਾਏ ਗੁਰੂ ਨਾਨਕ ਪਾਤਿਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਹੋਰ ਕਿਸੇ ਕੌਮ ਦੇ ਪੈਰੋਕਾਰਾਂ ਨੂੰ ਸਿੱਖ ਆਖਿਆ ਜਾਂਦਾ ਹੈ?

- ਆਪਣੇ ਸਿੱਖਾਂ ਨੂੰ ਪੱਗ ਰੂਪ ਵਿੱਚ ਸਰੋਪੇ ਦੇਣ ਦੀ ਰਿਵਾਇਤ ਕਿਸ ਕੌਮ ਵਿੱਚ ਹੈ?
- ਪਾਂਵਟਾ ਨਗਰ ਦੀ ਮਹੱਤਤਾ ਕਿਸ ਸ਼ਕਸੀਅਤ ਕਰਕੇ ਹੈ?
- ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕੀ ਰਾਏ ਸ਼ਬਦ ਰਾਹੀਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦਾ ਭੁਲੇਖਾ ਪਾਉਣ ਦੀ ਕੋਸ਼ਿਸ਼ ਨਹੀਂ ਕੀਤਾ ਗਈ?

ਗੱਲ ਬੜੀ ਸਪੱਸ਼ਟ ਹੈ ਇਕ ਸਾਜਿਸ਼ ਅਧੀਨ ਅਗਿਆਤ ਲਿਖਾਰੀ ਨੇ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀ ਅਗੰਮੀ ਸ਼ਕਸੀਅਤ ਨੂੰ ਦਾਗ਼ ਲਾਉਣ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਪ੍ਰੋਫੈਸਰ ਦਰਸ਼ਨ ਸਿੰਘ ਨੇ ਵੀ ਆਪਣੇ ਵਿਚਾਰਾਂ ਵਿੱਚ ਇਹੀ ਆਖਿਆ ਸੀ ਅਤੇ ਦਾਸ(ਲੇਖਕ) ਵੀ ਇਹੀ ਦ੍ਰਿੜ ਕਰਾਉਣਾ ਚਾਹੁੰਦਾ ਹੈ ਕਿ ਨਾ ਤਾਂ ਇਹ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੀਆਂ ਲਿਖਤਾਂ ਹਨ ਅਤੇ ਨਾ ਇਨ੍ਹਾਂ ਦਾ ਸਤਿਗੁਰੂ ਦੇ ਜੀਵਨ ਨਾਲ ਕੋਈ ਸਬੰਧ ਹੋ ਸਕਦਾ ਹੈ।

ਭਾਗ:ਹ ਅਸ਼ਲੀਲਤਾ ਦੀ ਸਿਖਰ

ਅਤਿ ਜਰੂਰੀ ਬੇਨਤੀ: ਅਸੀਂ ਬੱਚੇ-ਬੱਚੀਆਂ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਉਹ "ਭਾਗ:ਹ" ਨੂੰ ਪੜ੍ਹਨ ਤੋਂ ਗੁਰੇਜ ਕਰਨ।

ਇਸ ਲੇਖ ਦਾ ਅਗਲਾ ਭਾਗ ਲਿਖਣ ਤੋਂ ਪਹਿਲਾਂ ਅਸੀਂ ਸਮੂਹ ਸੰਗਤਾਂ ਕੋਲੋਂ ਦੋ ਹੱਥ ਜੋੜ ਕੇ ਖਿਮਾ ਮੰਗਦੇ ਹਾਂ ਕਿ ਸਾਨੂੰ ਬਚਿਤ੍ਰ ਨਾਟਕ ਵਿਚਲੀਆਂ ਕੁਝ ਅਸ਼ਲੀਲ ਪੰਗਤੀਆਂ ਨੂੰ ਛਾਪਣ ਲਈ ਮਜਬੂਰ ਹੋਣਾ ਪੈ ਰਿਹਾ ਹੈ, ਕਿਉਂਕਿ ਇਸ ਦੇ ਪੈਰੋਕਾਰਾਂ ਵਲੋਂ ਇਕ ਨਾ ਬਖਸ਼ਣ ਯੋਗ, ਕੋਝੀ ਸਾਜਿਸ਼ ਅਧੀਨ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਵੀ ਇਹ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਤਿਗੁਰੂ ਦੀ ਬਾਣੀ ਅੰਦਰ ਵੀ ਕੁਝ ਐਸੀਆਂ ਪੰਗਤੀਆਂ ਹਨ ਜੋ ਬਚਿਤ੍ਰ ਨਾਟਕ ਵਾਂਗ ਅਸ਼ਲੀਲ ਹਨ। ਹਾਲਾਂਕਿ ਸਤਿਗੁਰੂ ਦੀ ਬਾਣੀ ਅੰਦਰ ਜਾਂ ਤਾਂ ਜੀਵਨ ਨੂੰ ਵਿਕਾਰ ਰਹਿਤ ਰਖਣ ਲਈ ਪ੍ਰੇਰਨਾ ਹੈ, ਅਤੇ ਜਾਂ ਅਕਾਲ-ਪੁਰਖੁ ਨਾਲ ਅਭੇਦ ਹੋਣ ਦੀ ਇਲਾਹੀ ਅਵਸਥਾ ਹੈ। ਬਚਿਤ੍ਰ ਨਾਟਕ ਵਿੱਚ ਕੀ ਹੈ ? ਆਪ ਜੀ ਖੁਦ ਹੀ ਵੇਖ ਲਓ।

ਖਾਇ ਬੰਧੇਜਨ ਕੀ ਬਰਿਯੈ ਨ੍ਰਿਪ ਭਾਂਗ ਚਬਾਇ ਅਫੀਮ ਚੜਾਈ।
ਪੀਤ ਸਰਾਬ ਬਿਰਾਜਤ ਸੁੰਦਰ ਕਾਮ ਕੀ ਰੀਤਿ ਸੋਂ ਪ੍ਰੀਤ ਮਚਾਈ।
ਆਸਨ ਔਰ ਅਲਿੰਗਨ ਚੁੰਬਨ ਭਾਤਿ ਅਨੇਕ ਲੀਏ ਸੁਖਦਾਈ।
ਯੌ ਤਿਹ ਤੋਰਿ ਕੁਚਾਨ ਮਰੋਰਿ ਸੁ ਭੋਰ ਲਗੇ ਝਕਝੋਰਿ ਬਜਾਈ।੧੦।
(ਬਚਿਤ੍ਰ ਨਾਟਕ ਪੰਨਾ-1049)

ਬੀਰਜ ਰੋਕਣ ਦੀਆਂ ਬਟੀਆਂ ("ਬਰਿਯੈ") ਖਾ ਕੇ ਰਾਜੇ ਨੇ ਭੰਗ ਚਬੀ ਅਤੇ ਅਫ਼ੀਮ ਚੜ੍ਹਾ ਲਈ। ਸ਼ਰਾਬ ਪੀ ਕੇ ਡਟ ਗਏ ਅਤੇ ਕਾਮ ਦੀ ਸੁੰਦਰ ਰੀਤ ਨਾਲ ਪ੍ਰੇਮ ਨੂੰ ਪ੍ਰਗਟ ਕੀਤਾ। ਸੁਖਦਾਇਕ ਆਸਣ, ਆਲਿੰਗਨ ਅਤੇ ਚੁੰਬਨ ਅਨੇਕ ਤਰ੍ਹਾਂ ਨਾਲ ਕੀਤੇ । ਉਸ ਦੀਆਂ ਛਾਤੀਆਂ ਤੋੜ ਮੋੜ ਕੇ ਸਵੇਰ ਤਕ ਚੰਗੀ ਤਰ੍ਹਾਂ ਰਤੀ ਮਨਾਈ।੧੦।

ਇਕ ਦਿਨ ਭਾਂਗ ਮਿਤ੍ਰ ਤਿਹ ਲਈ। ਪੋਸਤ ਸਹਿਤ ਅਫੀਮ ਚੜਈ।
ਬਹੁ ਰਤਿ ਕਰੀ ਨ ਬੀਰਜ ਗਿਰਾਈ। ਆਠ ਪਹਿਰ ਲਗਿ ਕੁਅਰਿ ਬਜਾਈ।੧੦।
ਸਭ ਨਿਸਿ ਨਾਰਿ ਭੋਗ ਜਬ ਪਾਯੋ। ਬਹੁ ਆਸਨ ਕਰਿ ਹਰਖ ਬਢਾਯੋ।
ਤਾ ਪਰ ਤਰੁਨਿ ਚਿਤ ਤੇ ਅਟਕੀ। ਭੂਲਿ ਗਈ ਸਭ ਹੀ ਸੁਧਿ ਘਟ ਕੀ। ੧੧।

(ਬਚਿਤ੍ਰ ਨਾਟਕ ਪੰਨਾ-1280)

ਇਕ ਦਿਨ ਉਸ ਦੇ ਮਿਤਰ ਨੇ ਭੰਗ ਪੀਤੀ ਅਤੇ ਪੋਸਤ ਸਹਿਤ ਅਫ਼ੀਮ ਚੜ੍ਹਾ ਲਈ। ਉਸ ਨੇ ਬਿਨਾ ਵੀਰਜ ਡਿਗੇ ਅੱਠ ਪਹਿਰਾਂ ਤਕ ਰਾਜ ਕੁਮਾਰੀ ਨਾਲ ਰਤੀ੍ਕ੍ਰੀੜਾ ਕੀਤੀ।੧੦। ਜਦ ਇਸਤਰੀ ਨੇ ਸਾਰੀ ਰਾਤ ਸੰਜੋਗ ਸੁਖ ਕੀਤਾ ਅਤੇ ਬਹੁਤ ਸਾਰੇ ਆਸਣ ਕਰ ਕੇ ਸੁਖ ਮਾਣਿਆ। (ਤਦ) ਇਸਤਰੀ ਉਸ ਉਤੇ ਮਨੋ ਅਟਕ ਗਈ ਅਤੇ ਸ਼ਰੀਰ ਦੀ ਸੁੱਧ ਬੁੱਧ ਭੁਲ ਗਈ।੧੧।

ਕਾਨ੍ਹ ਕਹੀ ਜਹਿ ਬਾਤ ਤਿਨੈ ਕਹਿ ਹੈ ਹਮ ਜੋ ਤੁਮ ਮਨ ਹੋ।
ਸਭ ਹੀ ਮੁਖ ਚੁੰਮਨ ਦੇਹੁ ਕਹਿਯੋ ਚੁਮ ਹੈ ਹਮ ਹੂੰ ਤੁਮ ਹੂੰ ਗਨਿ ਹੋ।
ਅਰੁ ਤੋਰਨ ਦੇਹੁ ਕਹਿਯੋ ਸਭ ਹੀ ਕੁਚ ਨਾਤਰ ਹਉ ਤੁਮ ਕੋ ਹਨਿ ਹੋ।
ਤਬ ਹੀ ਪਟ ਦੇਊ ਸਭੈ ਤੁਮਰੇ ਇਹ ਝੂਠ ਨਹੀਂ ਸਤਿ ਕੈ ਜਨਿ ਹੋ।266।

(ਬਚਿਤ੍ਰ ਨਾਟਕ ਪੰਨਾ-287)

ਕ੍ਰਿਸ਼ਨ ਨੇ ਹਸ ਕੇ ਉਨ੍ਹਾਂ ਨੂੰ ਇਹ ਗੱਲ ਕਹੀ - ਜੋ ਮੈਂ ਕਹਾਂਗਾ, ਉਹ ਤੁਸੀਂ ਮੰਨ ਜਾਓਗੀਆਂ ? (ਕ੍ਰਿਸ਼ਨ ਨੇ ਫਿਰ) ਕਿਹਾ - ਤੁਸੀਂ ਸਾਰੀਆਂ (ਮੈਨੂੰ) ਆਪਣੇ ਮੂੰਹ ਚੁੰਮਣ ਦਿਓ; ਮੈਂ ਚੁੰਮਦਾ ਜਾਵਾਂਗਾ ਅਤੇ ਤੁਸੀਂ ਗਿਣਦੀਆਂ ਜਾਣਾ। (ਅਤੇ ਫਿਰ) ਕਿਹਾ- ਤੁਸੀਂ ਸਾਰੀਆਂ ਮੈਨੂੰ ਆਪਣੀਆਂ ਛਾਤੀਆਂ ਪੁਟਣ ਦਿਓ, ਨਹੀਂ ਤਾਂ (ਮੈਂ) ਤੁਹਾਨੂੰ ਪਾਲੇ ਨਾਲ ਮਾਰਾਂਗਾ। ਇਸ ਵਿੱਚ ਝੂਠ ਨਹੀਂ ਸੱਚ ਕਰ ਕੇ ਜਾਣੋ। (ਜਦ ਤੁਸੀਂ ਇਹ ਸ਼ਰਤਾਂ ਪੂਰੀਆਂ ਕਰ ਦਿਓਗੀਆਂ) ਤਦ ਹੀ ਤੁਹਾਡੇ ਬਸਤ੍ਰ ਦੇ ਦਿਆਂਗੇ।266।

ਪ੍ਰਥਮ ਜਾਰ ਜਬ ਧਕਾ ਲਗਾਯੋ। ਤਬ ਰਾਨੀ ਲੈ ਢੋਲ ਬਜਾਯੋ।
ਜਬ ਤਿਹ ਲਿੰਗ ਸੁ ਭਗ ਤੇ ਕਾਢਾ। ਤ੍ਰਿਯ ਦਿਯ ਢੋਲ ਢਮਾਕਾ ਗਾਢਾ। ੧੦।
ਤਬ ਰਾਜੈ ਇਹ ਭਾਤਿ ਬਿਚਾਰੀ। ਡੋਰਿ ਕੂਪ ਤੇ ਨਾਰਿ ਨਿਕਾਰੀ।
ਤਿਨ ਤ੍ਰਿਯ ਭੋਗ ਜਾਰ ਸੌ ਕੀਨਾ। ਰਾਜਾ ਸੁਨਤ ਦਮਾਮੋ ਦੀਨਾ। ੧੧।

(ਬਚਿਤ੍ਰ ਨਾਟਕ ਪੰਨਾ-1342)

ਜਦ ਯਾਰ ਨੇ ਪਹਿਲਾ ਜੋਰ ਲਗਾਇਆ ਤਦ ਰਾਣੀ ਨੇ (ਡੱਗਾ) ਲੈ ਕੇ ਢੋਲ ਵਜਾਇਆ। ਜਦ ਉਸ ਪੁਰਸ਼ ਨੇ ਇੰਦਰੀ ਨੂੰ ਯੋਨੀ ਤੋਂ ਬਾਹਰ ਕਢਿਆ, (ਤਦ) ਰਾਣੀ ਨੇ ਤਕੜੀ ਤਰ੍ਹਾਂ ਨਾਲ ਢੋਲ ਢਮਕਾਇਆ।੧੦।

ਤਦ ਰਾਜੇ ਨੇ ਇਸ ਤਰ੍ਹਾਂ ਸੋਚਿਆ ਕਿ ਰਾਣੀ ਨੇ ਰੱਸੀ ਖੂਹ ਵਿਚੋਂ ਕਢੀ ਹੈ। ਉਸ ਇਸਤਰੀ ਨੇ ਯਾਰ ਨਾਲ ਰਮਣ ਵੀ ਕੀਤਾ ਅਤੇ ਰਾਜੇ ਦੇ ਸੁਣਨ ਲਈ ਢੋਲ ਵੀ ਵਜਾ ਦਿੱਤਾ।੧੧।

ਪੋਸਤ ਭਾਂਗ ਅਫੀਮ ਮਿਲਾਇ॥ ਆਸਨ ਤਾ ਤਰ ਦਿਯੋ ਬਨਾਇ॥
ਚੁੰਬਨ ਰਾਇ ਅਲਿੰਗਨ ਲਏ॥ ਲਿੰਗ ਦੇਤ ਤਿਹ ਭਗ ਮੋ ਭਏ॥24॥
ਭਗ ਮੋ ਲਿੰਗ ਦਿਯੋ ਰਾਜਾ ਜਬ॥ ਰੁਚਿ ਉਪਜੀ ਤਰਨੀ ਕੇ ਜਿਯ ਤਬ॥
ਲਪਟਿ ਲਪਟਿ ਆਸਨ ਤਰ ਗਈ॥ ਚੁੰਬਨ ਕਰਤ ਭੂਪਨ ਕੇ ਭਈ॥25॥

(ਬਚਿਤ੍ਰ ਨਾਟਕ ਪੰਨਾ-1358)

ਪੋਸਤ ਭੰਗ ਅਫੀਮ ਮਿਲਾ ਕੇ ਉਨ੍ਹਾ ਦਾ ਸੇਵਨ ਕੀਤਾ ਅਤੇ ਫਿਰ ਕਾਮਕ੍ਰੀੜਾ ਦੇ ਆਸਨ ਲਾਏ। ਰਾਜੇ ਨੇ ਚੁੰਬਨ ਅਤੇ ਅਲਿੰਗਨ ਲਏ ਅਤੇ ਫੇਰ ਆਪਣਾ ਲਿੰਗ ਉਸ ਦੀ

ਭਗ ਵਿੱਚ ਪਾ ਦਿਤਾ।24। ਜਦ ਰਾਜੇ ਨੇ ਭਗ ਵਿੱਚ ਲਿੰਗ ਪਾਇਆ ਤਾਂ ਉਸ ਇਸਤਰੀ ਦੇ ਮਨ ਵਿੱਚ ਬਹੁਤ ਰੁਚਿ ਪੈਦਾ ਹੋਈ। ਉਸ ਨੇ ਲਿਪਟ ਲਿਪਟ ਕੇ ਆਸਨ ਕੀਤੇ ਅਤੇ ਰਾਜੇ ਦੇ ਚੁੰਬਨ ਲੈਣ ਲਗੀ।25। ਭੈਣ-ਭਰਾ ਦੇ ਪਵਿੱਤਰ ਸਬੰਧ ਨੂੰ ਵੀ ਕਲੰਕਤ ਕੀਤਾ ਹੈ:

ਦੋਹਰਾ

ਲਪਟਿ ਲਪਟਿ ਤਾ ਸੋ ਕੁਅਰਿ ਰਤਿ ਮਾਨੀ ਰੁਚਿ ਮਾਨਿ।
ਭ੍ਰਾਤ ਭਗਨਿ ਕੇ ਭੇਦ ਕੋ ਸਕਤ ਨ ਭਯੋ ਪਛਾਨ। ੨੨।

(ਬਚਿਤ੍ਰ ਨਾਟਕ ਪੰਨਾ-1119)

ਕੁਮਾਰੀ ਨੇ ਲਿਪਟ ਲਿਪਟ ਕੇ ਉਸ ਨਾਲ ਰੁਚੀ ਪੂਰਵਕ ਰਤੀਕ੍ਰੀੜਾ ਕੀਤੀ। ਭਰਾ ਭੈਣ ਦੇ ਭੇਤ ਨੂੰ (ਬਿਲਕੁਲ) ਪਛਾਣ ਨ ਸਕਿਆ।੨੨।

ਬੇਸਸ਼ਾ ਕੇ ਭੂਖਨ ਜਬ ਧਰੈ। ਨਿਸ ਦਿਨ ਕੁਅਰ ਕਲੋਲੈ ਕਰੈ।
ਜਬ ਭਗਨੀ ਕੇ ਭੂਖਨ ਧਰਈ। ਲਹੈ ਨ ਕੋ ਰਾਜਾ ਕੋ ਕਰਈ। ੨੪।

ਜਦ ਉਹ ਵੇਸਵਾ ਦੇ ਗਹਿਣੇ ਸਜਾ ਲੈਂਦੀ, ਤਾਂ ਰਾਤ ਦਿਨ ਕੁੰਵਰ ਨਾਲ ਕਲੋਲਾਂ ਕਰਦੀ। ਜਦ ਉਹ ਭੈਣ ਦੇ ਗਹਿਣੇ ਧਾਰਨ ਕਰਦੀ ਤਾਂ ਕੋਈ ਨ ਸਮਝ ਸਕਦਾ ਕਿ ਰਾਜਾ ਉਸ ਨਾਲ ਕੀ ਕਰਦਾ ਹੈ।੨੪।

ਪਿਤਾ ਨੂੰ ਮੂਰਖ ਬਣਾਕੇ ਮੰਦਿਰ ਵਿੱਚ ਖੇਹ ਖਾਣੀ:

ਸਿਵ ਮੰਦਿਰ ਮੈ ਜਾਇ ਭੋਗ ਤਾ ਸੌ ਕਰੈ।
ਮਹਾ ਰੁਦ੍ਰ ਕੀ ਕਾਨਿ ਨ ਕਛੂ ਚਿਤ ਮੈ ਧਰੈ।
ਜੱਯੋ ਜੱਯੋ ਜੁਰਕੈ ਖਾਟ ਸੁ ਘੰਟ ਬਜਾਵਹੀ।
ਹੋ ਪੂਰਿ ਤਵਨ ਧੁਨਿ ਰਹੈ ਨ ਜੜ ਕਛੁ ਪਾਵਹੀ। ੮।

(ਬਚਿਤ੍ਰ ਨਾਟਕ ਪੰਨਾ-1120)

(ਉਹ) ਸ਼ਿਵ ਮੰਦਿਰ ਵਿਚ ਜਾ ਕੇ ਉਸ ਨਾਲ ਭੋਗ ਵਿਲਾਸ ਕਰਦੀ। ਮਹਾ ਰੁਦ੍ਰ ਦੀ ਚਿਤ ਵਿਚ ਕੁਝ ਵੀ ਪਰਵਾਹ ਚਿਤ ਵਿਚ ਨ ਧਰਦੀ। ਜਿਉਂ ਜਿਉਂ ਮੰਜੀ ਦੀ ਆਵਾਜ਼ ਨਿਕਲਦੀ, (ਉਹ) ਘੰਟੇ ਵਜਾਉਂਦੀ। (ਉਥੇ) ਉਸ ਘੰਟੇ ਦੀ ਧੁਨ ਪੂਰੀ ਰਹਿੰਦੀ ਅਤੇ ਕੋਈ ਵੀ ਮੂਰਖ ਸਮਝ ਨ ਸਕਦਾ।੮।

ਤਾ ਸੌ ਭੋਗ ਬਹੁਤ ਬਿਧਿ ਕੀਨੋ। ਲਪਟਿ ਲਪਟਿ ਆਸਨ ਕਹ ਦੀਨੋ।
ਚੁੰਬਨ ਆਲਿੰਗਨ ਕੀਨੇ ਤਿਨ। ਭੇਦ ਨ ਲਹਿਯੋ ਮੂੜ ਰਾਜੈ ਇਨ। ੧੩।
(ਬਚਿਤ੍ਰ ਨਾਟਕ ਪੰਨਾ-1120)

ਉਸ ਨਾਲ ਬਹੁਤ ਤਰ੍ਹਾਂ ਦਾ ਭੋਗ ਕੀਤਾ ਅਤੇ ਲਿਪਟ ਲਿਪਟ ਕੇ ਆਸਣ ਦਿੱਤ। ਉਨ੍ਹਾਂ ਨੇ ਚੁੰਬਨ ਅਤੇ ਆਲਿੰਗਨ ਕੀਤੇ ਅਤੇ ਇਸ ਮੂਰਖ ਰਾਜੇ ਨੇ ਭੇਦ ਨ ਜਾਣਿਆ।੧੩।

ਕਾਮ ਕੇਲ ਤਾ ਸੋ ਬਹੁ ਕਿਯੋ। ਬਹੁਰੋ ਛੋਰ ਦਸ਼ਾਰ ਕਹ ਦਿਯੋ।
ਪਠੈ ਸਹਚਰੀ ਪਿਤਾ ਬੁਲਾਇਯੋ। ਮਨ ਮੈ ਅਧਿਕ ਜਾਰ ਦੁਖ ਪਾਯੋ। ੧੪।

ਉਸ ਨਾਲ (ਕੁਮਾਰੀ ਨੇ) ਬਹੁਤ ਕਾਮ੍ਕ੍ਰੀੜੀ ਕੀਤੀ। ਫਿਰ ਦਰਵਾਜ਼ਾ ਖੋਲ੍ਹ ਦਿੱਤਾ। ਸਖੀ ਨੂੰ ਭੇਜ ਕੇ ਪਿਤਾ ਨੂੰ ਬੁਲਾ ਲਿਆ। (ਜਿਸ ਕਰ ਕੇ) ਯਾਰ ਨੇ ਮਨ ਵਿਚ ਬਹੁਤ ਦੁਖ ਪਾਇਆ।੧੪।

ਹੋਰ ਤਾਂ ਹੋਰ ਆਦਮੀ ਦੇ ਆਦਮੀ ਨਾਲ ਖੇਹ ਖਾਣ ਦਾ ਗੰਦ ਵੀ ਘੋਲਿਆ ਗਿਆ ਹੈ:

ਨ੍ਰਿਪ ਕੋ ਪਕਰਿ ਭੁਜਨ ਤੇ ਲਿਯੋ। ਗੁਦਾ ਭੋਗ ਤਾ ਕੋ ਦ੍ਰਿੜ ਕਿਯੋ।
ਤੋਰਿ ਤਾਰਿ ਤਨ ਰੁਧਿਰ ਚਲਾਯੋ। ਅਧਿਕ ਰਾਵ ਮਨ ਮਾਝ ਲਜਾਯੋ। ੧੯।
(ਬਚਿਤ੍ਰ ਨਾਟਕ ਪੰਨਾ-1010)

ਰਾਜੇ ਨੂੰ ਬਾਂਹਵਾਂ ਤੋਂ ਪਕੜ ਲਿਆ ਅਤੇ ਉਸ ਨਾਲ ਚੰਗੀ ਤਰ੍ਹਾਂ ਗੁਦਾਭੋਗ ਕੀਤਾ। ਤੋੜ ਤਾੜ ਕੇ ਰਾਜੇ ਦੇ ਸ਼ਰੀਰ (ਭਾਵ ਗੁਦਾ) ਤੋਂ ਲਹੂ ਵਗਾ ਦਿੱਤਾ। ਰਾਜਾ (ਇਸ ਕਰ ਕੇ) ਮਨ ਵਿਚ ਬਹੁਤ ਲਜਿਤ ਹੋਇਆ।੧੯।

ਇਸ ਕਿਤਾਬ ਵਿੱਚ 600 ਤੋਂ ਵੱਧ ਪੰਨਿਆਂ ਵਿੱਚ ਤਕਰੀਬਨ 450 ਤੋਂ ਵੱਧ ਕਹਾਣੀਆਂ ਐਸੀ ਹੀ ਅਸ਼ਲੀਲਤਾ ਨਾਲ ਭਰੀਆਂ ਹੋਈਆਂ ਹਨ। ਇਨ੍ਹਾਂ ਪੰਨਿਆਂ ਤੋਂ ਇਲਾਵਾ ਵੀ, ਹਿੰਦੂ ਮਿਥਿਹਾਸਕ ਕਹਾਣੀਆਂ ਲਿਖਦੇ ਸਮੇਂ, ਇਸ ਪੁਸਤਕ ਦੇ ਲੇਖਕਾਂ ਨੂੰ ਜਦੋਂ ਵੀ ਮੌਕਾ ਮਿਲਿਆ ਹੈ, ਉਨ੍ਹਾਂ ਆਪਣੇ ਸੁਭਾ ਅਨੁਸਾਰ ਗੰਦਗੀ ਭਰ ਦਿੱਤੀ ਹੈ। ਕਈ ਸੱਜਣ ਇਹ ਕਹਿੰਦੇ ਹਨ ਕਿ ਇਹ ਸਿੱਖ ਨੂੰ ਵਿਕਾਰਾਂ ਤੋਂ ਬਚਣ ਲਈ ਪ੍ਰੇਰਣਾ ਦੇਣ ਲਈ ਲਿਖੀਆਂ ਗਈਆਂ ਹਨ, ਹਾਲਾਂਕਿ ਕਿਸੇ ਕਹਾਣੀ ਨਾਲ ਇਕ ਸ਼ਬਦ ਵੀ ਐਸਾ ਲਿਖਿਆ ਨਹੀਂ ਮਿਲਦਾ। ਫੇਰ ਪ੍ਰੇਰਣਾ ਦੇਣ ਲਈ ਕੀ ਇਤਨਾ ਨੰਗੇਜ ਭਰਨਾ ਜਰੂਰੀ ਸੀ? ਸੰਗਤਾਂ ਆਪ ਹੀ ਨਿਰਣਾ ਕਰ ਲੈਣ ਕਿ ਕੀ ਦਸਵੇਂ ਨਾਨਕ ਸਾਹਿਬ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਐਸੀਆਂ ਅਸ਼ਲੀਲ ਰਚਨਾਵਾਂ ਰੱਚ ਸਕਦੇ ਸਨ? ਜਾਪਦਾ ਹੈ ਕਿ ਇਹੋ ਜਿਹਾ ਲਿਟਰੇਚਰ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਜਿਹੀ ਅਗੰਮੀ ਸ਼ਖਸੀਅਤ ਦੇ ਨਾਂ ਲਗਾ ਕੇ ਉਨ੍ਹਾਂ ਦੇ ਉਚੇ-ਸੁੱਚੇ, ਲਾਸਾਨੀ ਕਿਰਦਾਰ ਨੂੰ ਵਿਗਾੜ ਕੇ ਪਾਸ਼ ਕਰਨ ਦੀ ਕੋਝੀ ਸਾਜਿਸ਼ ਹੈ, ਅਤੇ ਨਾਲ ਹੀ ਇਹ ਸਾਬਤ ਕਰਨ, ਦੀ ਕਿ ਦਸਮ ਪਾਤਿਸ਼ਾਹ ਦੇ ਸਿਧਾਂਤ ਗੁਰੂ ਨਾਨਕ ਪਾਤਿਸ਼ਾਹ ਦੁਆਰਾ ਪਰਗਟ ਕੀਤੇ ਅਤੇ ਬਾਕੀ ਸਤਿਗੁਰਾਂ ਦੁਆਰਾ ਦ੍ਰਿੜ ਕਰਾਏ ਇਲਾਹੀ ਸਿਧਾਂਤਾਂ ਨਾਲੋਂ ਅਲੱਗ ਸਨ।

ਭਾਗ:ਕ

ਕਿਸ ਦਾ ਲਿਖਿਆ ਹੈ ਇਹ ਬਚਿੱਤ੍ਰ ਨਾਟਕ:

ਸਦੀਆਂ ਤੋਂ ਕਵਿਤਾ ਲਿਖਣ ਦਾ ਇਹ ਨੇਮ ਹੈ ਕਿ ਕਵੀ ਆਪਣੀ ਰਚਨਾ ਤੇ ਆਪਣੇ ਨਾਮ ਜਾਂ ਉਪਨਾਮ(ਤਖੱਲਸ) ਦੀ ਛਾਪ ਲਗਾ ਦੇਂਦਾ ਹੈ। ਇਸੇ ਨੇਮ ਅਧੀਨ ਸਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਸਾਰੇ ਗੁਰੂ ਸਾਹਿਬਾਨ ਨੇ 'ਨਾਨਕ' ਛਾਪ ਲਾਈ ਹੈ ਅਤੇ ਭਗਤ ਸਾਹਿਬਾਨ, ਭੱਟ ਸਹਿਬਾਨ ਅਤੇ ਗੁਰਸਿਖਾਂ ਨੇ ਆਪਣੇ ਆਪਣੇ ਸ਼ਬਦਾਂ ਤੇ ਆਪਣੇ ਨਾਮ ਦੀ ਛਾਪ ਲਾਈ ਹੈ।

ਇਸੇ ਤਰ੍ਹਾਂ ਬਚਿੱਤ੍ਰ ਨਾਟਕ ਦੇ ਲਿਖਾਰੀਆਂ ਨੇ ਵੀ ਬਹੁਤੀ ਥਾਈਂ ਆਪਣੇ ਨਾਮ

ਦੀ ਛਾਪ ਲਾਈ ਹੈ। ਹੇਠਾਂ ਕੁਝ ਇਕ ਪ੍ਰਮਾਣ ਦਿਤੇ ਜਾ ਰਹੇ ਹਨ:

ਲਾਗਤ ਸਾਂਗ ਕੇ ਪ੍ਰਾਨ ਤਜੇ ਤਿਹ ਅਉਰ ਹੁਤੋ ਤਿਹ ਕੋ ਅਸਿ ਝਾਰਿਓ।
ਕੋਪ ਅਜੋਧਨ ਮੈ ਖੜਗੇਸ ਕਹੈ ਕਬਿ ਰਾਮ ਮਹਾ ਬਲ ਧਾਰਿਓ।
ਰਾਛਸ ਤੀਸ ਰਹੇ ਤਿਹ ਠਾ ਤਿਹ ਕੋ ਤਬ ਹੀ ਤਿਹ ਠਉਰ ਸੰਘਾਰਿਓ।
ਪ੍ਰਾਨ ਬਿਨਾ ਇਹ ਭਾਤਿ ਪਰਿਓ ਮਘਵਾ ਮਨੋ ਬਜ੍ਰ ਭਏ ਨਗੁ ਮਾਰਿਓ।੧੪੧੨।

(ਬਚਿਤ੍ਰ ਨਾਟਕ ਪੰਨਾ-439)

ਸਾਂਗ ਦੇ ਲਗਦਿਆਂ ਹੀ (ਉਸ ਨੇ) ਪ੍ਰਾਣ ਛਡ ਦਿੱਤੇ ਹਨ ਅਤੇ (ਉਥੇ ਇਕ) ਹੋਰ (ਦੈਂਤ) ਵੀ ਸੀ, ਉਸ ਨੂੰ ਵੀ ਤਲਵਾਰ ਨਾਲ ਝਾੜ ਸੁਟਿਆ ਹੈ। ਕਵੀ ਰਾਮ ਕਹਿੰਦੇ ਹਨ, ਖੜਗ ਸਿੰਘ ਨੇ ਕ੍ਰੋਧ ਕਰ ਕੇ ਯੁੱਧਭੂਮੀ ਵਿਚ (ਆਪਣੇ) ਬਲ ਨੂੰ ਸੰਭਾਲਿਆ ਹੈ ਅਤੇ ਉਸ ਥਾਂ ਉਤੇ ਖੜੋਤੇ ਤੀਹ ਰਾਖਸ਼ਾਂ ਨੂੰ ਉਸੇ ਸਮੇਂ ਉਥੇ ਮਾਰ ਦਿੱਤਾ ਹੈ।(ਉਹ) ਇਸ ਤਰ੍ਹਾਂ (ਡਿਗੇ) ਪਏ ਹਨ ਮਾਨੋ ਇੰਦਰ ਨੇ ਬਜ੍ਰ ਮਾਰ ਕੇ ਪਰਬਤ ਡਿਗਾਏ ਹੋਣ।੧੪੧੨।

ਕਥਾ ਸਤ੍ਰਵੀ ਰਾਮ ਕਬਿ ਉਚਰੀ ਹਿਤ ਚਿਤ ਲਾਇ।
ਬਹੁਰਿ ਕਥਾ ਬੰਧਨ ਨਿਮਿਤ ਮਨ ਮੈ ਕਹਿਯੋ ਉਪਾਇ। ੧।

(ਬਚਿਤ੍ਰ ਨਾਟਕ ਪੰਨਾ-835)

ਕਵੀ ਰਾਮ ਨੇ ਸਤਾਰ੍ਹਵੀਂ ਕਥਾ ਬੜੀ ਰੁਚੀ ਨਾਲ ਉਚਾਰਨ ਕੀਤੀ ਅਤੇ ਫਿਰ ਕਥਾ ਕਰਨ ਲਈ ਮਨ ਵਿਚ ਉਪਾ ਕੀਤਾ।੧।)

ਕ੍ਰਿਸਨ ਨਾਮ ਤਾ ਕੋ ਧਰਿਯੋ ਗਰਗਹਿ ਮਨੈ ਬਿਚਾਰਿ।
ਸਿਆਮ ਪਲੋਟੈ ਪਾਇ ਜਿਹ ਇਹ ਸਮ ਮਨੋ ਮੁਰਾਰਿ। ੯੨।

(ਬਚਿਤ੍ਰ ਨਾਟਕ ਪੰਨਾ-264)

ਗਰਗ ਨੇ ਮਨ ਵਿਚ ਵਿਚਾਰ ਕਰ ਕੇ ਉਸ ਦਾ ਨਾਮ ਕ੍ਰਿਸਨ ਰਖ ਦਿੱਤਾ।

ਸਿਆਮ (ਕਵੀ ਕਹਿੰਦੇ ਹਨ) ਫਿਰ (ਗਰਗ ਬਾਲਕ ਦੇ) ਚਰਨ ਪਰਸਦਾ (ਪਲੋਟੈ) ਹੈ (ਅਤੇ ਕਹਿੰਦਾ ਹੈ) ਇਸ ਨੂੰ ਭਗਵਾਨ ਸਮਾਨ ਸਮਝੋ।੯੨।

ਪ੍ਰਥਮੇ ਤਿਨ ਕੀ ਭੁਜ ਕਾਟਿ ਦਈ ਫਿਰ ਕੈ ਤਿਨ ਕੇ ਸਿਰ ਕਾਟਿ ਦਏ।
ਰਥ ਬਾਜਨ ਸੂਤ ਸਮੇਤ ਸਬੈ ਕਬਿ ਸੱਯਾਮ ਕਹੈ ਰਨ ਬੀਚ ਛਏ।੧੪੦੬।

(ਬਚਿਤ੍ਰ ਨਾਟਕ ਪੰਨਾ-437)

ਪਹਿਲਾਂ ਉਨ੍ਹਾਂ ਦੀਆਂ ਭੁਜਾਵਾਂ ਕਟੀਆਂ ਹਨ ਅਤੇ ਫਿਰ ਉਨ੍ਹਾਂ ਦੇ ਸਿਰ ਕਟ ਦਿੱਤੇ ਹਨ। ਕਵੀ ਸ਼ਿਆਮ ਕਹਿੰਦੇ ਹਨ, ਘੋੜਿਆਂ ਸਮੇਤ ਰਥ ਅਤੇ ਰਥਵਾਨ ਸਾਰੇ ਯੁੱਧ ਵਿਚ ਨਸ਼ਟ ਹੋ ਗਏ ਹਨ।

ਅਛਲ ਛੈਲ ਛੈਲੀ ਛਲੱਯੋ ਇਹ ਚਰਿਤ੍ਰ ਕੇ ਸੰਗ।
ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ। ੫੨। ੧।

(ਬਚਿਤ੍ਰ ਨਾਟਕ ਪੰਨਾ-1128)

ਨ ਛਲੇ ਜਾ ਸਕਣ ਵਾਲੇ ਛੈਲ ਨੂੰ ਇਸਤਰੀ ਨੇ ਇਹ ਚਰਿਤ੍ਰ ਕਰ ਕੇ ਛਲ ਲਿਆ। ਕਵੀ ਕਾਲ ਕਹਿੰਦਾ ਹੈ ਕਿ ਤਦ ਇਹ ਕਥਾ ਪ੍ਰਸੰਗ ਸਮਾਪਤ ਹੋਇਆ।੫੨।

ਪਤਾ ਨਹੀਂ ਇਤਨਾ ਸਪਸ਼ਟ ਹੋਣ ਦੇ ਬਾਵਜੂਦ ਵੀ ਕੁਝ ਵੀਰ ਇਸ ਨੂੰ ਜਬਰਦਸਤੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨਾਲ ਜੋੜਨ ਲਈ ਕਿਉਂ ਬਜਿਦ ਹਨ?

ਅਸੀਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਾਸੇ ਵੀ ਰੱਖ ਦੇਈਏ ਤਾਂ ਵੀ, ਇਸ ਬਾਰੇ ਤਾਂ ਕੋਈ ਸ਼ੱਕ ਨਹੀਂ ਕਿ ਸਾਡੇ ਸਤਿਗੁਰੂ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹਨ। ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੇ ਆਪ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਆਪ ਅੰਤਿਮ ਆਦੇਸ਼ ਦਿੱਤਾ ਹੈ, "ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ"। ਫੇਰ ਕਿਸ ਹੱਕ ਨਾਲ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਇਸ ਦਾ ਪ੍ਰਕਾਸ਼(?) ਕਰਨ ਦਾ ਕੁਕਰਮ ਕੀਤਾ ਜਾ ਰਿਹਾ ਹੈ, ਇਸ ਅੱਗੇ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ, ਅਤੇ ਇਸ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਵਾਕਰ ਅਤੇ ਬਰਾਬਰ ਹੁਕਮਨਾਮੇ ਲਏ ਜਾ ਰਹੇ ਹਨ? ਸਿੱਖ ਕਿਸ ਹੁਕਮਨਾਮੇ ਤੇ ਸ਼ਰਧਾ ਲਿਆਉਣ, ਆਪਣੇ ਸਤਿਗੁਰੂ ਦੇ ਜਾਂ ਇਸ ਕਿਤਾਬ ਦੇ? ਕੀ ਸਤਿਗੁਰੂ ਤੋਂ ਸਿਵਾ ਕਿਸੇ ਹੋਰ ਦਾ ਹੁਕਮਨਾਮਾ ਹੋ ਸਕਦਾ ਹੈ?



ਗੁਰੂ ਗ੍ਰੰਥ ਸਾਹਿਬ ਜੀ ਦਾ ਘੋਰ ਅਪਮਾਨ ਕਰਦੇ ਹੋਏ ਪਟਨਾ ਸਾਹਿਬ ਵਿਖੇ
ਸਤਿਗੁਰੂ ਦੇ ਪ੍ਰਕਾਸ਼ ਦੇ ਬਰਾਬਰ ਡਾਹੀ ਗਈ ਬਚਿੱਤ੍ਰ ਨਾਟਕ ਦੀ ਮੰਜੀ

ਇਹ ਕੌਣ ਲੋਕ ਹਨ ਜੋ ਇਹ ਸਭ ਕਰ ਅਤੇ ਕਰਵਾ ਰਹੇ ਹਨ ਅਤੇ ਕਿਉਂ? ਇਹ ਲੋਕ ਕਿਤਨਾ ਕੁ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਦੇ ਹਨ? ਇਹ ਕਿਉਂ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਦੇ ਆਖਰੀ ਆਦੇਸ਼ ਨੂੰ ਮੰਨਣ ਤੋਂ ਇਨਕਾਰੀ ਹਨ? ਕਿਹੜੀ ਤਾਕਤ ਹੈ, ਇਨ੍ਹਾਂ ਪਿਛੇ? ਬੇਸ਼ਕ ਕਾਫੀ ਭਾਵੁਕ ਕਿਸਮ ਦੇ ਅਗਿਆਨੀ, ਭੁਲੱੜ ਪਿਛਲੱਗ ਕਿਸਮ ਦੇ ਸਿੱਖ ਵੀਰ ਵੀ ਹੋਣਗੇ, ਪਰ ਬਹੁਤੇ ਇਸ ਸੋਚ ਦੇ ਆਗੂਆਂ ਬਾਰੇ ਤਾਂ ਗੱਲ ਤਕਰੀਬਨ ਸਪਸ਼ਟ ਹੀ ਹੈ। ਪਿਛਲੇ ਦਿਨੀ ਕੱਟੜ ਹਿੰਦੂਤਵੀ ਜਥੇਬੰਦੀਆਂ ਦਾ ਇਕ ਪਰਮੁਖ ਆਗੂ ਪੰਜਾਬ ਆਇਆ ਤਾਂ ਉਸਨੇ ਇਸ ਅਖੌਤੀ ਦਸਮ ਗ੍ਰੰਥ ਵਿਚੋਂ ਕੁਝ ਪ੍ਰਮਾਣ ਦੇਕੇ ਸਿੱਖ ਕੌਮ ਬਾਰੇ ਕੁਝ ਭੁਲੇਖੇ ਪਾਉਣੇ ਚਾਹੇ। ਇਕ ਪਤਰਕਾਰ ਨੇ ਉਸ ਨੂੰ ਪੁੱਛਿਆ ਕਿ ਸਿੱਖ ਤਾਂ ਦਸਮ ਗ੍ਰੰਥ ਨੂੰ ਮੰਨਦੇ ਨਹੀਂ, ਤਾਂ ਅਗੋਂ ਉਸ ਜੁਆਬ ਦਿੱਤਾ, " ਵੋਹ ਮਾਨੇ ਯਾ ਨਾ ਮਾਨੇ ਹਮ ਤੋਂ ਮਾਨਤੇ ਹੈਂ।"

• ਖ਼ਾਲਸਾ ਜੀ! ਜਾਗੋ, ਹਮਲਾ ਸਿੱਧਾ ਸਤਿਗੁਰੂ ਤੇ ਹੈ ।

ਗੱਲ ਬੜੀ ਸਪਸ਼ਟ ਹੈ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਪੈਦਾ ਕੀਤਾ ਜਾ ਰਿਹਾ ਹੈ। ਪਹਿਲਾ ਪੜਾਅ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨਾ। ਫਿਰ ਹੌਲੀ-ਹੌਲੀ ਮਨਮਰਜ਼ੀ ਹੋ ਜਾਵੇਗੀ, ਜਿਹੜੇ ਮਰਜ਼ੀ ਇਕ ਗ੍ਰੰਥ ਦਾ ਪ੍ਰਕਾਸ਼ ਕਰ ਲਵੇ, ਕਿਉਂਕਿ ਦੋਨੋ ਬਰਾਬਰ ਜੋ ਸਥਾਪਤ ਹੋ ਜਾਣਗੇ। ਭੋਲੇ-ਭਾਲੇ, ਅਗਿਆਨੀ ਸਿੱਖਾਂ ਨੂੰ ਕੀ ਫਰਕ ਪੈਣਾ ਹੈ? ਉਨ੍ਹਾਂ ਤਾਂ ਚੰਗੇ ਸਜੇ ਹੋਏ, ਕੀਮਤੀ ਰੁਮਾਲਿਆਂ ਨਾਲ ਕੱਜੇ ਹੋਏ ਗ੍ਰੰਥ ਅੱਗੇ ਮੱਥਾ ਹੀ ਟੇਕਣਾ ਹੈ। ਪਰ ਮਾੜੀ ਮੋਟੀ ਸਮਝ ਰਖਣ ਵਾਲਿਆਂ ਵਾਸਤੇ ਤਾਂ ਸਿਧਾਂਤਕ ਭਰਮ ਭੁਲੇਖੇ, ਇਥੇ ਹੀ ਵੱਡੇ ਪੱਧਰ ਤੇ ਖੜੇ ਹੋ ਜਾਣਗੇ। ਸਿੱਖ ਉਸੇ ਦੁਬਿਧਾ ਵਿਚ ਫਸ ਜਾਣਗੇ ਜਿਸ ਵਿਚੋਂ ਸਤਿਗੁਰੂ ਨੇ ਸਾਨੂੰ ਸਦੀਆਂ ਦਾ ਸਮਾਂ ਲਾਕੇ ਕੱਢਿਆ ਹੈ। ਹੌਲੀ ਹੌਲੀ ਗੁਰੂ ਗ੍ਰੰਥ ਸਾਹਿਬ ਨੂੰ ਪਾਸੇ ਕਰ ਦਿਤਾ ਜਾਵੇਗਾ। ਇਕੋ ਗ੍ਰੰਥ ਰਹਿ ਜਾਵੇਗਾ, ਫੇਰ ਉਸ ਨੂੰ ਜੋ ਮਰਜ਼ੀ ਨਾਂਅ ਦੇ ਦਿੱਤਾ ਜਾਵੇ। ਕਿਉਂਕਿ, ਜੋ ਗੁਰੂ ਗ੍ਰੰਥ ਸਾਹਿਬ ਨੂੰ ਬੇਦਾਵਾ ਦੇਈ ਬੈਠੇ ਹਨ, ਉਨ੍ਹਾਂ ਬਚਿਤ੍ਰ ਨਾਟਕ ਨੂੰ ਵੀ ਤਾਂ ਹੁਣ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ" ਹੀ ਬਣਾ ਦਿਤਾ ਹੈ।

ਖ਼ਾਲਸਾ ਜੀ! ਜੇ ਹੁਣ ਵੀ ਅਵੇਸਲੇ ਰਹੇ ਤਾਂ ਬਹੁਤ ਦੇਰ ਹੋ ਜਾਵੇਗੀ।

• ਸਾਵਧਾਨ ਰਹੋ! ਕਿ ਤੁਹਾਡੇ ਨੇੜੇ ਤਾਂ ਕੋਈ ਇਸ ਸਾਕਤੀ ਕਿਤਾਬ ਦੀ ਮੰਜੀ, ਸਾਡੇ ਸਤਿਗੁਰੂ ਜੀ ਦੇ ਬਰਾਬਰ ਲੁਆਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਜੇ ਕੋਈ ਐਸੀ ਕੋਝੀ ਕੋਸ਼ਿਸ਼ ਕਰੇ ਤਾਂ ਉਸ ਨੂੰ ਹਰ ਕੀਮਤ ਤੇ ਰੋਕਿਆ ਜਾਵੇ, ਭਾਵੇਂ ਸਤਿਗੁਰੂ ਵਾਸਤੇ ਆਪਣੀ ਜਾਨ ਵੀ ਕਿਉਂ ਨਾ ਵਾਰਨੀ ਪਵੇ।

• ਜਿਨ੍ਹਾਂ ਸਥਾਨਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਇਸ ਸਾਕਤੀ ਕਿਤਾਬ ਨੂੰ ਸਥਾਪਤ ਕਰਕੇ ਸਤਿਗੁਰੂ ਜੀ ਦਾ ਘੋਰ ਅਪਮਾਨ ਕੀਤਾ ਜਾ ਰਿਹਾ ਹੈ, ਜਿਨਾਂ ਚਿਰ ਉਥੋਂ ਇਸ ਸਾਕਤੀ ਪੁਸਤਕ ਨੂੰ ਚੁੱਕਿਆ ਨਹੀਂ ਜਾਂਦਾ, ਉਨ੍ਹਾਂ ਸਥਾਨਾਂ ਤੇ ਜਾਣ ਅਤੇ ਮੱਥਾ ਟੇਕਣ ਤੋਂ ਗੁਰੇਜ ਕੀਤਾ ਜਾਵੇ।

• ਰਾਗੀ ਸਿੰਘਾਂ ਨੂੰ ਨਿਰੋਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ ਹੀ ਕੀਰਤਨ ਕਰਨ ਲਈ ਕਹੋ। ਹਾਂ ਪ੍ਰਮਾਣ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਲਿਖਤਾਂ ਚੋਂ ਦਿੱਤੇ ਜਾ ਸਕਦੇ ਹਨ।

ਅਸੀਂ ਬੇਨਤੀ ਕਰਦੇ ਹਾਂ ਕਿ ਆਪ ਖੁਦ ਇਸ ਬਚਿੱਤ੍ਰ ਨਾਟਕ ਨੂੰ ਪੜ੍ਹੋ ਅਤੇ ਨਿਰਣਾ ਕਰੋ ਕਿ ਕੀ ਇਹ ਦਸ਼ਮੇਸ਼ ਪਿਤਾ ਜੀ ਦੀ ਰਚਨਾ ਹੋ ਸਕਦੀ ਹੈ? ਪਰ, ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਚਾਰ ਕਰਕੇ ਪੜ੍ਹਿਆ ਹੋਣਾ ਜਰੂਰੀ ਹੈ, ਤਾਂਹੀ ਨਿਰਣਾ ਕਰ ਪਾਓਗੇ ਕਿ ਸਾਨੂੰ ਇਲਾਹੀ ਗੁਰਬਾਣੀ ਨਾਲੋਂ ਤੋੜ ਕੇ ਕਿਨ੍ਹਾਂ ਅਸ਼ਲੀਲ ਅਤੇ ਗੈਰ ਸਿਧਾਂਤਕ ਕਵਿਤਾਵਾਂ ਨਾਲ ਜੋੜਨ ਦੀ ਕੋਸ਼ਿਸ਼ ਹੋ ਰਹੀ ਹੈ।

• ਖ਼ਾਲਸਾ ਜੀ ! ਆਓ ਰੱਲ ਕੇ ਹਮਲਾ ਮਾਰੀਏ ਅਤੇ ਆਪਣੇ ਸਤਿਗੁਰੂ ਦੀ ਅਜ਼ਮਤ ਨੂੰ ਬਚਾਈਏ।

ਹੋਰ ਵਧੇਰੇ ਜਾਣਕਾਰੀ ਲਈ ਪੜ੍ਹੋ: (1) 'ਦਸਮ ਗ੍ਰੰਥ ਨਿਰਣੈ' ਲੇਖਕ ਗਿਆਨੀ ਭਾਗ ਸਿੰਘ (2) 'ਦਸਮ ਗ੍ਰੰਥ ਦਾ ਲਿਖਾਰੀ ਕੌਣ?' ਭਾਗ ਪਹਿਲਾ ਤੇ ਦੂਜਾ, ਲੇਖਕ ਜਸਬਿੰਦਰ ਸਿੰਘ ਖਾਲਸਾ (ਦੁੱਬਈ); (3) 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਆਧਾਰ ਤੇ ਦਸਮ ਗ੍ਰੰਥ ਦੀ ਵਿਚਾਰ,' ਲੇਖਕ ਡਾ. ਗੁਰਮੁਖ ਸਿੰਘ, ਦਿੱਲੀ; (4) 'ਦਸਮ ਗ੍ਰੰਥ ਦੀ ਅਸਲੀਯਤ,' ਲੇਖਕ ਦਲਬੀਰ ਸਿੰਘ, ਦਿੱਲੀ ਅਤੇ ਦੇਖੋ:

www.sikhmarg.com; www.singhsabhacanada.com}

ਇਸ ਕਿਤਾਬ ਵਿਚੋਂ.........

★ ਜੇ ਪੰਜਾਂ ਤਖਤਾਂ ਦੇ ਜਥੇਦਾਰ ਹੀ ਪੰਥਕ ਫੈਸਲੇ ਕਰਨ ਲਈ ਪੰਜ ਪਿਆਰੇ ਹਨ, ਤਾਂ ਉਦੋਂ ਕੀ ਹੁੰਦਾ ਹੋਵੇਗਾ ਜਦੋਂ ਤਖ਼ਤ ਹੀ ਚਾਰ ਸਨ ?

★ ਅੱਜ ਜਦੋਂ ਇਨ੍ਹਾਂ ਅਖੌਤੀ ਧਾਰਮਿਕ ਅਤੇ ਰਾਜਨੀਤਿਕ ਲੋਕਾਂ ਦਾ ਅਪਵਿੱਤਰ, ਸਾਜ਼ਸ਼ੀ ਗੱਠਜੋੜ ਸਿਧਾਂਤਕ ਤੌਰ ਤੇ ਅਕਾਲ ਤਖ਼ਤ ਸਾਹਿਬ ਨੂੰ ਤਬਾਹ ਕਰ ਰਿਹਾ ਹੈ, ਤਾਂ ਨਾ ਕਿਸੇ ਸਿੱਖ ਦੀ ਅੱਖ ਚੋਂ ਕੋਈ ਹੰਝੂ ਕਿਰਦਾ ਹੈ, ਨਾ ਆਹ ਨਿਕਲਦੀ ਹੈ।

★ ਅਸਲ ਵਿੱਚ ਸਾਡੀਆਂ ਦੁਬਿਧਾਵਾਂ, ਭੁਲੇਖਿਆਂ, ਭਟਕਣਾ ਦਾ ਮੂਲ ਕਾਰਨ ਹੀ ਇਹ ਹੈ ਕਿ ਅਸੀਂ ਸ਼ਬਦ ਦੀ ਵਿਚਾਰ ਛੱਡ ਕੇ ਕੇਵਲ ਗੁਰਬਾਣੀ ਰਟਨ ਤੱਕ ਸੀਮਿਤ ਹੋ ਗਏ ਹਾਂ।

★ ਵਾਹ ! ਅਗਿਆਤ ਲਿਖਾਰੀ ਨੇ ਕਿਆ ਸੁੰਦਰ ਅਤੇ ਭਾਵਨਾ ਭਰਪੂਰ ਸ਼ਬਦਾਂ ਨਾਲ ਦਰਬਾਰ ਸਾਹਿਬ ਨੂੰ ਵਿਸ਼ਨੂੰ ਦਾ ਮੰਦਰ ਬਣਾ ਦਿੱਤਾ ਹੈ।

★ ਕਸਰਤ ਦੇ ਨਾਂ ਤੇ ਭੁਲੇਖਾ ਖਾ ਕੇ, ਕਿਤੇ ਗੁਰਮਤਿ ਤੋਂ ਹੀ ਦੂਰ ਨਾ ਹੋ ਜਾਈਏ।


★ ਇਹ ਡੇਰੇ ਨਾਨ ਯਾ ਟਿਕਾਣੇ ਗੁਰਦੁਆਰਿਆਂ ਦੇ ਪੂਰਕ ਨਹੀਂ, ਬਲਕਿ ਸ਼ਰੀਕ ਹਨ।

★ ਹੁਣ ਹਮਲਾ ਵਧੇਰੇ ਖਤਰਨਾਕ ਹੈ। ਇਹ ਹਮਲਾ ਹੈ ਦਰਬਾਰ ਸਾਹਿਬ ਦੀ ਅਹਿਮੀਅਤ ਘਟਾਉਣ ਦਾ।

★ ਇਸ ਵਿਚ ਕੀ ਹੈ, ਕਿਸ ਦਾ ਲਿਖਿਆ ਹੈ ਇਹ ਬਚਿਤ੍ਰ ਨਾਟਕ, ਕਦੋਂ ਲਿਖਿਆ ਗਿਆ?

★ ਸਿੱਖ ਕਿਸ ਹੁਕਮਨਾਮੇ ਤੇ ਸ਼ਰਧਾ ਲਿਆਉਣ, ਆਪਣੇ ਸਤਿਗੁਰੂ ਦੇ ਜਾਂ ਇਸ ਕਿਤਾਬ ਦੇ? ਕੀ ਸਤਿਗੁਰੂ ਤੋਂ ਸਿਵਾ ਕਿਸੇ ਹੋਰ ਦਾ ਹੁਕਮਨਾਮਾ ਹੋ ਸਕਦਾ ਹੈ?

ਬਚਿੱਤ੍ਰ ਨਾਟਕ ਦੇ ਲਿਖਾਰੀ ਦਾ ਇਸ਼ਟ



★ ਸਪਸ਼ਟ ਹੈ ਕਿ ਬਚਿਤ੍ਰ ਨਾਟਕ ਦੇ ਲਿਖਾਰੀ ਦਾ ਇਸ਼ਟ, ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਦੇ ਗੁਣਾਂ ਵਾਲਾ ਵਾਹਿਗੁਰੂ ਨਹੀਂ ਅਤੇ ਇਸ ਪੁਸਤਕ ਦੇ ਵਿਸ਼ਾ-ਵਸਤੂ ਦਾ ਆਧਾਰ ਵੀ ਮੂਲ-ਮੰਤਰ ਨਹੀਂ।

ਖ਼ਾਲਸਾ ਵਿਰਾਸਤ ਪਬਲੀਕੇਸ਼ਨਜ਼,
ਚੰਡੀਗੜ੍ਹ।

ਰਾਜਿੰਦਰ ਸਿੰਘ (ਮੁਖ ਸੇਵਾਦਾਰ, ਸ਼੍ਰੋਮਣੀ ਖਾਲਸਾ ਪੰਚਾਇਤ)
ਮੋਬਾਇਲ: +91 9876104726
ਈ. ਮੇਲ: rajindersinghskp@yahoo.co.in
rajindersinghskp@gmail.com

ਮੁੰਡ ਕੀ ਮਾਲ ਦਿਸਾਨ ਕੇ ਅੰਬਰ ਬਾਮ ਕਰਿਯੋ ਗਲ ਮੈ ਅਸਿ ਭਾਰੋ।
ਲੋਚਨ ਲਾਲ ਕਰਾਲ ਦਿਪੈ ਦੋਊਭਾਲ ਬਿਰਾਜਤ ਹੈ ਅਨਿਯਾਰੋ।
ਛੂਟੇ ਹੈ ਬਾਲ ਮਹਾ ਬਿਕਰਾਲ ਬਿਸਾਲ ਲਸੈ ਰਦ ਪੰਤਿ ਉਜੀਯਾਰੋ।

₹ 110/-